10

Punjab Vidhan Sabha Debates

18th March, 1983

Vol. VI--No. 10

OFFICIAL REPORT

CONTENTS

Friday, the 18th March, 1983

	Page
Starred Questions and Answers ..	(10)1
Unstarred Questions and Answers ..	(10)32
Announcement by the Speaker *re.* Governor's Address ..	(10)33
Walk out ..	(10)34
Call Attention Notice under Rule 66 ..	(10)35
Presentation of Third Report of the Business Advisory Committee ..	(10)36
Presentation of Report of the Committee on Papers laid/to be laid ..	(10)37
Statement by the Chief Minister *re.* Encounter between the Police and Extremists near Amritsar on the 16th March, 1983 ..	(10)37

Punjab Vidhan Sabha Secretariat, Chandigarh.

Plice. Rs. 58-30

		Page
General Discussion on the Budget Estimates for the year 1983-84 (*Resumption*)	..	(10)39
Extension of time of the sitting	..	(10)79
General Discussion on the Budget Estimates for the year 1983-84 (*Resumption*)	..	(10)79
Extension of time of the sitting	..	(10)8[illegible]
General Discussion on the Budget Estimates for the year 1983-84 (*Resumption*)	..	(10)85
Extension of time of the sitting	..	(10)37
General Discussion on the Budget Estimates for the year 1983-84 (*Resumption*)	..	(10)87

PUNJAB VIDHAN SABHA

Friday, the 18th March, 1983

The Vidhan Sabha met in the Punjab Vidhan Sabha Hall, Vidhan Bhavan, Chandiagarh, at 9.00 A.M. of the Clock. Mr. Speaker (Shri Brij Bhushan Mehra) in the Chair.

STARRED QUESTIONS AND ANSWERS

Housing Colonies for Harijans Labourers at Nangal

***1886. Shri Ram Parkash Bali :** Will the Minister of State for Housing be pleased to state whether there is any proposal under the consideration of Government to provide Housing Colonies for Harijan Labourers/Workers at Nangal Township and Naya Nangal, if so, the time by which the same is likely to materialise.

Sardarni Rajinder Kaur Bhathal : No Sir. No such proposal is under consideration of the Department. As such the reply to the remaining part of this question is not required.

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਮੰਤਰੀ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਦੂਸਰੇ ਸ਼ਹਿਰਾਂ ਵਿਚ ਲੇਬਰ ਕਾਲੋਨੀਜ਼ ਸਰਕਾਰ ਬਣਾ ਕੇ ਦੇ ਰਹੀ ਹੈ, ਉਥੇ ਨੰਗਲ ਵਿਖੇ ਜਿਥੇ ਕਿ ਬਹੁਤ ਸਾਰੇ ਹਰੀਜਨ ਔਰ ਫੈਕਟਰੀ ਵਿਚ ਕੰਮ ਕਰਨ ਵਾਲੇ ਲੇਬਰ ਦੇ ਬੰਦੇ ਰਹਿੰਦੇ ਹਨ, ਉਥੇ ਕਿਉਂ ਨਹੀਂ ਇਹ ਕਾਲੋਨੀ ਬਣ ਸਕਦੀ ? ਕੀ ਸਰਕਾਰ ਉਥੇ ਵੀ ਕੋਈ ਲੇਬਰ ਕਾਲੋਨੀਜ਼ ਬਣਾਉਣ ਤੇ ਵਿਚਾਰ ਕਰ ਸਕਦੀ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦਸਣਾ ਚਾਹੁੰਦੀ ਹਾਂ ਕਿ ਹਾਉਸਿੰਗ ਬੋਰਡ ਕੋਈ ਵੀ ਲੇਬਰ ਕਾਲੋਨੀ ਆਪੇ ਨਹੀਂ ਬਣਾਉਂਦਾ, ਜਦੋਂ ਲੇਬਰ ਕਾਲੋਨੀ ਵਾਸਤੇ ਲੇਬਰ ਡਿਪਾਰਟਮੈਂਟ ਵਲੋਂ ਕੋਈ ਸਿਫਾਰਸ਼ ਆਉਂਦੀ ਹੈ ਤਾਂ ਉਸ ਵੇਲੇ ਹਾਉਸਿੰਗ ਬੋਰਡ ਕਾਲੋਨੀ ਬਣਾਉਣ ਲਈ ਕਨਸਟਰਕਸ਼ਨ ਕਰਦਾ ਹੈ । ਇਸ ਲਈ ਹਾਲੇ ਕੋਈ ਸਿਫਾਰਸ਼ ਇਸ ਸਬੰਧ ਵਿਚ ਲੇਬਰ ਡਿਪਾਰਟਮੈਂਟ ਵਲੋਂ ਨਹੀਂ ਆਈ ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਅਗਰ ਲੇਬਰ ਡਿਪਾਰਟਮੈਂਟ ਇਨ੍ਹਾਂ ਨੂੰ ਕੋਈ ਰਿਕੁਮੈਂਡੇਸ਼ਨ ਕਰਕੇ ਇਸ ਸਾਲ ਭੇਜ ਦੇਵੇ ਤਾਂ ਕੀ ਇਹ ਇਸ ਤੇ ਵਿਚਾਰ ਕਰਕੇ ਜਲਦੀ ਹੀ ਕਾਲੋਨੀ ਬਣਾ ਦੇਣਗੇ ?

ਰਾਜ ਮੰਤਰੀ : ਪਹਿਲੇ ਉਹ ਭੇਜਣ ਤਾਂ ਉਸ ਤੋਂ ਬਾਅਦ ਐਗਜ਼ਾਮਿਨ ਕਰ ਲਵਾਂਗੇ ।

ਕਾਮਰੇਡ ਸਰਵਣ ਸਿੰਘ ਧਰਮਕੋਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਹਿਲੇ ਜਿਹੜੀਆਂ ਲੇਬਰ ਕਾਲੋਨੀਜ਼ ਬਣੀਆਂ ਹਨ ਉਨ੍ਹਾਂ ਦਾ ਡਿਜ਼ਾਈਨ ਇਤਨਾ ਗਲਤ ਹੈ ਕਿ ਨਾ ਉਥੋਂ ਮੰਜੀ ਲੰਘ ਸਕਦੀ ਹੈ ਅਤੇ ਨਾ ਹੀ ਡੰਗਰ ਲੰਘ ਸਕਦੇ ਹਨ, ਕੀ ਉਸ ਡਿਜ਼ਾਈਨ ਨੂੰ ਇਹ ਬਦਲਣ ਲਈ ਤਿਆਰ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਪਹਿਲੇ ਜਿਹੜਾ ਇਨ੍ਹਾਂ ਕਾਲੋਨੀਜ਼ ਦਾ ਡਿਜ਼ਾਈਨ ਸੀ, ਜਿਸ ਵਿਚੋਂ ਡੰਗਰ ਵੀ ਨਹੀਂ ਲੰਘਦਾ ਸੀ ਔਰ ਮੰਜਾ ਵੀ ਨਹੀਂ ਸੀ ਲੰਘ ਸਕਦਾ ਉਸ ਨੂੰ ਅਸੀਂ ਪਹਿਲੇ ਹੀ ਬਦਲ ਦਿੱਤਾ ਹੈ । ਜਿਹੜਾ ਹੁਣ ਡਿਜ਼ਾਈਨ ਬਣਾਇਆ ਹੈ ਉਸ ਬਾਰੇ ਹਾਲੇ ਤਕ ਕੋਈ ਕੰਪਲੇਂਟ ਨਹੀਂ ਆਈ। ਜੇਕਰ ਕੋਈ ਕੰਪਲੇਂਟ ਆਈ ਤਾਂ ਫਿਰ ਸੋਚਿਆ ਜਾ ਸਕਦਾ ਹੈ । ਵੈਸੇ ਇਹ ਕਲੋ-ਨੀਆਂ ਬੰਦਿਆਂ ਲਈ ਬਣੀਆਂ ਹਨ ਡੰਗਰਾਂ ਲਈ ਨਹੀਂ ।

ਕਾਮਰੇਡ ਸੋਹਣ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਹੋਰਨਾਂ ਥਾਵਾਂ ਤੇ ਲੇਬਰ ਕਾਲੋਨੀਜ਼ ਬਣ ਰਹੀਆਂ ਹਨ, ਕੀ ਇਸੇ ਤਰ੍ਹਾਂ ਵੇਰਕਾ ਵਿਚ ਵੀ ਜਿਥੇ ਕਿ ਮਜ਼ਦੂਰਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਉਥੇ ਵੀ ਕੋਈ ਕਾਲੋਨੀ ਉਨ੍ਹਾਂ ਵਾਸਤੇ ਬਣਾਉਣ ਨੂੰ ਤਿਆਰ ਹਨ ਤਾਕਿ ਉਨ੍ਹਾਂ ਨੂੰ ਕੋਈ ਤਕਲੀਫ ਨਾ ਹੋਵੇ ?

ਸ਼੍ਰੀ ਸਪੀਕਰ : ਮੰਤਰੀ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਹਾਊਸਿੰਗ ਬੋਰਡ ਕਾਲੋਨੀਜ਼ ਨਹੀਂ ਬਣਾਉਂਦਾ ਬਲਕਿ ਲੇਬਰ ਡਿਪਾਰਟਮੈਂਟ ਪਹਿਲੇ ਇਸ ਦੀ ਸਿਫਾਰਸ਼ ਕਰਦਾ ਹੈ। ਤੁਹਾਡਾ ਇਹ ਕੁਐਸਚਨ ਵੈਸੇ ਵੀ ਰਿਲੇਟ ਨਹੀਂ ਕਰਦਾ।

ਕਾਮਰੇਡ ਬੂਟਾ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮਾਨਸਾ ਵਿਚ ਨਹਿਰੀ ਕਾਮਿਆਂ ਵਾਸਤੇ ਇਕ ਕਾਲੋਨੀ ਬਣਾਉਣ ਦੀ ਸਕੀਮ ਬਣੀ ਸੀ ਪਰ ਹਾਲੇ ਤਕ ਉਹ ਸਕੀਮ ਸਿਰੇ ਨਹੀਂ ਚੜ੍ਹੀ। ਹੁਣ ਉਸ ਸਕੀਮ ਦੀ ਕੀ ਪੁਜ਼ੀਸ਼ਨ ਹੈ ?

ਰਾਜ ਮੰਤਰੀ : ਮੈਨੂੰ ਖਾਸ ਮਾਨਸਾ ਦੇ ਬਾਰੇ ਪੂਰਾ ਪਤਾ ਨਹੀਂ ਹੈ, ਪਰ ਜੋ ਲੇਬਰ ਡਿਪਾਰਟ-ਮੈਂਟ ਵਲੋਂ ਰਿਪੋਰਟ ਆਈ ਸੀ, ਉਸ ਨੂੰ ਐਗਜ਼ਾਮਿਨ ਕੀਤਾ ਜਾ ਰਿਹਾ ਹੈ ਅਤੇ ਇਸ ਤੋਂ ਬਾਅਦ ਵੇਖਾਂਗੇ।

ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਲੇਬਰ ਕਾਲੋਨੀਜ਼ ਬਣਾਈਆਂ ਜਾ ਰਹੀਆਂ ਹਨ, ਇਨ੍ਹਾਂ ਵਿਚ ਐਨਵਾਇਰਨਮੈਂਟਲ ਔਰ ਰੂਰਲ ਡਿਵੈੱਲਪਮੈਂਟ ਸਕੀਮਾਂ ਅਧੀਨ ਜਿਹੜੀਆਂ ਗਲੀਆਂ ਨਾਲੀਆਂ ਬਣਨੀਆਂ ਹਨ, ਕੀ ਉਹ ਵੀ ਬਣਾਉਣ ਦਾ ਪ੍ਰਬੰਧ ਕਰਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਸਵਾਲ ਕੀਤਾ ਹੈ, ਇਸ ਸਬੰਧ ਵਿਚ ਮੈਂ ਦਸਣਾ ਚਾਹੁੰਦੀ ਹਾਂ ਕਿ ਬੜੀ ਖੁਸ਼ੀ ਦੀ ਗਲ ਹੈ ਕਿ ਇਸ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਮਜ਼ਦੂਰਾਂ ਔਰ ਬੇਘਰਾਂ ਵਾਸਤੇ ਇਨ੍ਹਾਂ ਸਕੀਮ ਅਧੀਨ 75% ਲੋਕਾਂ ਨੂੰ ਸਬਸਿਡੀ ਦਿਤੀ ਹੈ ਤਾਕਿ ਲੋਕਾਂ ਨੂੰ ਗਲੀਆਂ ਔਰ ਨਾਲੀਆਂ ਵੀ ਮੁਹੱਈਆ ਹੋ ਸਕਣ ਔਰ ਉਨ੍ਹਾਂ ਦੇ ਘਰ ਵੀ ਚਗੇ ਬਣ ਸਕਣ ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1979

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁਟ ਨਹੀਂ ਕੀਤਾ ਗਿਆ।)

Setting of more Units in the Guru Nanak Dev Thermal Plant, Bhatinda

***1918. Shri Surinder Kapur** : Will the Chief Minister be pleased to state whether the Government proposes to set-up two more new units in the Guru Nanak Dev Thermal Plant, Bhatinda, if so, when ?

Sardar Darbara Singh ; Yes, Sir, the Government proposes to set up two more units of 210 MW each at the Guru Nanak Dev Thermal Plant, Bhatinda, at an estimated cost of Rs. 324 Crores. The Project Report has been submitted to the Central Electrical Authority. After the Project is cleared by the Government of India, time schedule for its execution will be drawn up.

ਸ਼੍ਰੀ ਸੁਰਿੰਦਰ ਕਪੂਰ : ਸਪੀਕਰ ਸਾਹਿਬ, 4 ਯੂਨਿਟ ਤਾਂ ਉਥੇ ਪਹਿਲੇ ਹੀ ਲਗੇ ਹੋਏ ਹਨ, ਜਿਨ੍ਹਾਂ ਦੀ ਰਾਖ ਸਾਰੇ ਸ਼ਹਿਰ ਵਿਚ ਪੈਂਦੀ ਹੈ ਅਤੇ ਹੁਣ ਦੋ ਹੋਰ ਯੂਨਿਟ ਲਗ ਰਹੇ ਹਨ । ਕੀ ਚੀਫ਼ ਮਨਿਸਟਰ ਸਾਹਿਬ ਇਸ ਰਾਖ ਨੂੰ ਸ਼ਹਿਰ ਵਿਚ ਫੈਲਣ ਤੋਂ ਰੋਕਣ ਲਈ ਕੋਈ ਅਜਿਹੇ ਯੰਤਰਾਂ ਦਾ ਪ੍ਰਬੰਧ ਕਰਨਗੇ ਤਾਕਿ ਸ਼ਹਿਰ ਨੂੰ ਰਾਖ ਤੋਂ ਬਚਾਇਆ ਜਾ ਸਕੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਵਾਸਤੇ ਬਿਜਲੀ ਬੋਰਡ ਨੇ ਭਾਰਤ ਹੈਵੀ ਇਲੈਕਟ੍ਰੀਕਲ ਅਥਾਰਿਟੀ ਨੂੰ 3 ਕਰੋੜ ਰੁਪਏ ਦੀ ਉਥੇ ਮਸ਼ੀਨ ਲਾਉਣ ਵਾਸਤੇ ਆਰਡਰ ਦਿੱਤੇ ਹੋਏ ਹਨ ਤਾਕਿ ਸ਼ਹਿਰ ਨੂੰ ਇਸ ਪੋਲਿਊਸ਼ਨ ਤੋਂ ਬਚਾਇਆ ਜਾ ਸਕੇ ।

ਸ਼੍ਰੀ ਸੁਰਿੰਦਰ ਕਪੂਰ : ਸਪੀਕਰ ਸਾਹਿਬ, ਮੈਨੂੰ ਪਤਾ ਲਗਾ ਹੈ ਕਿ 3 ਕਰੋੜ ਰੁਪਏ ਦਾ ਜਿਹੜਾ ਇਹ ਆਰਡਰ ਦਿਤਾ ਹੈ, ਇਸ ਨਾਲ ਸਿਰਫ਼ ਇਕ ਯੂਨਿਟ ਤੇ ਇਹ ਯੰਤਰ ਲਗਣਾ ਹੈ ਕਿਉਂਕਿ ਇਨ੍ਹਾਂ ਨੇ ਹਾਲੇ ਸਿਰਫ਼ 30 ਲੱਖ ਰੁਪਏ ਦਾ ਐਡਵਾਂਸ ਇਸ ਵਾਸਤੇ ਦਿੱਤਾ ਹੈ । ਚਾਰ ਯੂਨਿਟ ਹਨ ਔਰ ਦੋ ਹੋਰ ਲਗਣੇ ਹਨ, ਕੀ ਇਸ ਵਾਸਤੇ ਸ਼ਹਿਰ ਨੂੰ ਰਾਖ ਤੋਂ ਬਚਾਉਣ ਵਾਸਤੇ ਭਾਰਤ ਹੈਵੀ ਇਲੈਕਟ੍ਰੀ- ਕਲ ਅਥਾਰਿਟੀ ਨੂੰ ਹੋਰ ਆਰਡਰ ਪਹਿਲੇ ਹੀ ਪਲੇਸ ਕਰ ਦੇਣਗੇ ਤਾਕਿ ਲੋਕਾਂ ਨੂੰ ਤਕਲੀਫ਼ ਨਾ ਹੋਵੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਸ ਵੇਲੇ ਅਸੀਂ ਆਰਡਰ ਕੀਤਾ ਹੈ, ਇਸ ਚੀਜ਼ ਨੂੰ ਮੁੱਖ ਰਖ ਕੇ ਹੀ ਆਰਡਰ ਕੀਤਾ ਹੈ ਕਿ ਲੋਕਾਂ ਨੂੰ ਪੋਲਿਊਸ਼ਨ ਦੀ ਕੋਈ ਤਕਲੀਫ਼ ਨਾ ਹੋਵੇ ।

ਕਾਮਰੇਡ ਬਲਦੇਵ ਸਿੰਘ ਲੂੰਬਾ : ਮੈਂ ਮੁੱਖ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਦੀ ਪਹਿਲੇ ਇਹ ਕੋਸ਼ਿਸ਼ ਸੀ ਕਿ ਇਥੇ ਪਰਮਾਣੂ ਬਿਜਲੀ ਘਰ ਪੰਜਾਬ ਵਿਚ ਲਗ ਜਾਵੇ । ਇਸ ਵਾਸਤੇ ਪਹਿਲੇ ਕੋਈ ਕਮੇਟੀ ਵੀ ਸਾਈਟ ਸਿਲੈਕਟ ਕਰਨ ਵਾਸਤੇ ਆਈ ਸੀ, ਇਹ ਅਖਬਾਰਾਂ ਵਿਚ ਆਇਆ ਸੀ । ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਹੁਣ ਇਸ ਦੀ ਕੀ ਪੁਜ਼ੀਸ਼ਨ ਹੈ ਔਰ ਇਹ ਕਦੋਂ ਤਕ ਲਗ ਜਾਵੇਗਾ ?

ਮੁੱਖ ਮੰਤਰੀ : ਇਸ ਸਬੰਧ ਵਿਚ ਸਾਡੀ ਸਰਕਾਰ ਨੇ ਲਿਖਤੀ ਰੂਪ ਵਿਚ ਵੀ ਅਤੇ ਜ਼ਬਾਨੀ ਵੀ ਹਿੰਦ ਸਰਕਾਰ ਨਾਲ ਗਲਬਾਤ ਕੀਤੀ ਸੀ ਤਾਕਿ ਇਹ ਜਲਦੀ ਹੀ ਪੰਜਾਬ ਵਿਚ ਲਗ ਜਾਵੇ । ਪ੍ਰੰਤੂ ਉਨ੍ਹਾਂ ਨੇ ਇਸ ਗਲ ਤੋਂ ਇਨਕਾਰ ਕੀਤਾ ਸੀ ਕਿ ਹਾਲੇ ਕੁਝ ਸਾਲ ਇਹ ਨਹੀਂ ਲਗ ਸਕਦਾ ਕਿਉਂ- ਕਿ ਕੋਲੇ ਦੀ ਕੁਝ ਦਿਕਤ ਹੈ ਔਰ ਇਸ ਵਾਸਤੇ ਸਾਰੇ ਹਿੰਦੁਸਤਾਨ ਦੀ ਪੁਜ਼ੀਸ਼ਨ ਨੂੰ ਮੁੱਖ ਰਖ ਕੇ ਹੀ ਪੰਜਾਬ ਦੀ ਮੱਦਦ ਕੀਤੀ ਜਾ ਸਕਦੀ ਹੈ । ਫਿਰ ਜਦੋਂ ਅਸੀਂ ਐਪਰੋਚ ਕੀਤਾ ਤਾਂ ਇਹ ਕਿਹਾ ਗਿਆ ਕਿ ਇਹ ਪਲਾਂਟ 1990 ਦੇ ਕਰੀਬ ਲਗ ਸਕਦਾ ਹੈ । ਇਸ ਤੋਂ ਬਾਅਦ ਅਸੀਂ ਪ੍ਰਾਈਮ ਮਨਿਸਟਰ ਨੂੰ ਮਿਲੇ ਸੀ ਔਰ ਉਨ੍ਹਾਂ ਨੇ ਪਲਾਨਿੰਗ ਕਮਿਸ਼ਨ ਦੇ ਸਾਹਮਣੇ ਇਹ ਤਜਵੀਜ਼ ਰਖੀ ਸੀ ਕਿ ਇਸ ਨੂੰ ਐਡਵਾਂਸ ਕੀਤਾ ਜਾਵੇ ਔਰ ਕੋਲੇ ਦਾ ਵੀ ਪ੍ਰਬੰਧ ਕੀਤਾ ਜਾਵੇ ਤਾਕਿ ਜਲਦੀ ਇਸ ਦਾ ਫੈਸਲਾ ਹੋ ਸਕੇ ।

Cases of Dacoities, Thefts and Waylaying in the State

***1911. Comrade Sarwan Singh Cheema :** Will the Chief Minister be pleased to state—

(a) The number of cases of dacoities, thefts and waylaying which occurred in the State during the year 1982-83 (to-date).

(b) The number of cases out of those referred to in part (a) above in which culprits have since been arrested together with the value of goods recovered from them.

(c) the number of cases out of those referred to in part (a) above in which the culprits are still at large and the reasons for not apprehending them.

Sardar Darbara Singh : (a) (i) During the year 1982, 1 case of docoity, 1988 cases of thefts and 24 cases of robberies were reported.

(ii) During the year 1983 upto 28th February, 1983 no dacoity, 293 thefts and 3 cases of robberies were reported.

(b) (i) Out of the cases mentioned at a (i) above, 1 case of dacoity, 1308 cases of thefts and 20 cases of robberies were traced and in all property worth Rs. 1,96,65,601 was recovered.

(ii) Out of the cases mentioned at a(ii) above, 186 cases of thefts, 2 cases of robbery were traced and property worth Rs. 37,86,482 was recovered.

(c) Out of the cases mentioned at a(i) above, 680 cases of thefts, 4 cases of robbery and out of the cases mentioned at a(ii) above, 107 cases of thefts, and 1 case of robbery have not been traced out so far because no clue of the culprits has yet come to light.

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਤਲਬਣ ਸੁਸਾਇਟੀ, ਨੂਰ ਪੁਰ ਪਿੰਡ ਦੇ ਦਫਤਰ ਵਿਚ ਡਾਕਾ ਪਿਆ ਸੀ ਅਤੇ ਉਸ ਦਫਤਰ ਦਾ ਮਾਲ ਟਰੱਕ ਵਿਚ ਪਾ ਕੇ ਲੈ ਗਏ ਅਤੇ ਦਫਤਰ ਦੇ ਕਰਮਚਾਰੀ ਨੂੰ ਕਮਰੇ ਵਿਚ ਬੰਦ ਕਰ ਦਿੱਤਾ। ਇਹ ਸਾਰਾ ਕੁਝ ਉਨ੍ਹਾਂ ਨੇ ਰਾਈਫਲਾਂ ਦੀ ਨੋਕ ਤੇ ਕੀਤਾ ਸੀ। ਬਹੁਤ ਸਾਰੀਆਂ ਚੋਰੀਆਂ ਥਾਣਿਆਂ ਵਿਚ ਦਰਜ ਹੀ ਨਹੀਂ ਹੁੰਦੀਆਂ ਹਨ। ਕੀ ਇਹ ਗੱਲ ਇਨ੍ਹਾਂ ਦੇ ਨੋਟਿਸ ਵਿੱਚ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਕੇਸਿਜ਼ ਦਰਜ ਹੁੰਦੇ ਹਨ ਤਦ ਹੀ ਇਤਨੇ ਨੰਬਰ ਆਫ਼ ਕੇਸਿਜ਼ ਦੱਸੇ ਗਏ ਹਨ। ਬਾਕੀ ਤਲਬਨ ਸੁਸਾਇਟੀ ਬਾਰੇ ਇਹ ਸੈਪਰੇਟ ਸਵਾਲ ਦੇ ਦੇਣ ਮੈਂ ਜਵਾਬ ਦੇ ਦੇਵਾਂਗਾ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਰਾਜ ਵਿਚ ਚੋਰੀਆਂ, ਡਾਕੇ ਅਤੇ ਰਾਹਜ਼ਨੀ ਦੇ ਬਹੁਤ ਸਾਰੇ ਕੇਸਿਜ਼ ਹੁੰਦੇ ਹਨ ਔਰ ਪੰਜਾਬ ਦੇ ਲੋਕ ਇਨਸਿਕਿਉਰ ਫੀਲ ਕਰਦੇ ਹਨ। ਲੋਕਾਂ ਦੀ ਹਿਫਾਜ਼ਤ ਲਈ ਸਰਕਾਰ ਕੀ ਉਚੇਚੇ ਕਦਮ ਚੁੱਕ ਰਹੀ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਥੇ ਜਿਥੇ ਐਡਮਨਿਸਟਰੇਸ਼ਨ ਨੂੰ ਮਜ਼ਬੂਤ ਕਰਨ ਦੀ ਲੋੜ ਹੋਵੇਗੀ, ਉਥੇ ਉਥੇ ਅਸੀਂ ਸਾਰੇ ਤਰੀਕੇ ਇਸਤੇਮਾਲ ਕਰਾਂਗੇ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਆਇਆ ਇਨ੍ਹਾਂ ਦੇ ਨੋਟਿਸ ਵਿਚ ਹੈ ਕਿ ਕੋਈ ਇਕ ਥਾਣੇ ਨੂੰ ਛੱਡ ਕੇ ਬਾਕੀ ਸਾਰੇ ਪੰਜਾਬ ਦੇ ਥਾਣਿਆਂ ਵਿਚ ਚੋਰੀਆਂ ਦੇ ਕੇਸਿਜ਼ ਬਗੈਰ ਰਿਸ਼ਵਤ ਲਏ ਦਰਜ ਨਹੀਂ ਕੀਤੇ ਜਾਂਦੇ ਅਤੇ ਇਸ ਦੇ ਵਿਚ ਕੀ ਸੁਧਾਰ ਕਰ ਰਹੇ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਜਨਰਲ ਜਿਹੀ ਐਸਪਰਸ਼ਨ ਹੈ । ਇਹ ਮੇਰੇ ਨੋਟਿਸ ਵਿੱਚ ਕੋਈ ਕੇਸ ਲੈ ਆਉਣ ਮੈਂ ਇਨਕੁਆਇਰੀ ਕਰਵਾ ਲਵਾਂਗਾ ।

ਸ੍ਰੀ ਗੋਪਾਲ ਕ੍ਰਿਸ਼ਨ ਚੱਤਰਥ : ਸਪੀਕਰ ਸਾਹਿਬ, ਜਵਾਬ ਵਿਚ ਫਰਮਾਇਆ ਗਿਆ ਹੈ ਕਿ ਕਈ ਕਰੋੜਾਂ ਰੁਪਏ ਦੀ ਰਿਕਵਰੀਜ਼ ਜਾਇਦਾਦ ਦੇ ਕੇਸਿਜ਼ ਵਿਚ ਸਰਕਾਰ ਨੇ ਕੀਤੀ ਹੈ। ਕੀ ਇਨ੍ਹਾਂ ਦੇ ਨੋਟਿਸ ਵਿਚ ਹੈ ਕਿ ਪੰਜਾਬ ਦੇ ਮੁਖਤਲਿਫ ਥਾਣਿਆਂ ਵਿਚ ਕਰੋੜਾਂ ਰੁਪਏ ਦੀ ਜਾਇਦਾਦ ਦੀ ਸ਼ਕਲ ਵਿਚ ਸਾਈਕਲ, ਜੀਪਾਂ, ਬੱਸਾਂ, ਟਰੱਕ, ਮੋਟਰ ਸ਼ਾਈਕਲ, ਸਕੂਟਰ ਵਗੈਰਾ ਪਏ ਹਨ ਔਰ ਜਿਹੜੇ ਅਨ-ਕਲੇਮਡ ਹਨ ਜਾਂ ਜਿਨ੍ਹਾਂ ਦੇ ਕੇਸਿਜ਼ ਫਾਈਨੇਲਾਈਜ਼ ਹੋ ਚੁੱਕੇ ਹਨ। ਕੀ ਸੀ. ਐਮ. ਸਾਹਿਬ ਕੋਈ ਅਫਸਰ ਮੁਕੱਰਰ ਕਰਕੇ ਔਰ ਪਤਾ ਕਰਕੇ ਕੋਈ ਫੈਸਲਾ ਲੈਣਗੇ ਤਾਕਿ ਜਿਹੜੀ ਪਰਾਪਰਟੀ ਪਈ ਹੋਈ ਹੈ ਉਸ ਨੂੰ ਨਿਲਾਮੀ ਰਾਹੀਂ ਡਿਸਪੋਜ਼ ਆਫ ਕੀਤਾ ਜਾ ਸਕੇ ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਠੀਕ ਹੈ ਕਿ ਬਹੁਤ ਸਾਰੀਆਂ ਚੀਜ਼ਾਂ ਥਾਣਿਆਂ ਵਿਚ ਪਈਆਂ ਹੋਈਆਂ ਹਨ। ਜਿੰਨੀ ਦੇਰ ਤੱਕ ਕੇਸਿਜ਼ ਫਾਈਨੇਲਾਈਜ਼ ਨਾ ਹੋ ਜਾਣ ਉਤਨੀ ਦੇਰ ਤਕ ਅਸੀਂ ਪਰਾਪਰਟੀ ਨੂੰ ਡਿਸਪੋਜ਼ ਆਫ ਨਿਲਾਮੀ ਰਾਹੀਂ ਜਾਂ ਕਿਸੇ ਹੋਰ ਤਰੀਕੇ ਰਾਹੀ ਂ ਨਹੀਂ ਕਰ ਸਕਦੇ । ਕਈ ਕੇਸਿਜ਼ ਵਿਚ ਕੋਰਟ ਨੇ ਫਾਰ ਜਾਂ ਅਗੇਂਸਟ ਡਿਸੀਜ਼ਨਜ਼ ਲੈਣੇ ਹੁੰਦੇ ਹਨ ਅਤੇ ਉਤਨੀ ਦੇਰ ਤੱਕ ਪੁਲਿਸ ਪਰਾਪਰਟੀ ਦੀ ਦੇਖ ਭਾਲ ਕਰਦੀ ਹੈ । ਮੈਂ ਦੇਖ ਲਵਾਂਗਾ ਕਿ ਅਗਰ ਕੋਈ ਅਨਨਸੈਸਰੀ ਚੀਜ਼ਾਂ ਪਈਆਂ ਹਨ, ਤਾਂ ਉਨ੍ਹਾਂ ਨੂੰ ਡਿਸਪੋਜ਼ ਆਫ ਕੀਤਾ ਜਾ ਸਕੇ, ਚਾਹੇ ਨਿਲਾਮੀ ਰਾਹੀਂ ਜਾਂ ਹੋਰ ਤਰੀਕੇ ਰਾਹੀਂ ।

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਅਫੀਮ ਫੜੀ ਜਾਂਦੀ ਹੈ, ਕਿੱਲੋ ਵਿਚ ਪਰ ਬਰਾਮਦ ਤੋਲਿਆਂ ਵਿਚ ਵਿਖਾਈ ਜਾਂਦੀ ਹੈ। ਆਇਆ ਇਹ ਚੀਜ਼ ਸਰਕਾਰ ਦੇ ਨੋਟਿਸ ਵਿਚ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਐਸੇ ਕੇਸਿਜ਼ ਸਾਡੇ ਨੋਟਿਸ ਵਿਚ ਲਿਆਉਣ, ਅਸੀਂ ਉਸ ਨੂੰ ਜ਼ਰੂਰ ਦੇਖਾਂਗੇ। ਇਹ ਸਾਨੂੰ ਕੋਈ ਕੇਸ ਦੱਸਣ ਜਿਸ ਤੇ ਅਸੀਂ ਇਨਕੁਆਇਰੀ ਕਰਵਾ ਸਕੀਏ।

ਕਾਮਰੇਡ ਬੂਟਾ ਸਿੰਘ : ਸਪੀਕਰ ਸਾਹਿਬ, 27 ਫਰਵਰੀ ਨੂੰ ਬਰੇਟਾ ਵਿਚ ਇਕ ਜੀਪ ਖੋਹੀ ਗਈ ਸੀ ਅਤੇ ਐਫ. ਆਈ. ਆਰ. ਦਰਜ ਨਹੀਂ ਹੋਈ। ਆਇਆ ਇਸ ਬਾਰੇ ਇਨ੍ਹਾਂ ਨੂੰ ਪਤਾ ਹੈ ਅਤੇ ਬਰੇਟਾ ਦੇ ਪਿੰਡ ਸੰਗੇੜਾਂ ਵਿਚ ਇਕ ਕਲਾਸ ਫੋਰਥ ਦੀ ਜ਼ਨਾਨੀ ਨਾਲ ਰੇਪ ਕੀਤਾ ਗਿਆ ਸੀ ਅਤੇ ਬਾਦ ਵਿਚ ਉਸ ਦੀ ਮੌਤ ਹੋ ਗਈ ਸੀ। ਕੀ ਇਨ੍ਹਾਂ ਦੇ ਨੋਟਿਸ ਵਿਚ ਹੈ ਕਿ ਇਸ ਕੇਸ ਵਿਚ F. I. R. ਦਰਜ ਨਹੀਂ ਕੀਤੀ ਗਈ ।

ਸ੍ਰੀ ਸਪੀਕਰ : ਤੁਸੀਂ ਸੀ. ਐਮ. ਸਾਹਿਬ ਨੂੰ ਇਹ ਕੇਸਿਜ਼ ਲਿਖ ਕੇ ਭੇਜ ਦਿਓ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1931

(ਸਬੰਧਤ ਮਾਨ ਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁੱਟ ਨਹੀਂ ਕੀਤਾ ਗਿਆ) ।

Jobs to Handicaps

***1961. Comrade Saghar Singh**
Comrade Buta Singh } : Will the Minister for Welfare and Labour be pleased to state—

(a) whether the Government observed the month of January, 1983 as the month of handicaps in order to provide maximum number of jobs to the disabled persons in the State;

[Comrade Buta Singh]

(b) if the reply to part (a) above be in the affirmative, the criteria adopted by Government to provide jobs to the disabled persons together with the number of application received during the said period in the Welfare Department from the disabled persons and the action taken or being taken thereon?

ਚੌਧਰੀ ਜਗਤ ਰਾਮ : (ੳ) ਜੀ ਹਾਂ।

(ਅ) ਕੁੱਲ ਸਿਧੀ ਭਰਤੀ ਦੀਆਂ ਆਸਾਮੀਆਂ ਵਿਚੋਂ 3% ਆਸਾਮੀਆਂ ਅੰਗ ਹੀਣਾਂ ਲਈ ਰਾਖਵੀਆਂ ਕੀਤੀਆਂ ਗਈਆਂ ਹਨ। ਪ੍ਰਾਰਥੀ ਨੂੰ ਮੈਡੀਕਲ ਸਟਰੀਫਿਕੇਟ ਦੇ ਅਧਾਰ ਤੇ ਡਿਊਟੀ ਨਿਭਾਉਣ ਲਈ ਯੋਗ ਹੋਣਾ ਚਾਹੀਦਾ ਹੈ। ਇਨ੍ਹਾਂ ਦੀ ਭਰਤੀ ਸਿਧੀਆਂ ਅਰਜ਼ੀਆਂ ਲੈ ਕੇ ਵੀ ਕੀਤੀ ਜਾ ਸਕਦੀ ਹੈ। 6 ਅਰਜ਼ੀਆਂ ਪ੍ਰਾਪਤ ਹੋਈਆਂ ਸਨ। ਉਨ੍ਹਾਂ ਵਿਚੋਂ 2 ਪ੍ਰਾਰਥੀਆਂ ਨੂੰ ਨੌਕਰੀ ਦੇ ਦਿੱਤੀ ਗਈ ਹੈ ਅਤੇ ਬਾਕੀ 4 ਦਾ ਕੇਸ ਵਿਚਾਰ ਅਧੀਨ ਹੈ।

ਕਾਮਰੇਡ ਬੂਟਾ ਸਿੰਘ : ਸਪੀਕਰ ਸਾਹਿਬ, ਜਵਾਬ ਵਿਚ ਦਸਿਆ ਗਿਆ ਹੈ ਕਿ 6 ਅਰਜ਼ੀਆਂ ਆਈਆਂ ਸਨ, ਜਿਨ੍ਹਾਂ ਵਿਚੋਂ 2 ਨੂੰ ਨੌਕਰੀਆਂ ਦੇ ਦਿੱਤੀਆਂ ਗਈਆਂ ਸਨ। ਇਕ ਤਾਂ ਇਨ੍ਹਾਂ ਨੇ 6 ਵਿਚੋਂ ਕੇਵਲ 2 ਨੂੰ ਨੌਕਰੀ ਦਿੱਤੀ, ਇਸ ਦੇ ਕੀ ਕਾਰਣ ਸਨ ਔਰ ਬਾਕੀ 4 ਬਾਰੇ ਸਪਸ਼ਟੀਕਰਣ ਦੇਣ ? ਦੂਜੀ ਗੱਲ ਅੰਗ ਹੀਣਾਂ ਨੂੰ ਪੈਨਸ਼ਨ ਦੇਣ ਦੀ ਸਕੀਮ ਸੀ ਉਸ ਬਾਰੇ ਵੀ ਜਵਾਬ ਦੇਣ।

ਮੰਤਰੀ: ਸਪੀਕਰ ਸਾਹਿਬ, ਇਹ ਸਵਾਲ ਪੈਨਸ਼ਨਾਂ ਨਾਲ ਸਬੰਧ ਰਖਦਾ ਹੀ ਨਹੀਂ ਹੈ। ਬਾਕੀ ਇਨ੍ਹਾਂ ਨੇ ਕੇਵਲ ਜਨਵਰੀ ਦੇ ਮਹੀਨੇ ਬਾਰੇ ਪੁੱਛਿਆ ਸੀ ਉਸ ਬਾਰੇ ਦੱਸਿਆ ਹੈ ਕਿ 6 ਅਰਜ਼ੀਆਂ ਕੇਵਲ ਆਈਆਂ ਸਨ ਜਿਨ੍ਹਾਂ ਵਿਚੋਂ 2 ਨੂੰ ਖਾਲੀ ਪੋਸਟਾਂ ਤੇ ਲਗਾ ਦਿੱਤਾ ਹੈ ਅਤੇ ਇਕ ਕੋਲ ਡਾਕਟਰੀ ਸਰਟੀਫਿਕੇਟ ਡਿਸਏਬਲਡ ਦਾ ਨਹੀਂ ਸੀ ਅਤੇ ਬਾਕੀ 3 ਨੂੰ ਅਗਲੀ ਖਾਲੀ ਪੋਸਟਾਂ ਵਿਚ ਐਡਜੰਸਟ ਕਰਨ ਲਈ ਮਾਮਲਾ ਵਿਚਾਰ ਅਧੀਨ ਹੈ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਰਾਜ ਵਿਚ ਪਿਛਲੇ ਅੰਗਹੀਣਾਂ ਬਾਰੇ ਇਕ ਸਰਵੇ ਹੋਇਆ ਸੀ ਕਿ ਕਿੰਨੇ ਹਨ ਤਾਕਿ ਉਨ੍ਹਾਂ ਨੂੰ ਰੀਹੈਬਲੀਟੇਟ ਕੀਤਾ ਜਾ ਸਕੇ। ਇਨ੍ਹਾਂ ਨੇ ਕਿੰਨਿਆਂ ਨੂੰ ਰੀਹੈਬਲੀਟੇਟ ਕੀਤਾ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਅਲੱਗ ਨੋਟਿਸ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਐਜੂਕੇਸ਼ਨ ਡਿਪਾਰਟਮੈਂਟ ਵਿਚ ਬਹੁਤ ਸਾਰੇ ਬੀ. ਐਡ. ਅਤੇ ਜੇ. ਬੀ. ਟੀ. ਟੀਚਰਜ਼ ਐਸੇ ਹਨ ਜਿਨ੍ਹਾਂ ਨੂੰ ਰੈਗੂਲਰ ਕਰਨਾ ਹੈ ਡਾਕਟਰੀ ਸਰਟੀਫਿਕੇਟ ਤੇ ਪਰ ਉਨ੍ਹਾਂ ਨੂੰ ਜਾਣ ਬੁਝ ਕੇ ਹੈਰਾਸ ਮਹਿਕਮੇਂ ਵਾਲੇ ਕਰਦੇ ਹਨ। ਕਦੇ ਮਹਿਕਮੇਂ ਵਾਲੇ ਪੰਜਾਬ ਯੂਨੀਵਰਸਿਟੀ ਨੂੰ ਲਿਖਦੇ ਹਨ ਅਤੇ ਕਦੇ ਉਹ ਪੰਜਾਬੀ ਯੂਨੀਵਰਸਿਟੀ ਨੂੰ ਲਿਖ ਕੇ ਭੇਜ ਦਿੰਦੇ ਹਨ ਜਦਕਿ ਉਨ੍ਹਾਂ ਦੀਆਂ ਨੌਕਰੀਆਂ ਨੂੰ ਰੈਗੂਲਰ ਕਰਨ ਦਾ ਸਵਾਲ ਹੈ। ਕੀ ਇਸ ਬਾਰੇ ਇਹ ਜਾਂਚ ਕਰਵਾਉਣ ਲਈ ਤਿਆਰ ਹਨ ?

ਮੰਤਰੀ : ਸਪੀਕਰ ਸਾਹਿਬ, ਇਹ ਮੇਰੇ ਨੋਟਿਸ ਵਿਚ ਕੇਸਿਜ਼ ਲੈ ਆਉਣ, ਮੈਂ ਦੇਖ ਲਵਾਂਗਾ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1930

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁਟ ਨਹੀਂ ਕੀਤਾ ਗਿਆ ।)

Primary Health Centres/Dispensaries in District Hoshiarpur

***1837. Pandit Sarwan Ram** : Will the Minister for Health be pleased to state the names of the Primary Health Centres and Dispensaries in Hoshiarpur District in which the posts of Doctors and Dispensers are lying vacant alongwith the time by which those posts are likely to be filled up ?

ਸ੍ਰੀ ਜੋਗਿੰਦਰ ਪਾਲ ਪਾਂਡੇ : ਹੁਸ਼ਿਆਰਪੁਰ ਜ਼ਿਲ੍ਹੇ ਵਿਚ ਡਾਕਟਰਾਂ ਦੀਆਂ ਖਾਲੀ ਆਸਾਮੀਆਂ ਭਰਨ ਲਈ ਹੁਕਮ ਜਾਰੀ ਕਰ ਦਿਤੇ ਗਏ ਹਨ । ਜਿਥੋਂ ਤਕ ਫਾਰਮਾਸਿਸਟਾਂ ਦੀਆਂ ਖਾਲੀ ਆਸਾਮੀਆਂ ਭਰਨ ਦਾ ਸਬੰਧ ਹੈ, ਲੋੜੀਂਦੀ ਸੂਚਨਾ ਦਾ ਵਿਵਰਣ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ । ਫਾਰਮਸਿਸਟਾਂ ਦੀਆਂ ਆਸਾਮੀਆਂ ਭਰਨ ਲਈ ਪੂਰੇ ਯਤਨ ਕੀਤੇ ਜਾ ਰਹੇ ਹਨ ।

STATEMENT

Statement showing the Names of Primary Health Centres/Dispensaries of District Hoshiarpur where the posts of Pharmacists (Dispenser) are vacant

1. P.H.C. Jaijon.
2. R.D. Nangal-Jamal.
3. R.D. Feroze.
4. R.D. Nathupur.
5. R.D. Benchan.
6. R.D. Rarah.
7. R.D. Ghogra.
8. R.D. Baja Chak.
9. R.D. Passi-Kandi.
10. R.D. Randhawa.
11. RD. Behglalmanj.
12. R.D. Harsamansar.
13. R.D. Bhangada.
14. R.D. Tanda-Ram-Sanai.
15. R.D. Simbal-Majra.
16. R.D. Mutto.
17. R.D. Nighi.
18. R.D. Nanowal-bet.
19. R.D. Garhi-Kanugo.
20. R.D. Thopia.
21. R.D. Johal.
22. R.D. Fateh-pur-Bhatlan.
23. R.D. Batwara.
24. R.D. Dohar.
25. R.D. Behnangal.
26. R.D Sahiba.
27. R.D. Mahandpur.
28. R.D. Makhupur
29. R.D Karawar.
30. R.D Chandini-Khurd.
31. R.D. Bachhori.
32. R.D. Behhalpur.
33. R.D. Jandoli.
34. R.D. Lalwan.
35. R.D. Singhpur.
36. R.D. Panjora.
37. RD. Barian.
38. R.D. Dihano.
39. R.D. Rampur-Jhanjowal.
40. R.D. Garhi-Mansowal.

[Minister for Health]

41. R.D. Dadial.
42. R.D. Binewal.
43. R.D. Dhamai.
44. R.D Moranwali.
45. R.D. Rampur-Bilro.
46. R.D. Paddi-Surasingh.
47. R.D Thinda.
48. R.D. Simbli.
49. R.D. Bhadial.
50. R.D. Padrana.
51. R.D. Dhaha.
52. R.D. Tanuli.
53. R.D. Lambra.
54. R.D. Khun-Khun-Gobindpur
55. R.D. Pandori-Mahal.
56. R.D. Ahrankintan.
57. R.D. Muradpur-Faryal.
58. R.D. Dhamian.
59. R.D. Ratewal.
60. R.D. Lohar-Dehrian.
61. R.D. Bhol-Kalota.
62. R.D. Bahdullo
63. R,D. Pojewal.
64. R.D. Chand-Pur-Rurki.
65. R.D. Manak-Dheri.
66. R.D. Chanaur.
67. R.D. Bishanpur.
68. R.D. Singho-Katrola.
69. R.D. Sariana.
70. R.D. Daggan.
71. R.D. Devi Dass.
72. R.D. Haibowal.
73. R.D. Sarhala-Kalan.
74. R.D. Achharwal.
75. R.D. Hardo-Khund Pur

ਪੰਡਿਤ ਸਰਵਣ ਰਾਮ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਡਾਕਟਰਾਂ ਦੀਆਂ ਖਾਲੀ ਆਸਾਮੀਆਂ ਭਰਨ ਲਈ ਹੁਕਮ ਜਾਰੀ ਕਰ ਦਿੱਤੇ ਹਨ । ਡਾਕਟਰ ਡਿਸਪੈਨਸਰੀਆਂ ਵਿਚ ਕਦੋਂ ਪਹੁੰਚਣਗੇ ? ਡਿਸਪੈਨਸਰ ਵੀ ਡਿਸਪੈਨਸਰੀਆਂ ਵਿਚ ਨਹੀਂ ਹਨ । ਕੀ ਮਨਿਸਟਰ ਸਾਹਿਬ ਦਸਣਗੇ ਕਿ ਕਦੋਂ ਤਕ ਡਾਕਟਰ ਅਤੇ ਡਿਸਪੈਨਸਰ ਹਸਪਤਾਲਾਂ ਵਿਚ ਪਹੁੰਚ ਜਾਣਗੇ ਜਿਥੇ ਕਿ ਅਸਾਮੀਆਂ ਖਾਲੀ ਪਈਆਂ ਹਨ ?

ਮੰਤਰੀ : ਸਪੀਕਰ ਸਾਹਿਬ, ਡਾਕਟਰਾਂ ਦੀਆਂ ਜਿਥੇ ਪੋਸਟਾਂ ਖਾਲੀ ਹਨ, ਉਨ੍ਹਾਂ ਲਈ ਪਿਛਲੇ ਸ਼ੁਕਰਵਾਰ ਨੂੰ ਆਰਡਰ ਹੋ ਗਏ ਹਨ । 10-15 ਦਿਨ ਜਿਹੜਾ ਟਾਈਮ ਜੁਆਨਿੰਗ ਦਾ ਹੁੰਦਾ ਹੈ, ਉਸ ਤੋਂ ਬਾਅਦ ਉਹ ਡਾਕਟਰ ਆਪਣੀ ਡਿਊਟੀ ਜੁਆਇਨ ਕਰ ਲੈਣਗੇ । ਸਪੀਕਰ ਸਾਹਿਬ, ਫਾਰਮਾਸਿਸਟਾਂ ਦੀ ਪੰਜਾਬ ਅੰਦਰ ਘਾਟ ਹੈ । ਇਸ ਲਈ ਪਟਿਆਲੇ ਅਤੇ ਅੰਮ੍ਰਿਤਸਰ ਮੈਡੀਕਲ ਕਾਲਜਾਂ ਵਿਚ ਫਾਰਮਾਸਿਸਟਾਂ ਦੀਆਂ ਸੀਟਾਂ 80 ਤੋਂ 110 ਅਤੇ 70 ਤੋਂ 80 ਕਰ ਦਿੱਤੀਆਂ ਹਨ । ਕੋਰਸ ਵੀ ਜਿਹੜਾ ਪਹਿਲਾਂ ਦੋ ਸਾਲ ਦਾ ਹੁੰਦਾ ਸੀ, ਉਹ ਹੁਣ ਇਕ ਸਾਲ ਦਾ ਕਰ ਦਿੱਤਾ ਗਿਆ ਹੈ । ਇਸ ਲਈ, ਸਪੀਕਰ ਸਾਹਿਬ, ਹੁਣ ਜਦੋਂ ਵੀ ਫਾਰਮਾਸਿਸਟ ਮਿਲਦੇ ਜਾਣਗੇ ਤਾਂ ਉਨ੍ਹਾਂ ਨੂੰ ਅਸੀਂ ਲਗਾਈ ਜਾਵਾਂਗੇ ।

ਪੰਡਿਤ ਸਰਵਣ ਰਾਮ : ਸਪੀਕਰ ਸਾਹਿਬ, ਸ਼ਹਿਰਾਂ ਵਿਚ ਤਾਂ ਡਾਕਟਰ ਵੀ ਹਨ ਅਤੇ ਡਿਸਪੈਨਸਰ ਵੀ ਹਨ, ਪਰ ਕੰਡੀ ਏਰੀਆ ਵਿਚ ਨਾ ਡਾਕਟਰ ਹਨ ਅਤੇ ਨਾ ਹੀ ਡਿਸਪੈਨਸਰ ਹਨ । ਕੀ ਮਨਿਸਟਰ ਸਾਹਿਬ ਉਨ੍ਹਾਂ ਇਲਾਕਿਆਂ ਵਿਚ ਡਾਕਟਰ ਅਤੇ ਡਿਸਪੈਨਸਰ ਭੇਜਣ ਦਾ ਪ੍ਰਬੰਧ ਕਰਨਗੇ ?

ਮੰਤਰੀ: ਸਪੀਕਰ ਸਾਹਿਬ, ਪੰਡਿਤ ਸਰਵਣ ਰਾਮ ਜੀ ਨੇ ਬੜੀ ਚੰਗੀ ਗੱਲ ਕੀਤੀ ਹੈ। ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ ਜਿਹੜਾ ਪਿਛੇ ਡਾਕਟਰਾਂ ਲਈ ਪਬਲਿਕ ਸਰਵਿਸ ਕਮਿਸ਼ਨ ਵਲੋਂ ਇਮਤਿਹਾਨ ਹੋਇਆ ਸੀ ਅਤੇ ਜਿਹੜੇ ਪਾਸ ਹੋ ਗਏ ਸਨ, ਉਨ੍ਹਾਂ ਯੋਗ ਉਮੀਦਵਾਰਾਂ ਵਿਚੋਂ ਜਿਹੜੇ ਪਹਿਲਾਂ ਹੀ ਟੈਂਪਰੇਰੀ ਡਾਕਟਰ ਲਗੇ ਹੋਏ ਸਨ, ਉਨ੍ਹਾਂ ਨੂੰ ਰੈਗੂਲਰ ਕਰ ਦਿੱਤਾ ਗਿਆ ਹੈ। ਮੈਨੂੰ ਸਪੀਕਰ ਸਾਹਿਬ, ਵਿਸ਼ਵਾਸ ਹੈ ਕਿ ਡਿਸਪੈਨਸਰੀਆਂ ਵਿਚ ਡਾਕਟਰਾਂ ਦੀ ਘਾਟ ਨਹੀਂ ਰਹੇਗੀ।

ਕਾਮਰੇਡ ਸੋਹਣ ਸਿੰਘ: ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਦਸਣਗੇ ਕਿ ਕਿਤਨੇ ਬੈਡਾਂ ਪਿਛੇ ਇਕ ਡਾਕਟਰ ਇਹ ਦਿੰਦੇ ਹਨ ?

ਮੰਤਰੀ: ਸਪੀਕਰ ਸਾਹਿਬ, ਬੈਡਾਂ ਵਾਲੀ ਕੋਈ ਗੱਲ ਨਹੀਂ ਹੈ। ਹਰ ਇਕ ਡਿਸਪੈਂਸਰੀ ਵਿਚ ਡਾਕਟਰ ਦਿਤਾ ਜਾਂਦਾ ਹੈ।

ਸਰਦਾਰ ਲੱਖਾ ਸਿੰਘ: ਸਪੀਕਰ ਸਾਹਿਬ, ਸਰਕਾਰ ਨੇ ਇਹ ਚੰਗਾ ਕੰਮ ਕੀਤਾ ਹੈ ਕਿ ਪਿੰਡਾਂ ਵਿਚ ਡਿਸਪੈਂਨਸਰੀਆਂ ਖੋਲ੍ਹ ਦਿੱਤੀਆਂ ਗਈਆਂ ਹਨ। ਡਾਕਟਰ ਮਰੀਜ਼ ਨੂੰ ਦਵਾਈਆਂ ਲਿਖ ਕੇ ਦੇ ਦਿੰਦੇ ਹਨ ਕਿ ਬਜ਼ਾਰ ਵਿਚੋਂ ਦਵਾਈਆਂ ਖਰੀਦ ਲਵੋ, ਪਰ ਗਰੀਬ ਆਦਮੀ ਬਜ਼ਾਰ ਵਿਚੋਂ ਦਵਾਈਆਂ ਨਹੀਂ ਖਰੀਦ ਸਕਦਾ। ਇਸ ਲਈ ਕੀ ਮੰਤਰੀ ਜੀ ਹਸਪਤਾਲਾਂ ਵਿਚੋਂ ਦਵਾਈਆਂ ਦਿਵਾਉਣ ਦਾ ਪ੍ਰਬੰਧ ਕਰਨਗੇ ?

ਮੰਤਰੀ: ਸਪੀਕਰ ਸਾਹਿਬ, ਬੱਜਟ ਦੇ ਮੁਤਾਬਿਕ ਹਰ ਡਿਸਪੈਨਸਰੀ ਵਿਚ ਦਵਾਈਆਂ ਦਿੱਤੀਆਂ ਜਾਂਦੀਆਂ ਹਨ।

ਪੰਡਿਤ ਸਰਵਣ ਰਾਮ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਹਰ ਡਿਸਪੈਨਸਰੀ ਵਿਚ ਡਾਕਟਰ ਹੈ। ਮੈਨੂੰ ਦੋ ਤਿੰਨ ਪਿੰਡਾਂ ਦਾ ਪਤਾ ਹੈ, ਇਹ ਨੋਟ ਕਰ ਲੈਣ। ਇਹ ਸਪੀਕਰ ਸਾਹਿਬ, ਪਿੰਡ ਹਨ, ਅਲੋਵਾਲ, ਅਲਵਾਨ ਅਤੇ ਜਨਡੋਲੀ, ਜਿਥੇ ਕਿ ਡਿਸਪੈਨਸਰੀਆਂ ਵਿਚ ਡਾਕਟਰ ਨਹੀਂ ਹਨ ਅਤੇ ਨਾ ਹੀ ਉਥੇ ਡਿਸਪੈਨਸਰ ਹਨ। ਕੀ ਇਨ੍ਹਾਂ ਪਿੰਡਾਂ ਵਿਚ ਡਾਕਟਰ ਅਤੇ ਡਿਸਪੈਨਸਰ ਜ਼ਰੂਰ ਮਨਿਸਟਰ ਸਾਹਿਬ ਭਿਜਵਾ ਦੇਣਗੇ ?

ਮੰਤਰੀ: ਸਪੀਕਰ ਸਾਹਿਬ, ਡਾਕਟਰਾਂ ਦੇ ਫਰਾਈਡੇਅ ਨੂੰ ਆਰਡਰ ਹੋ ਚੁੱਕੇ ਹਨ। ਪੰਡਿਤ ਸਰਵਣ ਰਾਮ ਜੀ ਨੇ ਵੀ ਠੀਕ ਕਿਹਾ ਹੈ, ਉਥੇ ਪਹਿਲਾਂ ਜ਼ਰੂਰ ਡਾਕਟਰ ਨਹੀਂ ਹੋਣਗੇ।

ਕਾਮਰੇਡ ਦਰਸ਼ਨ ਸਿੰਘ ਝਬਾਲ: ਸਪੀਕਰ ਸਾਹਿਬ, ਪਿੰਡਾਂ ਵਿਚ ਰਾਤ ਨੂੰ ਡਾਕਟਰ ਅਤੇ ਡਿਸਪੈਨਸਰ ਨਹੀਂ ਰਹਿੰਦੇ ਹਨ ਅਤੇ ਉਹ ਨਾਲ ਲਗਦੇ ਸ਼ਹਿਰਾਂ ਵਿਚ ਆ ਜਾਂਦੇ ਹਨ। ਜੇਕਰ ਡਾਕਟਰਾਂ ਨੂੰ ਪੁਛੋ ਕਿ ਤੁਸੀਂ ਰਾਤ ਨੂੰ ਇਥੇ ਕਿਉਂ ਨਹੀਂ ਠਹਿਰਦੇ ਤਾਂ ਉਹ ਕਹਿੰਦੇ ਹਨ ਕਿ ਇਥੇ ਸਾਡੀ ਰਿਹਾਇਸ਼ ਲਈ ਇੰਤਜ਼ਾਮ ਨਹੀਂ ਹੈ। ਕੀ ਮਨਿਸਟਰ ਸਾਹਿਬ ਕੋਈ ਇੰਤਜ਼ਾਮ ਕਰਨਗੇ ਕਿ ਡਾਕਟਰ ਅਤੇ ਡਿਸਪੈਨਸਰ ਰਾਤ ਨੂੰ ਉਸੇ ਪਿੰਡ ਵਿਚ ਹੀ ਠਹਿਰਨ, ਜਿਥੇ ਕਿ ਲਗੇ ਹੋਏ ਹਨ ?

ਮੰਤਰੀ: ਸਪੀਕਰ ਸਾਹਿਬ, ਜਿਥੇ ਹੁਣ ਵੀ ਨਵੀਂ ਡਿਸਪੈਨਸਰੀ ਖੋਲ੍ਹੀ ਜਾਂਦੀ ਹੈ, ਉਥੇ ਅਸੀਂ ਪਿੰਡਾਂ ਦੀ ਪੰਚਾਇਤ ਨੂੰ ਰਿਕੁਐਸਟ ਕਰਦੇ ਹਾਂ ਕਿ ਸਾਨੂੰ ਜਗ੍ਹਾ ਦਿੱਤੀ ਜਾਵੇ। ਅਸੀਂ, ਡਿਸਪੈਨਸਰੀ ਦੇ ਨਾਲ ਨਾਲ ਡਾਕਟਰਾਂ ਦੇ ਰਹਿਣ ਦਾ ਪ੍ਰਬੰਧ ਵੀ ਕਰਦੇ ਹਾਂ। ਸਪੀਕਰ ਸਾਹਿਬ,

[ਸਿਹਤ ਮੰਤਰੀ]

ਇਹ ਸਾਰਾ ਕੁਝ ਫੰਡਜ਼ ਦੇ ਮੁਤਾਬਿਕ ਹੀ ਹੋ ਰਿਹਾ ਹੈ । ਪ੍ਰੋਵੀਜ਼ਨ ਕੁਆਟਰਜ਼ ਲਈ ਵੀ ਰਖੀ ਗਈ ਹੈ । ਸਪੀਕਰ ਸਾਹਿਬ, ਜਿਉਂ ਜਿਉਂ ਹਰ ਸਾਲ ਬਜਟ ਆ ਰਿਹਾ ਹੈ, ਤਿਉਂ ਤਿਉਂ ਕੰਮ ਹੋ ਰਿਹਾ ਹੈ ।

Relief for the Damaged Rabi and Kharif Crops of Drought Hit Areas of Tehsil Anandpur Sahib

***1885. Shri Ram Parkash Bali**: Will the Minister for Revenue be pleased to state whether the Govenment has given any relief/compensation for the damaged crops of Rabi and Kharif of Drought hit areas of Tehsil Anandpur Sahib during 1981-82, if so, the village-wise details thereof be laid on the Table of the House?

ਸਰਦਾਰ ਗੁਰਦਰਸ਼ਨ ਸਿਘ : ਕੋਈ ਸਹਾਇਤਾ ਨਹੀਂ ਦਿਤੀ ਗਈ ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਕੱਲ੍ਹ ਵੀ ਮਨਿਸਟਰ ਸਾਹਿਬ ਨੇ ਜਵਾਬ ਦਿਤਾ ਸੀ ਕਿ ਨੋ ਸਰ। ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਜੀ ਦੀ ਸਰਕਾਰ ਇਕ ਅਗਾਂਹ ਵਧੂ ਸਰਕਾਰ ਹੈ । ਮੁੱਖ ਮੰਤਰੀ ਜੀ ਕੋਸ਼ਿਸ਼ ਕਰਦੇ ਹਨ ਕਿ ਹਰ ਇਕ ਗਰੀਬ ਬੰਦੇ ਦੀ ਸੁਣੀ ਜਾਏ ਅਤੇ ਉਸ ਦੀ ਮੁਸ਼ਕਿਲ ਹੱਲ ਕੀਤੀ ਜਾਏ। ਜੇਕਰ ਬਜੱਟ ਵਿਚ ਪਰੋਵੀਜਨ ਨਾ ਵੀ ਹੋਵੇ ਤਾਂ ਵੀ ਉਸ ਨੂੰ ਪਰਸਨਲ ਰਲੀਫ ਫੰਡ ਵਿਚੋਂ ਪੈਸਾ ਦਿੰਦੇ ਹਨ । ਸਪੀਕਰ ਸਾਹਿਬ, ਸਾਡਾ ਏਰੀਆ ਹਿਮਾਚਲ ਪ੍ਰਦੇਸ਼ ਦੇ ਏਰੀਏ ਦੇ ਨਾਲ ਲਗਦਾ ਹੈ । ਇਥੇ ਨੈਚੂਰਲ ਕਲੈਮਿਟੀ ਲਈ ਕੋਈ ਮੁਆਵਜ਼ਾ ਨਹੀਂ ਦਿੱਤਾ ਜਾਂਦਾ ਜਦੋਂ ਕਿ ਹਿਮਾਚਲ ਸਰਕਾਰ ਆਪਣੇ ਏਰੀਏ ਵਿਚ ਚਾਰੇ ਅਤੇ ਅਨਾਜ ਦਾ ਪ੍ਰਬੰਧ ਕਰਦੀ ਹੈ ਜਦ ਕਿ ਉਨ੍ਹਾਂ ਦਾ ਬਜਟ ਅਤੇ ਆਮਦਨ ਦੇ ਸਾਧਨ ਸਾਡੇ ਤੋਂ ਕਿਤੇ ਘਟ ਹਨ । ਪੰਜਾਬ ਸਰਕਾਰ ਹਿਮਾਚਲ ਸਰਕਾਰ ਨਾਲੋਂ ਹਰ ਪੱਖੋਂ ਅਗੇ ਹੈ । ਇਸ ਲਈ ਕੀ ਮੰਤਰੀ ਜੀ ਇਥੋਂ ਦੇ ਲੋਕਾਂ ਲਈ ਨੈਚੂਰਲ ਕਲੈਮਿਟੀ ਵੇਲੇ ਕੋਈ ਰਲੀਫ ਜਾਂ ਕੰਪਨਸੇਸ਼ਨ ਦੇਣ ਦਾ ਪ੍ਰਬੰਧ ਕਰਨਗੇ ? ਜੇ ਕਾਨੂੰਨੀ ਆਵਸਥਾ ਰੂਲ ਵਿਚ ਨਹੀਂ ਹੈ ਤਾਂ ਕਿ ਇਸ ਵਿਚ ਤਰਮੀਮ ਕਰਕੇ ਰਿਲੀਫ ਦੇਣ ਦਾ ਪ੍ਰਬੰਧ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਕੱਲ੍ਹ ਵੀ ਕਿਹਾ ਸੀ ਕਿ ਪੰਜਾਬ ਵਿਚ ਜਿਤਨੀਆਂ ਵੀ ਪਾਪੂਲਰ ਸਰਕਾਰਾਂ ਆਈਆਂ ਹਨ ਅੱਜ ਤਕ ਕਿਸੇ ਨੇ ਵੀ ਡਰਾਟ ਰਿਲੀਫ ਨਹੀਂ ਦਿਤਾ । ਸਪੀਕਰ ਸਾਹਿਬ, ਇਹ ਕੰਪੈਨਸੇਸ਼ਨ ਨਹੀਂ ਰਲੀਫ ਹੁੰਦਾ ਹੈ । ਫਿਰ ਵੀ ਜੋ ਆਨਰੇਬਲ ਮੈਂਬਰ ਨੇ ਕਿਹਾ ਹੈ, ਅਸੀਂ ਉਸ ਤੇ ਵਿਚਾਰ ਕਰ ਲਵਾਂਗੇ ।

ਪੰਡਿਤ ਸਰਵਣ ਰਾਮ : ਸਪੀਕਰ ਸਾਹਿਬ, ਪਹਿਲੇ ਸਮਿਆਂ ਵਿਚ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਵੇਲੇ ਗੜਿਆਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਵਗੈਰਾ ਨਹੀਂ ਦਿੱਤਾਂ ਜਾਂਦਾ ਸੀ । ਲੇਕਿਨ ਹੁਣ ਕੈਬਨਿਟ ਨੇ ਪਾਸ ਕਰ ਦਿਤਾ ਹੈ ਕਿ ਗੜਿਆਂ ਦੇ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਮਿਲੇਗਾ । ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਜੀ ਦੀ ਸਰਕਾਰ ਨੇ ਗਰੀਬਾਂ ਨੂੰ ਉਪਰ ਚੁਕਣ ਲਈ ਕਦਮ ਉਠਾਇਆ ਹੈ । ਕੀ ਹੁਣ ਦੋਬਾਰਾ ਸਪੀਕਰ ਸਾਹਿਬ, ਕੈਬਨਿਟ ਫੈਸਲਾ ਨਹੀਂ ਕਰੇਗੀ ਕਿ ਉਨ੍ਹਾਂ ਗਰੀਬਾਂ ਦਾ ਜਿਨ੍ਹਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਮੁਆਵਜ਼ਾ ਦਿਤਾ ਜਾਵੇ ।

ਮੰਤਰੀ : ਸਪੀਕਰ ਸਾਹਿਬ, ਖਰੀਫ ਦੀ ਜਿਹੜੀ ਰੇਨ ਫਾਲ ਸੀ ਉਹ 1980 ਵਿਚ 642.80," 1981 ਵਿਚ 954" ਅਤੇ 1982 ਵਿਚ 1117.8" ਹੈ। ਪਿਛਲੇ ਤਿੰਨ ਸਾਲਾਂ ਵਿਚ ਰੇਨ ਫਾਲ ਵਿਚ

ਵਾਧਾ ਹੋਇਆ ਹੈ । 1980-1981 ਅਤੇ 1981-1982 ਬਾਰੇ ਮੈਂ ਦੱਸ ਦਿਤਾ ਹੈ । ਅਗੇ ਤੋਂ ਸਪੀਕਰ ਸਾਹਿਬ, ਜ਼ਰੂਰ ਵਿਚਾਰ ਕਰ ਲਵਾਂਗੇ ।

ਸਰਦਾਰ ਜਗਤ ਸਿੰਘ : ਸਪੀਕਰ ਸਾਹਿਬ, ਮੇਰਾ ਇਲਾਕਾ ਚੰਡੀਗੜ੍ਹ ਦੇ ਨਾਲ ਲਗਦਾ ਹੈ। ਉਥੇ ਸੋਕੇ ਦੇ ਕਾਰਨ ਫਸਲਾਂ ਦਾ ਬਹੁਤ ਜਿਆਦਾ ਨੁਕਸਾਨ ਹੋਇਆ ਹੈ। ਚੀਫ ਮੀਨਸਟਰ ਸਾਹਿਬ ਨੇ ਵੀ ਉਥੇ ਜਾ ਕੇ ਦੌਰਾ ਕੀਤਾ ਸੀ ਮੈਂ ਉਨ੍ਹਾਂ ਨੂੰ ਬੇਨਤੀ ਵੀ ਕੀਤੀ ਸੀ।

ਸ਼੍ਰੀ ਸਪੀਕਰ : ਤੁਸੀਂ ਸਪਲੀਮੈਂਟਰੀ ਕਰੋ ।

ਸਰਦਾਰ ਜਗਤ ਸਿੰਘ : ਸਪੀਕਰ ਸਾਹਿਬ, ਹਾਲੇ ਤਾਂ ਮੈਂ ਸ਼ੁਰੂ ਹੀ ਹੋਇਆ ਹਾਂ । ਪਾਣੀ ਦੀ ਕਮੀ ਕਾਰਣ ਏਥੇ ਕੋਈ ਵੀ ਫਸਲ ਨਹੀਂ ਹੁੰਦੀ। ਏਥੇ ਇਰੀਗੇਸ਼ਨ ਦਾ ਇੰਤਜ਼ਾਮ ਕੀਤਾ ਜਾਵੇ। ਉਥੇ ਗਰੀਬਾਂ ਕੋਲ ਅੱਗੇ ਹੀ ਬਹੁਤ ਘੱਟ ਜ਼ਮੀਨ ਹੈ । ਇਨ੍ਹਾਂ ਵੱਲ ਵੀ ਧਿਆਨ ਦਿੱਤਾ ਜਾਵੇ ।

ਮੰਤਰੀ : ਜੋ ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਪਾਣੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਕਿਉਂਕਿ ਥੋੜ੍ਹੀ ਜਿਹੀ ਰਿਲੀਫ ਨਾਲ ਤਾਂ ਕੋਈ ਫਾਇਦਾ ਨਹੀਂ ਪਹੁੰਚਦਾ । ਮੇਰਾ ਵੀ ਇਹੀ ਵਿਚਾਰ ਹੈ ਕਿ ਇਥੇ ਪਾਣੀ ਦਾ ਪ੍ਰਬੰਧ ਜ਼ਰੂਰ ਹੋਣਾ ਚਾਹੀਦਾ ਹੈ।

ਸਰਦਾਰ ਗੁਰਬਚਨ ਸਿੰਘ ਚੀਮਾ : ਮੈਂ ਮਾਲ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਪਿਛਲੇ ਸੋਕੇ ਦੇ ਪੈਸੇ ਵੀ ਦੇਣ ਅਤੇ ਅੱਗੇ ਵਾਸਤੇ ਵੀ ਜਿਥੇ ਵੀਰਾਨ ਇਲਾਕੇ ਹਨ, ਉਨ੍ਹਾਂ ਨੂੰ ਜ਼ਰੂਰ ਕੰਪੈਨਸੇਸ਼ਨ ਦੇਣ । ਪਰ ਬਦਕਿਸਮਤੀ ਦੀ ਗੱਲ ਇਹ ਹੈ ਕਿ ਇਸ ਸਬੰਧੀ ਬੱਜਟ ਵਿੱਚ ਕੋਈ ਪੈਸਾ ਨਹੀਂ ਰਖਿਆ ਜਾਂਦਾ । ਜੇ ਡਾਕਟਰ ਸਾਹਿਬ ਏਥੇ ਬੈਠੇ ਹੁੰਦੇ ਤਾਂ ਮੈਂ ਉਨ੍ਹਾਂ ਨੂੰ ਕਹਿੰਦਾ । ਹੁਣ ਮੈਂ ਮੁਖ ਮੰਤਰੀ ਜੀ ਨੂੰ ਕਹਾਂਗਾ ਕਿ ਉਹ ਐਫ. ਐਮ. ਸਾਹਿਬ ਨੂੰ ਕਹਿਣ ਕਿ ਜਿਹੜੇ ਵੀਰਾਨ ਇਲਾਕੇ ਹਨ ਅਤੇ ਜਿਥੇ ਬਾਰਸ਼ ਨਹੀਂ ਹੁੰਦੀ, ਉਨ੍ਹਾਂ ਵਾਸਤੇ ਬਜਟ ਵਿਚ ਪੈਸਾ ਰਖਿਆ ਜਾਵੇ ਤਾਕਿ ਲੋਕਾਂ ਦਾ ਭਲਾ ਹੋ ਸਕੇ।

ਮੰਤਰੀ : ਸਪੀਕਰ ਸਾਹਿਬ, ਇਹ ਸੁਜੈਸ਼ਨ ਹੈ । ਇਸ ਤੇ ਵਿੱਤ ਮੰਤਰੀ ਜੀ ਵਿਚਾਰ ਕਰ ਸਕਦੇ ਹਨ ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਪੈਸਾ ਇਨ੍ਹਾਂ ਦੀ ਸਰਕਾਰ ਮੁਆਵਜ਼ੇ ਵਜੋਂ ਦੇਂਦੀ ਹੈ, ਉਹ 1961 ਦੀ ਪੈਦਾਵਾਰ ਦੇ ਹਿਸਾਬ ਨਾਲ ਦੇਂਦੀ ਹੈ। ਪਰ ਉਦੋਂ 1 ਏਕੜ ਵਿਚੋਂ 9 ਮਣ ਕਣਕ ਹੁੰਦੀ ਸੀ ਅਤੇ ਹੁਣ 1 ਏਕੜ ਪਿਛੇ ਕਿਸਾਨ ਕਰੜੀ ਮਿਹਨਤ ਕਰਕੇ 16 ਮਣ ਕਣਕ ਕੱਢਦਾ ਹੈ । ਇਸ ਹਿਸਾਬ ਨਾਲ ਕੰਪੈਨ-ਸੇਸ਼ਨ ਦੀ ਰਕਮ ਵੀ ਵੱਧ ਹੋਣੀ ਚਾਹੀਦੀ ਹੈ । ਦੂਜੀ ਗੱਲ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਰਾਜਪੁਰਾ ਦੇ ਲੋਕਾਂ ਵਿੱਚ ਪੈਸਾ ਵੰਡਿਆ ਜਾ ਰਿਹਾ ਹੈ । ਉਥੇ 3 ਕਾਨੂੰਗੋਆਂ ਵਿੱਚ ਪੈਸਾ ਦਿੱਤਾ ਜਾ ਰਿਹਾ ਹੈ । ਪਰ ਪੈਸਾ ਦੇਣ ਲੱਗੇ ਦਿਹਾੜੀ ਮਜ਼ਦੂਰ, ਬਟਾਈਦਾਰ ਅਤੇ ਹੋਰ ਠੇਕੇ ਤੇ ਕੰਮ ਕਰਦੇ ਲੋਕਾਂ ਬਾਰੇ ਬਿਲਕੁਲ ਨਹੀਂ ਸੋਚਿਆ ਜਾਂਦਾ । ਉਨ੍ਹਾਂ ਦਾ ਵੀ ਪ੍ਰਬੰਧ ਕਰਨਾ ਚਾਹੀਦਾ ਹੈ । ਵੈਸੇ ਵੀ ਪੈਸਾ ਦੇਣ ਲੱਗੇ ਉਹ 10% ਪੈਸੇ ਲੈ ਲੈਂਦੇ ਹਨ ।

ਮੰਤਰੀ : ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਕੰਪੈਨ-ਸੇਸ਼ਨ ਕਦੇ ਵੀ ਕੋਈ ਸਰਕਾਰ ਨਹੀਂ ਦੇਂਦੀ ਅਤੇ ਨਾ ਹੀ ਦੁਨੀਆਂ ਦੀ ਕੋਈ ਸਰਕਾਰ ਰੱਬੀ ਤਾਕਤਾਂ

[ਮਾਲ ਮੰਤਰੀ]

ਨਾਲ ਹੋਏ ਨੁਕਸਾਨ ਨੂੰ ਪੂਰਾ ਕਰ ਸਕਦੀ ਹੈ। ਅਸੀਂ ਤਾਂ ਸਿਰਫ ਰਿਲੀਫ ਦੇਂਦੇ ਹਾਂ। ਲੋਕਾਂ ਦੀ ਥੋਹੜੀ ਜਿਹੀ ਤਕਲੀਫ ਨੂੰ ਦੂਰ ਕਰਨ ਵਾਸਤੇ ਸਰਕਾਰ ਆਪਣੀ ਡਿਊਟੀ ਨਿਭਾਉਂਦੀ ਹੈ। ਰਾਜਪੁਰੇ ਵਿੱਚ ਜਿਹੜਾ ਪੈਸਾ ਵੰਡਿਆ ਜਾ ਰਿਹਾ ਹੈ, ਉਹ ਕਾਮਿਆਂ ਨੂੰ ਵੀ ਦੇਣ ਲਈ ਡਿਪਟੀ ਕਮਿਸ਼ਨਰ ਨੂੰ ਇਸ ਸਬੰਧੀ ਸਰਕਾਰ ਨੇ ਹਦਾਇਤਾਂ ਕੀਤੀਆਂ ਸਨ ਅਤੇ ਜਿਨ੍ਹਾਂ ਦਾ ਹਿੱਸਾ ਬਣਦਾ ਹੈ, ਉਹ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ। ਜਿਹੜਾ ਇਹ ਕਹਿੰਦੇ ਹਨ ਕਿ 10% ਪੈਸਾ ਖਾਈ ਜਾ ਰਹੇ ਹਨ, ਉਸ ਲਈ ਇਹ ਮੇਰੇ ਨਾਲ ਚੱਲਣ, ਮੈਂ ਇਸ ਸਬੰਧੀ ਇਨਕੁਆਇਰੀ ਕਰਾਉਣ ਲਈ ਤਿਆਰ ਹਾਂ।

Upgradation of Nurpur Bedi Sub Tehsil

***1762. Master Dalip Chand**: Will the Minister for Revenue be pleased to state whether the Government proposes to upgrade the Nurpur Bedi Sub-Tehsil, if so, when ?

ਸਰਦਾਰ ਗੁਰਦਰਸ਼ਨ ਸਿੰਘ: ਨਹੀਂ ਜੀ।

ਮਾਸਟਰ ਦਲੀਪ ਚੰਦ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰਾ ਖਿਆਲ ਹੈ ਕਿ ਮੇਰਾ ਇਹ ਕੁਐਸਚਨ 3-4 ਦਫਾ ਹਾਊਸ ਵਿਚ ਆ ਚੁੱਕਾ ਹੈ ਕਿ ਨੂਰਪੁਰ ਬੇਦੀ ਸਬ ਤਹਿਸੀਲ ਨੂੰ ਅਪਗ੍ਰੇਡ ਕੀਤਾ ਜਾਵੇ। ਅਨੰਦਪੁਰ ਸਾਹਿਬ ਤਹਿਸੀਲ ਨੂਰ ਪੁਰ ਬੇਦੀ ਦੇ ਇਲਾਕੇ ਨੂੰ ਪੈਂਦੀ ਹੈ। ਪਰ ਦੇਖਿਆ ਜਾਵੇ ਤਾਂ ਦਰਿਆ ਸਤਲੁਜ ਤੋਂ ਨੂਰਪੁਰ ਬੇਦੀ ਤੱਕ ਜ਼ਿਆਦਾ ਪਿੰਡ ਹਨ ਅਤੇ ਆਨੰਦਪੁਰ ਸਾਹਿਬ ਦੇ ਪਿੰਡ ਘੱਟ ਹਨ। ਪਰ ਬਰਸਾਤ ਦੇ ਦਿਨਾਂ ਵਿਚ ਲੋਕਾਂ ਨੂੰ ਤਹਿਸੀਲ ਜਾਣ ਵਾਸਤੇ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂ ਕਿ ਰਸਤੇ ਵਿਚ ਕੋਈ ਪੁਲ ਵੀ ਨਹੀਂ ਹੈ। ਇਸ ਲਈ ਲੋਕਾਂ ਦੀ ਤਕਲੀਫ ਨੂੰ ਮੁੱਖ ਰਖਦੇ ਹੋਏ ਅਤੇ ਪਿੰਡਾਂ ਦੀ ਸੰਖਿਆ ਨੂੰ ਧਿਆਨ ਵਿਚ ਰਖਦੇ ਹੋਏ ਸਬ-ਤਹਿਸੀਲ ਨੂਰ ਪੁਰ ਬੇਦੀ ਨੂੰ ਅਪਗ੍ਰੇਡ ਕਰਨ ਦਾ ਕੀ ਇਹ ਵਿਚਾਰ ਕਰਨਗੇ ?

ਮੰਤਰੀ: ਸਪੀਕਰ ਸਾਹਿਬ, ਲੋਕਾਂ ਦੀ ਤਕਲੀਫ ਨੂੰ ਹੀ ਮੁੱਖ ਰਖਦੇ ਹੋਏ ਸਬ-ਤਹਿਸੀਲ ਨੂਰਪੁਰ ਬੇਦੀ ਕਾਇਮ ਕੀਤੀ ਗਈ ਸੀ। ਆਨੰਦ ਪੁਰ ਸਾਹਿਬ ਤਹਿਸੀਲ ਹੈ। ਉਸ ਵਿਚ 4 ਕਾਨੂੰਗੋ ਸਰਕਲ, 54 ਪਟਵਾਰ ਸਰਕਲ, 204 ਪਿੰਡ ਅਤੇ 254 ਸੁਕੇਅਰ ਮੀਲ ਇਲਾਕਾ ਅਤੇ 2,12,801 ਦੀ ਪਾਪੂਲੇਸ਼ਨ ਹੈ। ਨੂਰਪੁਰ ਬੇਦੀ ਦੇ ਇਲਾਕੇ ਵਿਚ 2 ਕਾਨੂੰਗੋ ਸਰਕਲ, 25 ਪਟਵਾਰ ਸਰਕਲ, 111 ਪਿੰਡ ਅਤੇ ਏਰੀਆ ਅਤੇ ਪਾਪੂਲੇਸ਼ਨ ਵੀ ਕੋਈ ਜ਼ਿਆਦਾ ਨਹੀਂ ਹੈ।

ਮਾਸਟਰ ਦਲੀਪ ਚੰਦ: ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਛੋਟੇ ਏਰੀਏ ਕਰ ਕੇ ਤਹਿਸੀਲ ਨਹੀਂ ਬਣਦੀ। ਪਰ ਉਹ ਵੀ ਕੰਡੀ ਏਰੀਆ ਹੈ। ਲੋਕ ਉਥੇ ਪਹਾੜੀ ਇਲਾਕੇ ਵਿਚ ਰਹਿੰਦੇ ਹਨ। ਉਥੋਂ ਦੇ ਆਪਣੇ ਇਲਾਕੇ ਵਿਚ ਹੀ ਆਣ ਜਾਣ ਵਿਚ ਲੋਕਾਂ ਨੂੰ ਬੜੀ ਕਠਿਨਾਈ ਹੁੰਦੀ ਹੈ। ਕੀ ਇਹ ਲੋਕਾਂ ਦੀ ਤਕਲੀਫ ਨੂੰ ਮੁੱਖ ਰਖਦੇ ਹੋਏ ਇਸ ਤੇ ਵਿਚਾਰ ਕਰਨਗੇ ?

ਮੰਤਰੀ: ਇਹ ਮਸਲਾ ਡਿਸਟ੍ਰਿਕਟ ਰੀਆਰਗੇਨਾਈਜ਼ੇਸ਼ਨ ਕਮੇਟੀ ਦੇ ਸਾਹਮਣੇ ਹੈ। ਇਸ ਤੇ ਵਿਚਾਰ ਕਰਨ ਤੋਂ ਬਾਅਦ ਹੀ ਫੈਸਲਾ ਕੀਤਾ ਜਾ ਸਕਦਾ ਹੈ।

ਸ਼੍ਰੀ ਰਾਮ ਪ੍ਰਕਾਸ਼ ਬਾਲੀ: ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਅਤੇ ਜਾਨਣਾ ਚਾਹੁੰਦਾ ਹਾਂ ਕਿ ਜਦੋਂ ਤਕ ਇਸ ਤੇ ਡਿਸਟਰਿਕਟ ਰੀਆਰਗੇਨਾਈਜ਼ੇਸ਼ਨ

ਕਮੇਟੀ ਫੈਸਲਾ ਨਹੀਂ ਦੇਂਦੀ, ਕੀ ਇਹ ਨਾਇਬ ਤਹਿਸੀਲਦਾਰ ਨੂੰ ਜ਼ਿਆਦਾ ਇਖਤਿਆਰਾਤ ਨਹੀਂ ਦੇ ਸਕਦੇ ਜਿਸ ਕਾਰਣ ਲੋਕਾਂ ਨੂੰ ਜ਼ਿਆਦਾ ਦੂਰ ਨਾ ਜਾਣਾ ਪਵੇ। ਨੂਰਪੁਰਬੇਦੀ ਦਾ ਏਰੀਆ ਹਿਮਾਚਲ ਪ੍ਰਦੇਸ਼ ਤਕ ਚਲਾ ਜਾਂਦਾ ਹੈ। ਲੋਕਾਂ ਨੂੰ ਜਿਹੜੀਆਂ ਸਹੂਲਤਾਂ ਆਨੰਦਪੁਰ ਵਿੱਚ ਮਿਲਦੀਆਂ ਹਨ, ਉਹ ਏਥੇ ਵੀ ਮਿਲ ਸਕਣ।

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਕਹਿ ਦਿੱਤਾ ਹੈ ਕਿ ਇਸ ਗੱਲ ਦਾ ਫੈਸਲਾ ਡਿਸਟਰਿਕਟ ਰੀਆਰਗੇਨਾਈਜ਼ੇਸ਼ਨ ਕਮੇਟੀ ਛੇਤੀ ਤੋਂ ਛੇਤੀ ਕਰ ਦੇਵੇਗੀ।

ਕਾਮਰੇਡ ਬੂਟਾ ਸਿੰਘ : ਮੈਂ ਵਜ਼ੀਰ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਭਿਖੀ-ਮਾਨਸਾ ਹਲਕੇ ਵਿੱਚ ਭਿਖੀ ਕਸਬੇ ਦੇ ਆਲੇ ਦੁਆਲੇ 60-70 ਵੱਡੇ ਵੱਡ ਪਿੰਡ ਹਨ। ਉਥੇ 1-2 ਵਾਰੀ ਸਾਡੇ ਨੇਤਾ ਲੋਕ ਵੀ ਜਾ ਆਏ ਹਨ ਅਤੇ ਉਥੇ ਇੱਕਠ ਵਿੱਚ ਐਲਾਨ ਵੀ ਕਰਕੇ ਆਏ ਹਨ ਕਿ ਭਿਖੀ ਨੂੰ ਸਬ-ਤਹਿਸੀਲ ਬਨਾਉਣ ਦਾ ਮਾਮਲਾ ਉਨ੍ਹਾਂ ਦੇ ਧਿਆਨ ਅਧੀਨ ਹੈ। ਕੀ ਇਹ ਲੋਕਾਂ ਦੀ ਤਕਲੀਫ ਨੂੰ ਮੁੱਖ ਰਖਦੇ ਹੋਏ ਭਿਖੀ ਨੂੰ ਸਬ-ਤਹਿਸੀਲ ਬਨਾਉਣ ਬਾਰੇ ਯਕੀਨ ਦਿਵਾਉਣਗੇ ?

ਮੰਤਰੀ : ਇਸ ਸਵਾਲ ਨਾਲ ਤਾਂ ਇਸਦਾ ਕੋਈ ਸਬੰਧ ਨਹੀਂ ਹੈ। ਫੇਰ ਵੀ ਮੈਂ ਵਿਸ਼ਵਾਸ ਦਿਲਾ ਸਕਦਾ ਹਾਂ ਕਿ ਜਿਥੋਂ ਤੱਕ ਪੰਜਾਬ ਨੂੰ ਰੀਆਰਗੇਨਾਈਜ਼ ਕਰਨ ਦਾ ਸਵਾਲ ਹੈ, ਉਸ ਦਾ ਮਾਮਲਾ ਕਮੇਟੀ ਦੇ ਜ਼ੇਰੇ-ਗੌਰ ਹੈ। ਉਸ ਤੇ ਛੇਤੀ ਤੋਂ ਛੇਤੀ ਨਿਰਣਾ ਕਰਾਂਗੇ।

Cancellation of Route Permits of Private Operators

***1761. Master Dalip Chand** : Will the Minister of State for Transport be pleased to state whether there is any proposal under the consideration of the Government to cancel the route permits of those private operators who are not plying their buses for the last 6 months on the following routes :

(i) From Hoshiarpur to Saroya

(ii) From Nawanshehar to Sahib ;

(iii) From Ropar to Rattewal ;

and start the Punjab Roadways bus services on these routes?

ਸਰਦਾਰ ਅਵਤਾਰ ਸਿੰਘ ਗਟਵਾਲੀ : ਨਹੀਂ ਜੀ ਪਰਾਈਵੇਟ ਅਪਰੇਟਰ ਹੁਸ਼ਿਆਰਪੁਰ ਤੋਂ ਸਰੋਆ ਅਤੇ ਨਵਾਂ ਸ਼ਹਿਰ ਰੂਟਾਂ ਤੇ ਬਸ ਸੇਵਾ ਚਲਾ ਰਹੇ ਹਨ। ਜਿਥੋਂ ਤਕ ਰੋਪੜ ਤੋਂ ਰੁੱਤੇਵਾਲ ਰੂਟ ਦਾ ਸਬੰਧ ਹੈ, ਪਰਾਈਵੇਟ ਅਪਰੇਟਰ ਨੇ ਪਰਮਿਟ ਵਾਪਸ ਕਰ ਦਿਤਾ ਹੈ ਅਤੇ ਬਦਲਵੀਂ ਬਸ ਸੇਵਾ ਚਲਾਉਣ ਲਈ ਯੋਗ ਪਰਣਾਲੀ ਰਾਹੀਂ ਪ੍ਰਬੰਧ ਕੀਤਾ ਜਾ ਰਿਹਾ ਹੈ। ਇਸ ਦੌਰਾਨ ਇਹ ਬਸ ਸੇਵਾ ਚਲਾਉਣ ਲਈ ਪੰਜ਼ਾਬ ਰੋਡਵੇਜ਼ ਨੂੰ ਆਖਿਆ ਗਿਆ ਹੈ ਕਿ ਉਹ ਚੰਡੀਗੜ ਤੋਂ ਰਤੇਵਾਲ ਬਰਾਸਤਾ ਰੋਪੜ-ਕਾਠਗੜ ਰੂਟ ਚਲਾਉਣ।

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਦਾ ਧੰਨਵਾਦੀ ਹਾਂ ਕਿਉਂਕਿ 3-4 ਮਹੀਨੇ ਤੋਂ ਐਕਸਪ੍ਰੈਸ ਬੱਸ ਸੇਵਾ ਹੁਸ਼ਿਆਰ ਪੁਰ ਤੋਂ ਸਰੋਆ ਅਤੇ ਨਵਾਂ-ਸ਼ਹਿਰ ਰੂਟਾਂ ਤੇ ਇਨ੍ਹਾਂ ਦੀ ਮਿਹਰ ਬਾਨੀ ਨਾਲ ਚਲ ਰਹੀਆਂ ਹਨ। ਪਰ ਜਿਥੋਂ ਤੱਕ ਰੋਪੜ ਤੋਂ ਰੱਤੇ ਵਾਲ ਐਕਸਪ੍ਰੈਸ ਬੱਸ ਆਉਂਦੀ ਸੀ, ਉਸ ਸਬੰਧੀ ਐਕਸਪ੍ਰੈਸ ਕੰਪਨੀ ਨੇ ਪਰਮਿਟ ਵਾਪਸ ਕਰ ਦਿਤਾ

[ਮਾਸਟਰ ਦਲੀਪ ਚੰਦ]

ਹੈ । ਇਨ੍ਹਾਂ ਨੇ ਕਿਹਾ ਹੈ ਕਿ ਹੁਣ ਇਹ ਚੰਡੀਗੜ੍ਹ ਤੋਂ ਰੱਤੇਵਾਲ ਬਰਾਸਤਾ ਰੋਪੜ ਕਾਠਗੜ੍ਹ ਨੂੰ ਬੱਸ ਚਲਾਉਣਗੇ । ਇਹ ਬੱਸ ਸੇਵਾ ਕਦੋਂ ਤਕ ਚਾਲੂ ਕਰ ਦਿਤੀ ਜਾਵੇਗੀ, ਕਿਉਂਕਿ ਇਸ ਦੀ ਘਾਟ ਵਿਚ ਕਾਫੀ ਵੱਡੀ ਆਬਾਦੀ ਨੂੰ ਤਕਲੀਫ ਹੁੰਦੀ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇਹ ਬੱਸ ਸੇਵਾ ਟੈਂਪਰੇਰੀ ਤੌਰ ਤੇ ਚਲਾ ਦਿਤੀ ਹੈ। ਬਾਕੀ ਇਸ ਦੇ ਰੂਟਾਂ ਦੀ ਸੈਂਕਸ਼ਨ ਲਈ ਛੇਤੀ ਤੋਂ ਛੇਤੀ ਕਾਰਵਾਈ ਕਰ ਦਿਆਂਗੇ ।

ਕਾਮਰੇਡ ਅਮਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਕ ਬੱਸ ਪਹਿਲਾਂ ਚਲਦੀ ਸੀ ਦਿਲੀ-ਬਠਿੰਡਾ ਵਾਇਆ ਜਾਖਲ । ਉਹ ਇਹਨਾਂ ਨੇ ਹੁਣ ਬੰਦ ਕਰ ਦਿਤੀ ਹੈ । ਕੀ ਇਹ ਦੁਬਾਰਾ ਇਸ ਨੂੰ ਚਾਲੂ ਕਰਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਤਰ੍ਹਾਂ ਦੀਆਂ ਬੱਸਾਂ ਇੰਟਰ-ਸਟੇਟ ਐਗਰੀਮੈਂਟ ਨਾਲ ਚਲਦੀਆਂ ਹਨ । ਇਸ ਬਾਰੇ ਹਰਿਆਣੇ ਨਾਲ ਐਗਰੀਮੈਂਟ ਕੀਤਾ ਹੈ । ਅਸੀਂ ਇਸ ਨੂੰ ਫਿਰ ਵਿਚਾਰ ਲਵਾਂਗੇ ।

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੀ ਮਾਸਟਰ ਦਲੀਪ ਚੰਦ ਦਾ ਸਵਾਲ ਬੜਾ ਜ਼ਰੂਰੀ ਸਵਾਲ ਸੀ । ਪ੍ਰਾਈਵੇਟ ਬੱਸਾਂ ਵਾਲੇ ਜਦੋਂ ਜਿਥੇ ਕਿਸੇ ਰੂਟ ਤੇ ਚਲਦੇ ਹਨ ਉਹ ਆਪਣੀ ਮਰਜ਼ੀ ਨਾਲ ਬੰਦ ਕਰ ਦੇਂਦੇ ਹਨ । ਹੁਣ ਇਹੀ ਹਾਲ ਪੰਜਾਬ ਰੋਡਵੇਜ਼ ਦਾ ਹੈ । ਜਿਹੜੀਆਂ ਬੱਸਾਂ ਪਿੰਡਾਂ ਨੂੰ ਚਲਦੀਆਂ ਹਨ ਜਦੋਂ ਕੋਈ ਮੇਲਾ ਹੋਵੇ ਵਿਆਹ ਹੋਵੇ ਸਾਰੇ ਰੂਟ ਬੰਦ ਕਰ ਦਿਤੇ ਜਾਂਦੇ ਹਨ । ਆਇਆ ਟਰਾਂਸਪੋਰਟ ਮੰਤਰੀ ਜੀ ਜਿਹੜੇ ਪਿੰਡਾਂ ਦੇ ਰੂਟਾਂ ਤੇ ਬੱਸਾਂ ਚਲਦੀਆਂ ਹਨ ਜਦੋਂ ਉਹਨਾਂ ਦੀ ਕੋਈ ਸ਼ਿਕਾਇਤ ਆਵੇ, ਇਸ ਬਾਰੇ ਕੋਈ ਐਕਸ਼ਨ ਲੈਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਬੜਾ ਲਾਜ਼ਮੀ ਹੈ ਕਿ ਜਦੋਂ ਵੀ ਕੋਈ ਪਬਲਿਕ ਦੀ ਸ਼ਿਕਾਇਤ ਆਵੇ ਸਰਕਾਰ ਉਸ ਦੇ ਖਿਲਾਫ ਐਕਸ਼ਨ ਲੈਂਦੀ ਹੈ । ਜਿਹੜੀਆਂ ਕੋਈ ਅਜਿਹੀਆਂ ਬੱਸਾਂ ਹਨ, ਅਜਿਹੇ ਰੂਟ ਹਨ ਜਿਨ੍ਹਾਂ ਤੇ ਲੋਕੀਂ ਬੱਸਾਂ ਦੀਆਂ ਛੱਤਾਂ ਦੇ ਉਪਰ ਬੈਠ ਜਾਂਦੇ ਹਨ ਜਾਂ ਫਿਰ ਕਿਸੇ ਰੂਟ ਤੇ ਬੱਸ ਖਾਲੀ ਜਾਂਦੀ ਹੈ ਲੋਕੀਂ ਬੈਠਦੇ ਨਹੀਂ ਪੈਸੰਜਰ ਕੋਈ ਹੁੰਦਾ ਨਹੀਂ ਉਥੇ ਤਾਂ ਉਹ ਬੰਦ ਕਰ ਦਿਤਾ ਜਾਂਦਾ ਹੈ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਟਰਾਂਸਪੋਰਟ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹਨਾਂ ਨੇ ਇਥੇ ਪਿਛਲੇ ਸਮੇਂ ਵਿਚ ਕਿਹਾ ਸੀ ਕਿ ਸ਼ਿਕਾਇਤਾਂ ਬੜੀਆਂ ਆ ਰਹੀਆਂ ਹਨ, ਪ੍ਰਾਈਵੇਟ ਓਪਰੇਟਰਾਂ ਦੀਆਂ । ਨੈਸ਼ਨੇਲਾਈਜ਼ੇਸ਼ਨ ਦਾ ਜਿਹੜਾ ਮਤਾ ਹੈ ਉਹ ਕਦੋਂ ਤੱਕ ਪਾਸ ਕਰਨਗੇ ? ਨਾਲ ਹੀ ਇਹ ਵੀ ਪੁਛਣਾ ਚਾਹੁੰਦਾ ਹਾਂ ਕਿ ਆਪ ਇਹ ਚੈਕਰ ਬਣੇ ਰਹਿੰਦੇ ਹਨ । ਕੋਈ ਚੈਕਿੰਗ ਪਾਲਿਸੀ ਤਿਆਰ ਕਰਨਗੇ ਤਾ ਕਿ ਇਹਨਾਂ ਦੀ ਥਾਰੋ ਚੈਕਿੰਗ ਹੋ ਸਕਿਆ ਕਰੇ ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਨਰੇਬਲ ਮੈਂਬਰ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਮੈਂ ਚੈਕਰ ਤਾਂ ਨਹੀਂ ਬਣਿਆ ਪਰ ਜੇ ਕੋਈ ਵਜ਼ੀਰ ਵੀ ਛੋਟੇ

ਲੈਵਲ ਤੇ ਚੈਕਿੰਗ ਕਰ ਲਵੇ ਤਾਂ ਕਿਸੇ ਮੁਲਾਜ਼ਮ ਨੂੰ ਜਾਂ ਕਿਸੇ ਕਾਮਰੇਡ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਕੋਈ ਸਰਮਾਏਦਾਰ ਕਰੇ ਤਾਂ ਹੋ ਸਕਦਾ ਹੈ। ਸਰਕਾਰ ਦੀ ਪਾਲਿਸੀ ਹੈ ਉਸ ਤੇ ਅਸੀਂ ਵਿਚਾਰ ਕਰ ਰਹੇ ਹਾਂ।

ਸ੍ਰੀ ਚਮਨ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਸੁਜਾਨਪੁਰ ਇਕ ਬੜਾ ਪੁਰਾਣਾ ਕਸਬਾ ਹੈ ਉਥੇ 28,000 ਦੇ ਕਰੀਬ ਆਬਾਦੀ ਹੈ। ਇਹ ਜੰਮੂ ਕਸ਼ਮੀਰ ਦਾ ਦਰਵਾਜ਼ਾ ਵੀ ਹੈ। ਇਥੇ ਦੇ ਲੋਕਾਂ ਨੂੰ ਕਿਸੇ ਪਾਸੇ ਜਾਣ ਲਈ ਪਹਿਲਾਂ ਪਠਾਨਕੋਟ ਜਾਣਾ ਪੈਂਦਾ ਹੈ, ਕੀ ਇਹ ਏਥੇ ਕੋਈ ਬੱਸ ਸਟੈਂਡ ਬਨਾਉਣਗੇ ਤਾਂ ਕਿ ਉਥੋਂ ਕੋਈ ਟਿਕਟਾਂ ਵਗੈਰਾ ਕੱਟੀਆਂ ਜਾ ਸਕਿਆ ਕਰਨ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਨਰੇਬਲ ਮੈਂਬਰ ਨੂੰ ਅਰਜ਼ ਕਰਾਂਗਾ ਕਿ ਇਹ ਇਕ ਸਪੈਸਿਫਿਕ ਕੁਐਸਚਨ ਹੈ। ਜਿਥੋਂ ਤੱਕ ਰੀਕੁਐਸਟ ਬੱਸ ਸਟਾਪ ਬਨਾਉਣ ਦਾ ਸਾਵਲ ਹੈ ਉਥੇ ਜ਼ਰੂਰ ਬਨਾਵਾਂਗੇ। ਪਰ ਜਿਥੇ ਤੱਕ ਪੂਰਾ ਬੱਸ ਸਟੈਂਡ ਬਣਾਉਣ ਦਾ ਸਵਾਲ ਹੈ, ਜੇ ਲੋੜ ਹੋਈ ਤਾਂ ਇਸ ਨੂੰ ਵੀ ਜ਼ਰੂਰ ਬਣਾਇਆ ਜਾਵੇਗਾ, ਵਿਚਾਰ ਕਰ ਲਵਾਂਗੇ।

National Permits

***1939. Shri Surinder Kapur** : Will the Minister of State for Transport be pleased to state whether the Government has issued any National Permits for trucks in the State during the financial year 1981-82 and 1982-83 (to date); if so, the names of the persons to whom those permits have been issued ?

ਸਰਦਾਰ ਅਵਤਾਰ ਸਿੰਘ ਗਟਵਾਲੀ : ਜੀ ਹਾਂ, ਇਕ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

List of the names of the persons to whom National Permits were issued during 1981-82

Sarvshri/Smt.—

1. Girdhari Lal, son of Dhanan Ram of Malout Mandi,
2. Baldev Krishan, son of Sohan Lal of Sunam.
3. Mohinder Singh, son of Khatu Ram of Sunam.
4. Jagjit Singh, son of Hardial Singh of Khanna.
5. Jaspal Singh, son of Ramji Dass of Faridkot.
6. Tara Singh, son of Ishar Singh of Moga.
7. Karam Chand son of Shadi Ram of Faridkot.
8. Jasmer Singh, son of Narain Singh of Muktsar.
9. Raj Devinder, son of Mukhtiar Singh of Patiala.
10. Bakshi Sita Ram, son of Jai Ram of Amritsar.
11. Lakhwinder Singh son of Mohinder Singh of Ludhiana.
12. Gurmukh Singh, son of Kirpal Singh of Ropar.
13. Darshan Singh, son of Gurcharan Singh of Ropar.
14. Ashok Kumar, son of Amar Nath of Patiala.

[Minister of State for Transport]

15. Daulat Singh Bhalla, son of Dasonda Singh of Kapurthala
16 Gurmit Singh, son of Puran Singh of Jalandhar.
17. Bhag Singh, son of Puran Singh of Patiala.
18. Bashamber Singh son of Santa Singh of Jalandhar.
19. Amarjit Singh Dhillon, son of Fateh Singh of Patiala.
20. Iqbal Singh son of Atma Singh of Nawanshahr.
21 Surjit Singh, son of Jarnail Singh of Amritsar.
22. Jagmohan Krishan Saini, son of R.K. Saini of Amritsar.
23 Baldev Krishan Singh, son of Rasila Ram of Amritsar.
24. G.S. Nagra son of Narain Singh of Ludhiana.
25. Jagan Singh, son of Budh Ram of Sunam.
26. Rajinder Singh, son of Arjan Singh of Moga.
27. Kulwant Singh, son of Bagga Ram of Faridkot.
28. Lachman Singh, son of Kehar Singh of Faridkot.
29. Paramjit Singh, son of Mohinder Singh of Ropar.
30. Gurdeep Singh Kashmiri Lal of Faridkot.
31. Satwant Kaur, wife of Ranjit Singh of Sangrur.
32. Mohinder Pal Chhabra, son of Parma Nand, Malout Mandi.
33. Harbans Kaur, wife of Gurbax Singh of Patiala.
34. Paramjit Singh, son of Avtar Singh of Patiala.
35. Malkiat Singh, son of Ram Singh of Ropar.
36. Gurdev Singh, son of Jagir Singh of Ludhiana.
37. Paul Singh, Pritpal Singh, son of Gurdev Singh of Ludhiana.
38. Major Singh, son of Sant Singh of Ludhiana.
39. Ranjit Singh, son of Natha Singh of Faridkot.
40. Virsa Singh, son of Dayal Singh Moga.
41. Sham Sunder, son of Ram Narain of Patiala.
42. Satvinder Singh son of Lal Singh of Faridkot.
43. M/s Baldev Singh, son of Bir Singh of Patiala.
44. Gurmail Singh, son of Nachhatar Singh of Ropar.
45. Mohinder Singh, son of Dalip Singh of Bhatinda.
46. Gurbax Singh, son of Mathra Singh of Ropar.
47. Jagir Singh, son of Ajaib Singh of Sirhind.
48. Diljang Singh, son of Piara Singh of Ludhiana.

49. Gurnail Singh, son of Charan Singh of Muktsar.
50. Avtar Singh, son of Hari Singh of Jalandhar.
51. Natha Singh, son of Partap Singh Ropar.
52. Assa Singh, son of Dayala Singh of Patiala.
53. Om Parkash son of Ram Lal of Malout Mandi
54. Surjit Singh, son of Prem Singh of Sirhind.
55. Surinder Singh, son of Prem Singh of Patiala.
56. Sukhdev Singh, son of Billa Singh of Gurdaspur.
57. Gurmail Singh, son of Hari Singh of Jalandhar.
58. Ranjit Singh, son of Bachan Singh of Ferozepur.
59. Varinder Singh, son of Chand Singh of Ropar.
60. Gora Lal, son of Chand Parkash of Moga.
61. Harbhagh Singh, son of Gurbax Singh of Kharar.
62. Jarnail Singh, son of Balbir Singh of Malout Mandi.
63. Hardev Singh, son of Shigara Singh of Phagwara.
64. Balwinder Singh, son of Surjit Singh of Farozepur.
65. Sohan Singh, son of Puran Singh of Faridkot.
66. Manohar Lal, son of Daulat Ram of Moga.
67. Nanad Singh, son of Mehar Singh of Faridkot.
68. Jagdish Chander son of Mool Chand of Jalandhar.
69. Darshan Singh, son of Hamir Singh of Faridkot.
70. Joginder Singh, son of Harnam of Faridkot.
71. Roshan Lal, son of Kashori Lal of Patiala.
72. Arjan Dev, son of Chet Ram of Sunam.
73. Amrik Singh, son of Ujjagar Singh of Ropar.
74. Malkiat Singh, son of Jagir Singh of Ropar.
75. Major Singh, son of Ganga Singh of Jalandhar.
76. Nathu Ram, son of Nagina Ram of Amritsar.
77. Baldev Singh, son of Chaman Singh of Jalandhar.
78. Sampuran Singh, son of Bhag Singh of Jalandhar.
79. Karm Singh, son of Dhanpat Singh of Patiala.
80. Harnam Singh, son of Gurmit Singh of Kharar.
81. Kuldip Singh, son of Mohar Sihgh of Ropar.
82. Kamlesh Kumari, daughter of Chaman Ram of Sangrur.

[Minister of State for Transport]

83. Bhagwan Singh, son of Kikar Singh of Patiala.
84. Dhana Singh, son of Hazura Singh of Gobindgarh.
85. Harmohinder Singh, son of Darshana Singh of Hoshiarpur
86. Vijay Kumar, son of Des Raj Ludhiana.
87. Paramjit Singh, Ishpal Singh of Ludhiana.
88. Hardial Singh, son of Puran Singh of Zira.
89. Sham Sundar Sharma, son of Sant Ram of Hoshiarpur.
90. Mehar Singh, son of Bhajan Singh of Sangrur.
91. Budh Singh, son of Karnail Singh of Samana Mandi.
92. M/s Bhag Singh, Tehal Singh of Ropar.
93. Joginder Singh, son of Jarnail Singh of Patiala.
94. Gumail Singh, son of Makhan Singh of Patiala.
95. Sarup Singh. son of Babu Ram of Ludhiana.
96. Anant Ram, son of Mani Ram of Jalandhar.
97. Ujagar Singh, son of Inder Singh of Ropar.
98. Joginder Singh, son of Taja Singh of Kharar.
99. Reeta Rani daughter of Darshan Lal of Jalandhar.
100. Ganesh Raj Shanna, son of Dunni Chand of Hoshiarpur.
101. Rajinder Kumar, son of Rattan Chand of V. Hadiabad.
102. Mathur Das, son of Kanshu Ram VPO Alupur.
103. Harbans Singh, son of Jawala Singh of Jalandhar
104. Chanan Singh, son of Jaswant Singh of Hoshiarpur.
105. Raj Kumar, son of Bihari Lal of Patiala.
106. Shavinder Singh, son of Jagar Singh of Hoshiarpur.
107. Jasmal Singh, son of Bhagwan Singh of Jalandhar.
108. Balwant Singh, son of Shangara Singh of Bhatinda.
109. Joginder Singh, son of Kapur Singh of Patiala.
110. Avtar Singh, son of Mahar Singh of Ropar.
111. Jeet Singh, son of Jamna of Ropar.
112. Gurmeet Singh, son of Avtar Singh of Jalandhar.
113. Gurbachan Singh, son of Mool Ram of Ludhiana.
114. Gurcharan Singh, son of Harnam Singh of Ludhiana.
115. M/s Chadha Motor Tpt. Co. Amritsar.
116 Jagjit Singh, son of Kundan Singh of Muktsar.

117. Jit Singh, son of Bhulla Singh of Hoshiarpur.

118. Jagmohan Singh, son of Jagat Singh of Muktsar.

119. Amar Singh, son of Partap Singh of Jagraon.

120. Babu Ram Narang, son of Sunder Singh of Muktsar.

121. Chadha Motor Amritsar.

122. Amarjit Singh, son of Niamal Singh of Jalandhar.

123. Sohan Singh, son of Harnam Singh of Phagwara.

124. Jamiat Singh, son of Ishar Singh of Ropar.

125. Harsamran Singh, son of Rajinder Singh of Sangrur.

126. Rishi Pal Goyal, son of Gauri Shankar of Patiala.

127. M/s Om Parkash Mohan Lal of Flour.

128. Prithipal Singh, son of Gurdas Singh of Gurdaspur.

129. Pawan Kumar Singla son of Lachman Dass of Mansa.

130. Harwinder Singh, son of Sujan Singh of Sirhind.

131. Harnek Singh, son of Puran Singh of Moga.

132. Gulshan Kumar, son of Ram Kishan of Ludhaiana.

133. Sadhu Singh, son of Achhar Singh of Talwandi Sabo.

134. Gurdial Singh, son of Hazura Singh of Jalandhar.

135. Balwant Rai, son of Jiwan Dass of Ludhiana.

136. Rajinder Kumar, son of Chaman Lal of Raikot.

137. Joginder Singh, son of Kartar Singh of Hoshiarpur.

138. Tarsem Singh, son of Hari Singh of Jalandhar.

139. Joginder Singh, son of Uttam Singh of Ludhiana.

140. M/s Amar Singh, son of Malkit Singh of Gobindgarh.

141. Pardeep Kumar Kalra, son of Rattan Lal of Phagwara.

142. Pritam Singh, son of Nikkar Singh of Jalandhar.

143. Niranjan Singh, son of Sant Singh of Gurdaspur.

144. Vijay Kumar Parmod Kumar of Gurdaspur.

145. Nachattar Singh, son of Kashmira Singh of Patiala.

146. Gurmail Singh, son of Mehar Singh of Jalandhar.

147. Kulvinder Singh, son of Pardhan Singh of Malout Mandi.

148. Davinder Lal Singh, son of Ranjit Singh of Faridkot.

149. Balwinder Singh, son of Harbans Singh of Patran Mandi.

150. Bhajan Singh, son of Niranjan Singh of Ludhiana.

151. Bulanda Ram, son of Gulabu Ram of Nangal.

[Minister of State for Transport]

152. Sharanjit Singh Uppal, son of Tehal Singh of Sangrur.
153. Teja Singh, son of Jail Ram of Ropar.
154. Gurcharan Singh, son of Jagir Singh of Phillaur.
155. Bua Singh, son of Bhal Singh of Jalandhar.
156. Ganwant Singh, son of Gulab Singh of Patiala.
157. Mohinder Singh, son of Karm Singh of Phillaur.
158. Sukhdev Singh, son of Hazara Singh of Chamkaur Sahib
159. Manjit Singh, son of Harmohinder Singh of Jalandhar.
160. Sohan Lal Bansal, son of Ram Gopal of Moga.
161. Jog Raj Singh, son of Bachan Singh of Moga.
162. Sohan Lal, son of Bakhashi Ram of Phillaur.
163. Gurcharan Singh, son of Balwant Singh of Ludhiana.
164. Sawaran Singh, son of Surjan Singh Gazipur of Rajpura.
165. Hakam Singh, son of Karnail Singh of Zira.
166. D.C. Gupta, son of Shadi Ram of Kurali.
167. Jagjit Singh, son of Charan Singh of Jalandhar.
168. Bikkarjeet Singh, son of Gurmail Singh of Ropar.
169. Sukhwinder Singh, son of Harnam Singh of Patiala.
170. Jagir Singh, son of Kehar Singh of Hoshiarpur.
171. Balbir Singh, son of Lakh Singh of Hoshiarpur.
172. M/s Bhagat Singh and Sant Singh of Ropar.
173. Kirpal Singh son of Deva Singh of Ludhiana.
174. Jugal Kishore, son of Atma Ram of Patiala.
175. Pawan Kumar Goyal, son of Nand Lal of Rama Mandi.
176. Vijay Kumar, son of Harbilas of Bhatinda.
177. Harbhajan Singh, son of Banta Singh of Jalandhar.
178. Kamaljit Singh, son of Balwant Singh of Patiala.
179. Des Raj, son of Doola Ram of Faridkot.
180. Smt. Jasbir Kaur, wife of Ajit Singh of Patiala.
181. Vir Singh, son of Sewa Singh of Ludhiana.
182. Harpal Singh, son of Darshan Singh of Ludhiana.
183. Kartar Singh, son of Bachan Singh of Ropar.
184. Banta Singh, son of Swarn Singh of Ropar.
185. Dinesh Kumar, son of Gopal Dass of Pathankot.

186. Vijay Kumar, son of Faquir Chand of Garhshankar.

187. Harkesh Singh, son of Jagir Singh.

188. Sadhu Singh, son of Ishar Singh of Abohar.

189. Ramesh Kumar, son of Milkhi Ram of Hoshiarpur.

190. Jarnail Singh, son of Labh Singh of Jagraon.

191. Piara Lal Saini, son of Puran Singh of Hoshiarpur.

192. Zora Singh, son of Bakhatawar Singh of Ludhiana.

193. Gurcharan Kaur, wife of Rajinder Singh of Patiala.

194. Harmider Singh, son of Nachhatar Singh of Patiala.

195. Ajaib Singh, son of Dharam Singh of Ropar.

196. Darshan Singh, son of Kehar Singh of Ludhiana.

197. Gurmeet Singh, son of Kartar Singh of Ludhiana.

198. Jaswant Singh, son of Pritam Singh of Ludhiana.

199. Charan Singh, son of Jagir Singh of Patiala.

200. Sikandar Singh, son of Kapur Singh of Ludhiana.

201. Balwant Singh son of Sher Singh of Ludhiana.

202. Amar Singh, son of Bishan Singh of Hoshiarpur.

203. Harbans Singh, son of Ajit Singh of Patiala.

204. Gurmail Singh, son of Bachan Singh of Sangrur.

205. Jaswinder Singh, son of Ajit Singh of Jalandhar.

206. Ramesh Chand Singla, son of Roshan Lal Singla of Bhatinda.

207. Pritam Singh, son of Sadhu Singh of Hoshiarpur.

208. M/s Ajit Singh, Gurbax Singh of Jagraon..

209. Gopal Singh, son of Mulkh Raj of Muktsar.

210. M/s Manjit Singh Surjit Singh of Gobindgarh.

211. Gurdip Singh, son of Pritam Singh of Nawanshaher.

212. Ishar Singh, son of Rulia Singh of Ludhiana.

213. Miss Jaswant Kaur daughter of Jagat Ram of Ludhiana.

214. Sadhu Singh, son of Pritam Singh of Jalandhar.

215. Iqbal Singh, son of Baldev Singh of Jalandhar.

216. Nachhatar Singh, son of Pritam Singh of Barnala.

217. Jagtar Singh, son of Desa Singh of Amritsar.

218. Pardeep Kumar Thapar, son of Kishan Chand of Doraha.

219. M/s Kishan Kumar Vijay Kumar of Patiala.

220. Jagtar Singh, son of Harcharan Singh of Kharar.

[Minister of State for Transport]

221. Mulkh Raj Satinder Kumar of Khanna.
222. Jasmer Singh, son of Hari Singh of Gobindgarh.
ਪੜਚੋਲ ਕਰਦੇ ਹਾਂ ਔਰ ਲੋਕ ਵੀ ਕਰਦੇ ਹਨ, ਅਸੀਂ ਉਨ੍ਹਾਂ ਕੋਲ ਆਪਣਾ ਪੱਖ ਪੇਸ਼ ਕਰਦੇ ਹਾਂ ਅਤੇ ਕਹਿੰਦੇ ਹਾਂ ਕਿ ਇਨ੍ਹਾਂ ਚੀਜ਼ਾਂ ਦੀ ਅਸੀਂ ਇਮਪਰੂਵਮੈਂਟ ਕੀਤੀ ਹੈ ਔਰ ਇਸ ਕਰਕੇ ਕੁਝ ਡਰ ਸਾਡੇ ਵਿਚ ਲਾਜ਼ਮੀ ਹੈ। ਮੈਂ ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ ਬਾਰੇ ਗੱਲ ਕਰ ਰਿਹਾ ਸੀ। ਇੰਜੀਨੀਅਰਜ਼ ਬਾਰੇ ਇਥੇ ਹਾਊਸ ਵਿਚ ਇਕ ਕਾਲ ਅਟੈਨਸ਼ਨ ਮੋਸ਼ਨ ਲਿਆਂਦੀ ਹੈ । ਇਹ ਗੱਲ ਮੰਨਣੀ ਪਏਗੀ ਕਿ ਜਿਹੜਾ ਕੰਮ ਇੰਜੀਨੀਅਰਜ਼ ਨੇ ਕਰਨਾ ਹੈ ਉਹ ਉਨ੍ਹਾਂ ਨੇ ਹੀ ਕਰਨਾ ਹੈ ਅਤੇ ਕੋਈ ਅਫ਼ਸਰ ਨਹੀਂ ਕਰ ਸਕਦਾ, ਇਕ ਐਮ.ਐਲ.ਏ. ਨਹੀਂ ਕਰ ਸਕਦਾ ਜਿਹੜਾ ਕੰਮ ਉਸ ਨੇ ਕਰਨਾ ਹੈ। ਅਗਰ ਕੋਈ ਤਾਰ ਜਿਹੜੀ ਇਧਰ ਦੀ ਉਧਰ ਲਗ ਗਈ ਤਾਂ ਕੀ ਭਾਖੜਾ ਤੇ ਕੀ ਥਰਮਲ ਪਲਾਂਟ ਸਭ ਉੜ ਜਾਣਗੇ। ਅਸੀਂ ਇਹ ਵੀ ਵੇਖਣਾ ਹੈ ਕਿ ਇਹ ਜਿਹੜੇ ਇੰਜੀਨੀਅਰਜ਼ ਹਨ, ਇਨ੍ਹਾਂ ਨੂੰ ਖੁਸ਼ ਰਖੀਏ ਅਤੇ ਨਾਲ ਦੀ ਨਾਲ ਇਹ ਵੀ ਵੇਖਣਾ ਚਾਹੀਦਾ ਹੈ ਕਿ ਉਨ੍ਹਾਂ ਇੰਜੀਨੀਅਰਜ਼ ਤੋਂ ਉਤਨਾ ਕੰਮ ਲੈਣਾ ਚਾਹੀਦਾ ਹੈ ਜਿਤਨਾ ਲੈਣਾ ਚਾਹੀਦਾ ਹੈ ਔਰ ਉਨ੍ਹਾਂ ਨੂੰ ਉਤਨਾ ਦੇਣਾ ਵੀ ਚਾਹੀਦਾ ਹੈ। ਮੈਂ ਬੈਲੈਂਸਡ ਚਲਣਾ ਚਾਹੁੰਦਾ ਹਾਂ। ਉਨ੍ਹਾਂ ਦਾ ਮੇਨ ਝਗੜਾ ਕੀ ਹੈ, ਮੇਨ ਹਿੱਚ ਕੀ ਹੈ, ਇਹ ਮੈਨੂੰ ਅਜੇ ਤਕ ਸਮਝ ਨਹੀਂ ਲਗ ਸਕੀ। ਪੀ.ਐਸ.ਈ.ਬੀ. ਦੀ ਬਣਤਰ ਅੱਜ ਕੀ ਹੈ ? ਇਸ ਅਦਾਰੇ ਵਿੱਚ ਇਹ ਅਫ਼ਸਰ ਰਹਿਣ ਨੂੰ ਕਿਉਂ ਐਂਕਸ਼ਸ ਹਨ। ਅਗਰ ਅਕਾਊਂਟਸ ਦਾ ਕੰਮ ਕਰਨਾ ਹੋਵੇ ਤਾਂ ਵੀ ਆਈ.ਏ.ਐਸ. ਅਫ਼ਸਰ ਲੱਗਾ ਹੋਇਆ ਹੈ । ਐਡ-ਮਨਿਸਟਰੇਸ਼ਨ ਦਾ ਕੰਮ ਹੋਵੇ ਤਾਂ ਵੀ ਆਈ.ਏ.ਐਸ. ਅਫ਼ਸਰ ਲਗਿਆ ਹੋਇਆ ਹੈ। ਪਤਾ ਨਹੀਂ ਭੁਲੇਖੇ ਨਾਲ ਕਿਵੇਂ ਚੇਅਰਮੈਨ, ਬਿਜਲੀ ਬੋਰਡ ਦਾ ਇੰਜੀਨੀਅਰ ਲੱਗਾ ਹੋਇਆ ਹੈ। ਜਦੋਂ ਇਸ ਦੀ ਟਰਮ ਖਤਮ ਹੋ ਗਈ ਤਾਂ ਉਥੇ ਵੀ ਐਡਮਨਿਸਟਰੇਟਰ ਆਈ.ਏ.ਐਸ. ਅਫ਼ਸਰ ਲੱਗ ਜਾਵੇਗਾ। ਮੈਂ ਕਹਾਂਗਾ ਕਿ ਅਗਰ ਮੁਲਕ ਨੂੰ ਤਰੱਕੀ ਦੀ ਰਾਹ ਤੇ ਲਿਜਾਣਾ ਹੈ ਤਾਂ ਬਿਜਲੀ ਵੱਧ ਪੈਦਾ ਕਰਨੀ ਚਾਹੀਦੀ ਹੈ। ਚੀਫ ਮਨਿਸਟਰ ਸਾਹਿਬ ਦਾ ਨਿਸ਼ਾਨਾ ਕੀ ਹੈ ? ਉਨ੍ਹਾਂ ਦਾ ਨਿਸ਼ਾਨਾ ਇਹ ਹੈ ਕਿ ਪਾਵਰ ਦੀ ਜ਼ਿਆਦਾ ਜੈਨਰੇਸ਼ਨ ਹੋਵੇ। ਇਹ ਚੀਜ਼ ਪਿਛਲੇ ਤਿੰਨਾਂ ਸਾਲਾਂ ਤੋਂ ਐਵੀਡੈਂਟ ਹੈ। ਤੁਸੀਂ ਵੇਖੋਗੇ ਕਿ 1980 ਤੋਂ 1983 ਤਕ ਇਨ੍ਹਾਂ ਤਿੰਨਾਂ ਸਾਲਾਂ ਵਿੱਚ 189 ਕਰੋੜ ਰੁਪਿਆ ਇਸ ਸਰਕਾਰ ਨੇ ਇਸ ਕੰਮ ਲਈ ਖਰਚਿਆ। 1983-84 ਵਿਚ 213 ਕਰੋੜ ਰੁਪਿਆ ਬਿਜਲੀ ਦੀ ਜੈਨਰੇਸ਼ਨ ਵਾਸਤੇ ਰੱਖ ਰਹੇ ਹਨ। 1980 ਤੋਂ 1983 ਤਕ 169 ਮੈਗਾਵਾਟ ਬਿਜਲੀ ਹੋਰ ਪੈਦਾ ਹੋਈ ਹੈ। 1983 ਤਕ ਜਿਹੜੀਆਂ ਸਕੀਮਾਂ ਨਿਯਰ ਕੰਪਲੀਸ਼ਨ ਹਨ ਉਨ੍ਹਾਂ ਤੋਂ 511 ਮੈਗਾਵਾਟ ਬਿਜਲੀ ਅਸੀਂ ਐਕਸਪੈਕਟ ਕਰਦੇ ਹਾਂ। ਸਵਾਲ ਇਹ ਹੈ ਕਿ ਕੀ ਅਸੀਂ ਇਸ ਰਫਤਾਰ ਨੂੰ ਕਾਇਮ ਰਖ ਸਕਾਂਗੇ। ਇਹ ਕਾਇਮ ਰੱਖਣੀ ਸਾਡੇ ਲਈ ਲਾਜ਼ਮੀ ਹੈ। ਮੈਂ ਕਿਸੇ ਦੀ ਜਾਤ ਦੇ ਵਿਰੁੱਧ ਨਹੀਂ ਹਾਂ। ਇੱਕ ਗਲ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅਗਰ ਪੀ.ਐਸ.ਈ.ਬੀ. ਦੀ ਫੰਕਸ਼ਨਿੰਗ ਵਿੱਚ, ਉਨ੍ਹਾਂ ਦੇ ਬੋਰਡ ਵਿੱਚ, ਪ੍ਰਾਪਰ ਨੁਮਾਇੰਦਗੀ ਇੰਜੀਨੀਅਰਾਂ, ਪਬਲਿਕ ਮੈਨਾਂ ਅਤੇ ਐਡਮਨਿਸਟਰੇਟਰਾਂ ਨੂੰ ਮਿਲ ਜਾਵੇ ਅਤੇ ਬੈਲੈਂਸ ਕਾਇਮ ਕੀਤਾ ਜਾਵੇ ਤਾਂ ਇਸ ਦੇ ਨਾਲ ਬਿਜਲੀ ਬੋਰਡ ਦਾ ਕੰਮ ਤੇਜ਼ੀ ਨਾਲ ਚਲੇਗਾ ਅਤੇ ਸਾਡੇ ਟੀਚੇ ਵਕਤ ਸਿਰ ਪੂਰੇ ਹੋ ਸਕਣਗੇ।

ਡਿਪਟੀ ਸਪੀਕਰ ਸਾਹਿਬ, ਜਿਥੇ ਇਸ ਸਰਕਾਰ ਨੇ ਆਉਂਦਿਆਂ ਹੀ ਇਹ ਰਿਅਲਾਈਜ਼ ਕੀਤਾ ਕਿ ਸਾਨੂੰ ਪਾਵਰ ਦੇ ਫਰੰਟ ਤੇ ਬੜਾ ਕੰਮ ਕਰਨ ਦੀ ਲੋੜ ਹੈ, ਉਥੇ ਓਪਰੈਸਡ, ਨਿਗਲੈਕਟਿਡ, ਆਰਥਿਕ ਤੌਰ ਤੇ ਪੱਛੜੇ ਹੋਏ, ਸਮਾਜਕ ਤੌਰ ਤੇ ਪੱਛੜੇ ਹੋਏ, ਵਿਦਿਅਕ ਤੌਰ ਤੇ ਪੱਛੜੇ ਹੋਏ ਲੋਕ ਜਿਨ੍ਹਾਂ ਨੂੰ ਸਮਾਜ ਨੇ ਸੈਂਕੜਿਆਂ ਸਾਲਾਂ ਤੋਂ ਇਨਸਾਨ ਨਹੀਂ ਸਮਝਿਆ, ਉਨ੍ਹਾਂ ਨੂੰ ਅਨਟੱਚੇਬਲ ਕਰਾਰ ਦਿੱਤਾ, ਮੇਰਾ ਭਾਵ ਸ਼ਡਿਊਲਡ ਕਾਸਟਸ, ਹਰੀਜਨ ਅਤੇ ਬੈਕਵਰਡ ਕਲਾਸਾਂ ਵੱਲ ਹੈ, ਉਨ੍ਹਾਂ

ਵੱਲ ਇਸ ਸਰਕਾਰ ਨੇ ਉਚੇਚਾ ਧਿਆਨ ਦਿੱਤਾ। ਇਸ ਵਾਸਤੇ ਮੈਂ ਡਾਕਟਰ ਸਾਹਿਬ, ਰੰਧਾਵਾ ਜੀ ਅਤੇ ਚੌਧਰੀ ਜਗਤ ਰਾਮ ਨੂੰ ਵਧਾਈ ਦੇਣਾ ਚਾਹੁੰਦਾ ਹਾਂ। ਪਿੰਡਾਂ ਦੀਆਂ ਗਲੀਆਂ ਨਾਲੀਆਂ ਪੱਕਿਆਂ ਕਰਨ ਦਾ ਮਸਲਾ ਆਇਆ ਸੀ। ਸਾਡੇ ਤੋਂ ਪਹਿਲਾਂ ਜਿਹੜੀ ਸਰਕਾਰ ਸੀ ਉਹ ਬੜੀਆਂ ਫੜਾਂ ਮਾਰਦੀ ਸੀ, ਦਾਅਵੇ ਕਰਦੀ ਸੀ। ਪਰ ਉਨ੍ਹਾਂ ਨੇ ਇਸ ਕੰਮ ਲਈ ਖਰਚ ਕੀਤਾ ਸਿਰਫ 66 ਲੱਖ ਰੁਪਿਆ। ਅਸੀਂ 19 ਕਰੋੜ ਰੁਪਿਆ ਪਿਛਲੇ ਸਾਲ ਇਸ ਤੇ ਖਰਚ ਕਰ ਚੁੱਕੇ ਹਾਂ ਅਤੇ ਇਸ ਵਾਰੀ 10.87 ਕਰੋੜ ਰੁਪਿਆ ਹੋਰ ਪ੍ਰੋਵਾਈਡ ਕੀਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਇਸ ਅਮਾਊਂਟ ਨਾਲ ਸਾਡੀਆਂ ਗਲੀਆਂ ਨਾਲੀਆਂ ਕਾਫੀ ਹੱਦ ਤਕ ਮੁਕੰਮਲ ਹੋ ਜਾਣਗੀਆਂ। ਇਹ ਠੀਕ ਹੈ ਕਿ ਸਰਕਾਰ ਨੇ ਅਤੇ ਡਿਪਾਰਟਮੈਂਟ ਨੇ ਇਹ ਫੈਸਲਾ ਕੀਤਾ ਹੈ ਕਿ ਜਦੋਂ ਵੀ ਗਲੀ ਨਾਲੀ ਕਿਸੇ ਪਿੰਡ ਵਿੱਚ ਪੱਕੀ ਕਰਨੀ ਸ਼ੁਰੂ ਹੋਵੇ ਤਾਂ ਪਹਿਲਾਂ ਹਰੀਜਨਾਂ ਵਾਲੇ ਪਾਸੇ ਤੋਂ ਬਣੇ। ਪਰ ਅਜੇ ਵੀ ਕਈ ਥਾਵਾਂ ਤੇ ਅਜਿਹਾ ਨਹੀਂ ਹੋ ਰਿਹਾ। ਮੈਂ ਗੁਜ਼ਾਰਿਸ਼ ਕਰਾਂਗਾ ਕਿ ਇੱਕ ਸਿੰਗਲ ਲਾਈਨ ਆਰਡਰ ਹੋਣਾ ਚਾਹੀਦਾ ਹੈ ਕਿ ਜਿਹੜਾ ਪਿੰਡ ਦਾ ਸਰਪੰਚ ਹਰੀਜਨਾਂ ਦੇ ਇਲਾਕੇ ਦੀਆਂ ਗਲੀਆਂ ਨਾਲੀਆਂ ਪੱਕੀਆਂ ਕਰਨ ਨੂੰ ਪਹਿਲ ਨਹੀਂ ਦੇਵੇਗਾ, ਇਸ ਸਕੋਰ ਤੇ ਹੀ ਉਸਨੂੰ ਮੈਂਬਰੀ ਤੋਂ ਰਿਮੂਵ ਕਰ ਦਿੱਤਾ ਜਾਵੇਗਾ। ਜਿਹੜਾ ਬੀ.ਡੀ.ਓ. ਇਸ ਗਲ ਨੂੰ ਪ੍ਰਾਪਰਲੀ ਸੁਪਰਵਾਈਜ਼ ਨਹੀਂ ਕਰੇਗਾ, ਇਸ ਕੰਮ ਵਿੱਚ ਫੇਲ੍ਹ ਹੋਵੇਗਾ, ਉਸਨੂੰ ਆਟੋਮੈਟੀਕਲੀ ਇਸ ਗਲ ਲਈ ਰਿਸਪਾਂਸੀਬਲ ਕਰਾਰ ਦਿੱਤਾ ਜਾਵੇਗਾ ਕਿ ਮੈਂ ਇਸ ਗਲ ਨਾਲ ਸਹਿਮਤ ਹਾਂ।

ਡਿਪਟੀ ਸਪੀਕਰ ਸਾਹਿਬ, ਰੂਰਲ ਡਿਵੈਲਪਮੈਂਟ ਏਜੰਸੀ ਰਾਹੀਂ ਅਸੀਂ ਤਕਰੀਬਨ 48 ਕਰੋੜ ਜਮ੍ਹਾਂ 22.30 ਕਰੋੜ ਦੀ ਸਬਸਿਡੀ ਦਿੱਤੀ ਹੈ। ਇਹ 71 ਕਰੋੜ ਦੇ ਕਰੀਬ ਬਣ ਜਾਂਦੀ ਹੈ। 25 ਕਰੋੜ ਰੁਪਏ ਹੋਰ ਦਿੱਤੇ ਜਾ ਰਹੇ ਹਨ। ਮੈਂ ਕਹਾਂਗਾ ਕਿ ਸਾਡੀ ਕੋਸ਼ਿਸ਼ ਸਿਰਫ ਇਹ ਨਹੀਂ ਹੋਣੀ ਚਾਹੀਦੀ ਕਿ ਇਸ ਸਿਸਟਮ ਨੂੰ ਸੁਖਾਵਾਂ ਅਤੇ ਫੂਲ ਪਰੂਫ ਬਣਾਈਏ ਬਲਕਿ ਇਹ ਪ੍ਰੋਵਾਈਡ ਕਰੀਏ ਕਿ ਜਿਹੜਾ ਅਫ਼ਸਰ ਇਸ ਕੰਮ ਵਿੱਚ ਰੁਕਾਵਟਾਂ ਪਾਏਗਾ, ਉਸ ਨੂੰ ਇਸ ਗਲ ਲਈ ਜ਼ਿਮੇ-ਵਾਰ ਠਹਿਰਾਇਆ ਜਾਵੇਗਾ। ਇਸ ਚੀਜ਼ ਨੂੰ ਸਪੈਸ਼ਲ ਕਰਾਈਮ ਡਿਕਲੇਅਰ ਕੀਤਾ ਜਾਵੇ ਕਿਉਂਕਿ ਐਸਾ ਬੰਦਾ ਦੇਸ਼ ਦੀ ਤਰੱਕੀ ਦੇ ਰਾਹ ਵਿੱਚ ਰੁਕਾਵਟ ਪਾਉਂਦਾ ਹੈ। ਡਿਪਟੀ ਸਪੀਕਰ ਸਾਹਿਬ, ਪੰਚਾਇਤ ਘਰਾਂ ਦੀ ਬੜੀ ਵੱਡੀ ਲੋੜ ਹੈ। ਤਕਰੀਬਨ 20 ਲੱਖ ਰੁਪਿਆ ਪਿਛਲੇ ਸਾਲ ਇਸ ਵਾਸਤੇ ਰਖਿਆ ਸੀ। ਇਸ ਵਾਰੀ ਇਸ ਲਈ ਅਮਾਊਂਟ ਡਬਲ ਕਰ ਦਿੱਤੀ ਹੈ। ਇਸ ਗਲ ਲਈ ਵੀ ਮੈਂ ਬਹੁਤ ਬਹੁਤ ਵਧਾਈ ਦਿੰਦਾ ਹਾਂ।

ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਦੇ ਫਰੰਟ ਤੇ ਅਸੀਂ ਅੱਗੇ ਨਾਲੋਂ ਕਾਫੀ ਤਰੱਕੀ ਕੀਤੀ ਹੈ। ਅਸੀਂ 159.86 ਕਰੋੜ ਰੁਪਿਆ 1982-83 ਵਿੱਚ ਪ੍ਰੋਵਾਈਡ ਕੀਤਾ ਅਤੇ 172.59 ਕਰੋੜ ਰੁਪਿਆ ਇਸ ਸਾਲ ਵਿੱਚ ਪ੍ਰੋਵਾਈਡ ਕੀਤਾ ਹੈ। ਪੰਜਾਬ ਵਿੱਚ 12,188 ਪਿੰਡ ਹਨ ਅਤੇ 12,896 ਪ੍ਰਾਇਮਰੀ ਸਕੂਲ ਇਸ ਵੇਲੇ ਵਰਕ ਕਰ ਰਹੇ ਹਨ। ਇਹ ਪਲਾਨਿੰਗ ਕੀਤੀ ਗਈ ਕਿ ਹਰੇਕ ਪਿੰਡ ਵਿੱਚ ਇੱਕ ਪ੍ਰਾਇਮਰੀ ਸਕੂਲ ਖੋਲ੍ਹਿਆ ਜਾਵੇ। ਮੈਂ ਤਾਂ ਇਹ ਵੀ ਕਹਾਂਗਾ ਕਿ ਛੋਟੇ ਛੋਟੇ ਪਿੰਡਾਂ ਵਿੱਚ ਦੋ, ਦੋ ਪ੍ਰਾਇਮਰੀ ਸਕੂਲ ਵੀ ਚਲ ਰਹੇ ਹਨ। ਇੱਕ ਕੁੜੀਆਂ ਲਈ ਹੈ ਅਤੇ ਇੱਕ ਮੁੰਡਿਆਂ ਲਈ। ਮੇਰੀ ਰਾਇ ਹੈ ਕਿ ਇਨ੍ਹਾਂ ਦੋਨਾਂ ਨੂੰ ਅਮੈਲਗਾਮੇਟ ਕਰ ਦਿਓ। ਪ੍ਰਾਇਮਰੀ ਤਕ ਸਾਡੀ ਕੋ-ਐਜੂਕੇਸ਼ਨ ਹੈ। ਮੁੰਡਿਆਂ ਦੇ ਸਕੂਲਾਂ ਵਿੱਚ ਕੁੜੀਆਂ ਪੜ੍ਹਾਉਂਦੀਆਂ ਹਨ ਅਤੇ ਲੜਕੀਆਂ ਦੇ ਸਕੂਲਾਂ ਵਿੱਚ ਵੀ ਉਹ ਪੜ੍ਹਾਉਂਦੀਆਂ ਹਨ। ਇਸ ਤਰ੍ਹਾਂ ਅਮੈਲਗਾਮੇਟ ਕਰਨ ਨਾਲ ਇੱਕ ਤਾਂ ਸਟਾਫ ਦੀ ਬੱਚਤ ਹੋ ਜਾਵੇਗੀ। ਅੱਜ ਕੀ ਪੁਜ਼ੀਸ਼ਨ ਹੈ ਕਿ ਇੱਕ ਪ੍ਰਾਇਮਰੀ ਸਕੂਲ ਨੂੰ ਦੋ ਟੀਚਰ ਦਿੱਤੇ ਹੋਏ ਹਨ।

[ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ]

ਇਸ ਤਰੀਕੇ ਨਾਲ ਅਮੈਲਗਾਮੇਸ਼ਨ ਹੋਣ ਨਾਲ ਚਾਰ ਟੀਚਰ ਬੱਚਿਆਂ ਨੂੰ ਸਹੀ ਤੋਰ ਤੇ ਪੜ੍ਹਾ ਸਕਣਗੇ । ਇਸ ਨਾਲ ਐਜੂਕੇਸ਼ਨਲ ਤੋਰ ਤੇ ਪ੍ਰੋਫੀਸ਼ੈਂਸੀ ਆਵੇਗੀ। ਮੇਰੀ ਇਹ ਵੀ ਬੇਨਤੀ ਹੈ ਕਿ ਅਸੀਂ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਬਣਾਉਣ ਨੂੰ ਨੰਬਰ ਇੱਕ ਪ੍ਰੈਫਰੈਂਸ ਦਈਏ। ਜਿਸ ਮੰਦਰ ਵਿੱਚ ਜਾ ਕੇ ਮੁਲਕ ਦੇ ਮਾਸੂਮ ਬੱਚਿਆਂ ਨੇ ਦੇਸ਼ ਦਾ ਪ੍ਰਧਾਨ ਮੰਤਰੀ, ਮੁੱਖ ਮੰਤਰੀ, ਆਈ. ਏ. ਐਸ., ਪੀ.ਸੀ.ਐਸ., ਇੰਜੀਨੀਅਰ, ਪਬਲਿਕ ਮੈਨ ਬਣਨਾ ਹੈ, ਅਗਰ ਉਹ ਬੱਚਾ ਪਿੰਡ ਵਿੱਚ ਪੈਦਾ ਹੋ ਗਿਆ ਹੈ ਤਾਂ ਇਸ ਵਿੱਚ ਉਸਦਾ ਕੋਈ ਕਸੂਰ ਨਹੀਂ ਹੈ, ਅਸੀਂ ਕੰਪਲਸਰੀ ਪ੍ਰਾਇਮਰੀ ਐਜੂ-ਕੇਸ਼ਨ ਪ੍ਰੋਵਾਈਡ ਕੀਤੀ ਹੈ । ਅਸੀਂ ਕੰਸਟੀਚਿਊਸ਼ਨ ਦੇ ਡਾਇਰੈਕਟਿਵ ਪ੍ਰਿੰਸੀਪਲਜ਼ ਵਿੱਚ ਇਹ ਪ੍ਰੋਵਾਈਡ ਕੀਤਾ ਹੈ ਕਿ ਅਸੀਂ ਹਰ ਬੱਚੇ ਨੂੰ ਪ੍ਰਾਇਮਰੀ ਐਜੂਕੇਸ਼ਨ ਦਿਆਂਗੇ। ਪ੍ਰਾਇਮਰੀ ਐਜੂਕੇਸ਼ਨ ਦੇਣ ਦਾ ਮਤਲਬ ਇਹ ਨਹੀਂ ਕਿ ਉਸ ਨੂੰ ੳ, ਅ ਪੜ੍ਹਾ ਦਿੱਤਾ ਜਾਵੇ, ਦੋ ਜਮ੍ਹਾਂ ਚਾਰ ਛੇ ਹੁੰਦੇ ਹਨ, ਇਹ ਸਿਖਾ ਦਿੱਤਾ ਜਾਵੇ। ਉਸਦਾ ਹੱਕ ਹੈ ਕਿ ਪੜ੍ਹਨ ਵੇਲੇ ਮੀਂਹ ਹਨੇਰੀ ਅਤੇ ਝਖੜ ਤੋਂ ਉਸਦਾ ਬਚਾਅ ਹੋਵੇ। ਸਾਰੇ ਹਿੰਦੁਸਤਾਨ ਵਿੱਚ ਪੰਜਾਬ ਸ਼ਾਇਦ ਸਿੰਗਲ ਸਟੇਟ ਹੈ, ਜਿਸ ਨੇ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਬਣਾਉਣ ਦਾ ਬੀੜਾ ਚੁਕਿਆ ਹੈ। ਇਸ ਦੇ ਲਈ 1 ਕਰੋੜ ਪਹਿਲੇ ਸਾਲ, 1 ਕਰੋੜ ਦੂਜੇ ਸਾਲ ਅਤੇ ਇੱਕ ਕਰੋੜ ਰੁਪਿਆ ਤੀਜੇ ਸਾਲ ਰਖਿਆ ਹੈ । ਮੈਂ ਕਹਾਂਗਾ ਕਿ ਜਿਥੇ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਬਣ ਰਹੀਆਂ ਹਨ ਉਥੇ ਇਹ ਲਾਜ਼ਮੀ ਡਿਕਲੇਅਰ ਕੀਤਾ ਜਾਵੇ ਕਿ ਬੱਚਿਆਂ ਲਈ ਨਲਕਾ ਪਾਣੀ ਦਾ ਲੱਗੇ, ਉਥੇ ਸੀਮਿੰਟ ਦਾ ਬਲੈਕ ਬੋਰਡ ਬਣਾ ਦਿੱਤਾ ਜਾਵੇ ਅਤੇ ਇਕ ਅੱਧੀ ਅਲਮਾਰੀ ਵੀ ਬਣਾਈ ਜਾਵੇ ਤਾਂ ਕਿ ਹਾਜ਼ਰੀ ਦੇ ਰਜਿਸਟਰ ਅਤੇ ਹੋਰ ਮਾੜੇ ਮੋਟੇ ਕਾਗਜ਼ ਅਤੇ ਸਮਾਨ ਰਖੇ ਜਾ ਸਕਣ। ਪ੍ਰਾਇਮਰੀ ਟੀਚਰਜ਼ ਨੂੰ ਪੰਜਾਬ ਸਰਕਾਰ ਨੇ ਹੈਡ ਟੀਚਰਜ਼ ਅਤੇ ਸੈਂਟਰ ਟੀਚਰਜ਼ ਦੀਆਂ ਪੋਸਟਾਂ ਦਿੱਤੀਆਂ ਹਨ। 8238 ਹੈਡ ਟੀਚਰਜ਼ ਅਤੇ 1500 ਸੈਂਟਰ ਟੀਚਰਜ਼ ਦੀਆਂ ਪੋਸਟਾਂ ਪ੍ਰੋਵਾਈਡ ਕੀਤੀਆਂ ਹਨ। ਪੇਅਰੈਂਟ ਟੀਚਰਜ਼ ਐਸੋਸੀਏਸ਼ਨਜ਼ ਬਣਾਈਆਂ ਹਨ। 1 ਕਰੋੜ ਰੁਪਿਆ ਲਾਇਬਰੇਰੀਆਂ ਬਣਾਉਣ ਲਈ ਪ੍ਰੋਵਾਈਡ ਕੀਤਾ ਹੈ । ਮੈਂ ਲਾਇਬਰੇਰੀਆਂ ਨੂੰ ਇਕੂਇਪ ਕਰਨ ਦੇ ਖਿਲਾਫ ਨਹੀਂ। ਮੈਂ ਇੱਕ ਗਲ ਪੁੱਛਣੀ ਚਾਹੁੰਦਾ ਹਾਂ ਕਿ ਜਦੋਂ ਉਥੇ ਬਿਲਡਿੰਗ ਹੀ ਨਹੀਂ ਹੈ ਤਾਂ ਕਿਤਾਬਾਂ ਲਾਇਬਰੇਰੀ ਦੀਆਂ ਕਿਥੇ ਰਖੀਆਂ ਜਾਣਗੀਆਂ । ਫਾਰ ਗਾਡਜ਼ ਸੇਕ, ਇਸ ਤਰ੍ਹਾਂ ਨਾ ਕਰੋ। ਇਹ ਤਾਂ ਸਿਰਫ ਇੱਕ ਹੀ ਫਾਇਦਾ ਕਰੇਗੀ। ਕੁਝ ਬੰਦਿਆਂ ਦੀ ਕਮੇਟੀ ਬਣਾ ਦਿੱਤੀ ਜਾਵੇਗੀ ਅਤੇ ਜਿਹੜੀਆਂ ਕਿਤਾਬਾਂ ਪਬਲਿਸ਼ਰਜ਼ ਦੀਆਂ ਕਿਤੇ ਨਹੀਂ ਵਿਕਦੀਆਂ, ਉਹ ਇਸ ਤਰ੍ਹਾਂ ਪੂਲ ਵਿੱਚ ਖਰੀਦੀਆਂ ਜਾਣਗੀਆਂ। ਡਾਕਟਰ ਸਾਹਿਬ ਇਹ ਗਲ ਨੋਟ ਕਰਨ ਕਿ ਇਹ 1 ਕਰੋੜ ਰੁਪਿਆ ਜ਼ਾਇਆ ਨਾ ਕੀਤਾ ਜਾਵੇ।

ਇਹ ਜੋ ਇਕ ਕਰੋੜ ਰੁਪਿਆ ਦੇਣਾ ਹੈ, ਇਹ ਉਨ੍ਹਾਂ ਸਕੂਲਾਂ ਵਿਚ ਦਿਓ ਜਿਥੇ ਅਸਲ ਵਿਚ ਇਸ ਦੀ ਲੋੜ ਹੈ। ਜਿਥੇ ਬਿਲਡਿੰਗ ਦੀ ਲੋੜ ਹੈ, ਬਿਲਡਿੰਗ ਦਿਓ, ਜਿਥੇ ਕਿਤਾਬਾਂ ਦੀ ਲੋੜ ਹੈ ਕਿਤਾਬਾਂ ਦਿਓ ਔਰ ਉਹ ਕਿਤਾਬਾਂ ਦਿਓ ਜਿਹੜੀਆਂ ਉਥੇ ਲੋੜੀਂਦੀਆਂ ਹਨ। ਮੈਨੂੰ ਪਤਾ ਹੈ ਮੈਂ ਟੀਚਰ ਰਿਹਾ ਹਾਂ। ਮੈਂ ਤੁਹਾਨੂੰ ਦਸਦਾ ਹਾਂ ਕਿ ਲਾਇਬ੍ਰੇਰੀਆਂ ਦੀਆਂ ਜਿਹੜੀਆਂ ਕਿਤਾਬਾਂ ਖਰੀਦੀਆਂ ਜਾਂਦੀਆਂ ਹਨ, ਉਨ੍ਹਾਂ ਵਿਚ ਕਾਫੀ ਘਾਲਾਮਾਲਾ ਕੀਤਾ ਜਾਂਦਾ ਹੈ। ਅੰਮ੍ਰਿਤਸਰ ਦੇ ਵਿਚ ਜਿਹੜਾ ਡਿਸਟ੍ਰਿਕਟ ਐਜੂਕੇਸ਼ਨ ਅਫਸਰ ਲਗਿਆ ਹੋਇਆ ਹੈ He had his pet men. Books were purchased from the same publisher since he came here. Sports -material was purchased from the one dealer for the whole of the District. ਕੋਈ ਨਹੀਂ ਪੁੱਛਦਾ, ਅਨ੍ਹੇਰਗਰਦੀ ਪਈ ਹੋਈ ਹੈ । ਉਹ ਰਿਟਾਇਰ ਹੋ ਗਿਆ ਹੈ ਪਰ ਹਾਲੇ ਉਥੇ

ਬੈਠਾ ਹੈ, ਕਹਿੰਦਾ ਹੈ ਕਿ ਮੈਨੂੰ ਐਕਸਟੈਨਸ਼ਨ ਮਿਲ ਰਹੀ ਹੈ ਕਿਉਂਕਿ ਉਹ ਆਜ਼ਾਦੀ ਦੀ ਲੜਾਈ ਵੇਲੇ ਜੇਲ੍ਹ ਗਿਆ ਸੀ, ਭਾਵੇਂ ਉਹ 4 ਦਿਨ ਲਾਕੇ ਮੁਆਫ਼ੀ ਮੰਗ ਕੇ ਹੀ ਬਾਹਰ ਆ ਗਿਆ ਹੋਵੇ। ਡਿਪਟੀ ਸਪੀਕਰ ਸਾਹਿਬ, ਫਰੀਡਮ ਫਾਈਟਰ ਲਈ ਸ਼ਰਤ ਹੈ ਕਿ ਉਹ ਘੱਟੋ ਘੱਟ 6 ਮਹੀਨੇ ਜੇਲ੍ਹ ਵਿਚ ਰਿਹਾ ਹੋਵੇ, ਇਹ ਨਹੀਂ ਕਿ ਜੇਲ੍ਹ ਗਿਆ ਔਰ ਫਿਰ 4 ਦਿਨਾਂ ਬਾਅਦ ਦੇਸ਼ ਭਗਤਾਂ ਦੇ ਖਿਲਾਫ਼ ਗਵਾਹੀ ਦੇਕੇ ਔਰ ਮੁਆਫ਼ੀ ਮੰਗ ਕੇ ਬਾਹਰ ਆ ਗਿਆ ਹੋਵੇ ਤਾਂ ਉਸ ਨੂੰ ਵੀ ਫਰੀਡਮ ਫਾਈਟਰ ਟਰੀਟ ਕੀਤਾ ਜਾਵੇ। ਇਸ ਲਈ ਮੈਂ ਕਹਿੰਦਾ ਹਾਂ ਕਿ ਇਹ ਜਿਹੜੇ ਲੋਕ ਬੇਈਮਾਨ ਨੇ, ਜਿਹੜੇ ਪਬਲਿਕ ਮਨੀ ਨੂੰ ਵੇਸਟ ਕਰਦੇ ਹਨ, ਉਸ ਵੱਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

ਹੁਣ ਮੈਂ ਐਜੂਕੇਸ਼ਨ ਦੇ ਸਬੰਧ ਵਿਚ ਵੀ ਕੁਝ ਹੋਰ ਗੱਲਾਂ ਕਰਾਂਗਾ।

Since we have become free everybody is an educationist except those, who are educationists.

ਡਿਪਟੀ ਸਪੀਕਰ ਸਾਹਿਬ, ਇਹ ਹਾਲ ਹੋ ਗਿਆ ਹੈ। ਹਰ ਆਦਮੀ ਸ਼ਿਕਸ਼ਾ ਸ਼ਾਸਤਰੀ ਬਣਿਆ ਹੈ ਸਿਵਾਏ ਉਸ ਦੇ ਜਿਸ ਨੂੰ ਕਿ ਐਜੂਕੇਸ਼ਨ ਦੇ ਬਾਰੇ ਕੁਝ ਪਤਾ ਹੈ। ਉਸਨੂੰ ਕੋਈ ਐਜੂਕੇਸ਼ਨਸਿਟ ਨਹੀਂ ਕਹਿੰਦਾ। ਇਸ ਕਰਕੇ ਮੈਂ ਇਹ ਅਰਜ਼ ਕਰਾਂਗਾ ਕਿ ਅਗਰ ਤੁਸੀਂ ਕੋਈ ਨਵਾਂ ਸਿਸਟਮ ਇੰਟਰੋਡਿਊਸ ਕਰਨਾ ਹੈ ਤਾਂ ਸੋਚ ਕੇ ਕਰਨਾ। ਇਹ ਨਾ ਹੋਵੇ ਕਿ ਪਿਛੇ ਵਾਂਗ ਹਰ ਸਿਸਟਮ ਫੇਲ੍ਹ ਹੋਵੇ। ਪਿਛੇ ਕੀ ਹੋਇਆ, ਬੇਸਿਕ ਐਜੂਕੇਸ਼ਨ ਟਰਾਈ ਕੀਤੀ ਗਈ, ਉਹ ਸਿਸਟਮ ਫੇਲ੍ਹ ਹੋਇਆ। ਹਾਇਰ ਸੈਕੰਡਰੀ ਸਿਸਟਮ ਸ਼ੁਰੂ ਕੀਤਾ ਉਹ ਵੀ ਫੇਲ੍ਹ ਕਰ ਦਿੱਤਾ ਔਰ ਹੁਣ We are going to introduce this 10+2+3 system. I would like to fore-warn the State Government that before embarking upon the system of 10+2+3, they should assure that Pre-University education is detached from the colleges.

ਸ੍ਰੀ ਡਿਪਟੀ ਸਪੀਕਰ: ਤੁਸੀਂ 5 ਮਿੰਟਾਂ ਵਿਚ ਹੀ ਖਤਮ ਕਰ ਦਿਓ। ਮੇਰੇ ਕੋਲ ਇਹ ਜਿਹੜੀ ਲਿਸਟ ਅੱਜ ਬੋਲਣ ਵਾਲਿਆਂ ਦੀ ਆਈ ਹੈ, ਉਸ ਮੁਤਾਬਿਕ ਹੀ ਟਾਈਮ ਦੇਣਾ ਹੈ।

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ: ਔਰ ਜੇ ਤੁਸੀਂ ਇਹ ਸਾਈਮਲਟੇਨਿਅਸਲੀ ਚਲਾਓਗੇ ਤਾਂ ਇਹ ਸਿਸਟਮ ਫੇਲ੍ਹ ਹੋ ਜਾਵੇਗਾ and they will meet the same fate as the Multi-purpose or Higher Secondary system which has failed.

ਹੁਣ ਦੂਜੀ ਗਲ ਮੈਂ ਇਹ ਕਹਿਣੀ ਚਾਹੁੰਦਾ ਹਾਂ which is more important than anything ਕਿ ਜਿਹੜਾ ਇਕ ਡਿਪਾਰਟਮੈਂਟ ਵਿਚ ਬੰਦਾ ਲਗਿਆ ਹੈ he is a man behind the guns. He deals with the dead files and the files do not react. In the Education Department, the teachers deal with the living persons, who act and react, while dealing with the human element. ਇਸ ਲਈ ਅਸੀਂ ਉਸ ਨੂੰ ਸੈਟਿਸਫਾਈ ਰੱਖਣਾ ਹੈ। ਮੈਂ ਇਕ ਗਲ ਕੱਲ੍ਹ ਵੀ ਕਹੀ ਸੀ ਕਿ ਇਹ ਜਿਹੜੀ ਪ੍ਰਾਈਵੇਟ ਸਕੂਲਾਂ ਨੂੰ ਗਰਾਂਟ ਦੇਣੀ ਹੈ ਇਸ ਦੀ ਟਰਾਂਜ਼ੈਕਸ਼ਨ ਸਿੰਪਲੀਫਾਈ ਰਖੋ। ਅੱਜ ਡਿਪਟੀ ਸਪੀਕਰ ਸਾਹਿਬ, ਉਹ ਟੀਚਰਜ਼ ਇਕ ਮੰਗ ਕਰ ਰਹੇ ਹਨ ਕਿ ਉਨ੍ਹਾਂ ਨੂੰ ਪੈਨਸ਼ਨ ਦਿੱਤੀ ਜਾਵੇ, ਇਸ ਵਾਸਤੇ ਉਹ ਆਪਣਾ ਜਿਹੜਾ ਪ੍ਰੋਵੀਡੈਂਟ ਫੰਡ ਕਟਵਾਉਂਦੇ ਹਨ ਉਹ ਵੀ ਸਾਰਾ ਇਨ੍ਹਾਂ ਨੂੰ ਦੇਣ ਨੂੰ ਤਿਆਰ ਹਨ ਔਰ ਇਸ ਤੋਂ ਵੀ ਵੱਧ ਜਿਹੜਾ ਪਿਛਲਾ 10 ਸਾਲਾਂ ਵਿਚ ਪ੍ਰੋਵੀਡੈਂਟ ਫੰਡ ਕੱਟਿਆ ਹੈ, ਉਹ ਵੀ ਦੇਣ ਨੂੰ ਤਿਆਰ ਹਨ ਪਰ ਉਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਪੈਨਸ਼ਨ ਮਿਲਣੀ ਚਾਹੀਦੀ ਹੈ। ਪਰ ਇਹ ਉਸ ਤੇ ਰਾਜ਼ੀ ਨਹੀਂ ਹਨ। ਡਿਪਟੀ ਸਪੀਕਰ ਸਾਹਿਬ, ਸਿੱਧਾ ਸਾਦਾ

[ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ]

ਇਕ ਸਵਾਲ ਹੈ ਜੇ ਕੋਈ 10 ਰੁਪਏ ਦੇਵੇ ਔਰ ਇਹ ਕਹੇ ਕਿ ਮੈਨੂੰ ਖਰਬੂਜ਼ਾ ਚਾਹੀਦਾ ਹੈ ਤਾਂ ਐਜ਼ ਏ ਪਰੂਡੈਂਟ ਪਰਸਨ ਇਹ ਸੋਚਣਾ ਚਾਹੀਦਾ ਹੈ ਕਿ ਜੇ 10 ਰੁਪਏ ਰਖ ਕੇ ਖਰਬੂਜ਼ਾ 2 ਰੁਪਏ ਦਾ ਦਿੱਤਾ ਜਾਂਦਾ ਹੈ ਤਾਂ ਮਾੜਾ ਕੀ ਹੈ। ਉਨ੍ਹਾਂ ਦਾ ਇਕ ਕਰੋੜ 20 ਲੱਖ ਰੁਪਿਆ ਸਾਲ ਦਾ ਪ੍ਰੋਵੀਡੈਂਟ ਫੰਡ ਦਾ ਬਣਦਾ ਹੈ ਔਰ ਜੇ ਪਿਛਲੇ 10 ਸਾਲਾਂ ਦਾ ਉਨ੍ਹਾਂ ਦਾ ਪ੍ਰੋਵੀਡੈਂਟ ਫੰਡ ਗਿਣਿਆ ਜਾਵੇ ਤਾਂ 10 ਕਰੋੜ ਰੁਪਿਆ ਤਾਂ ਉਹ ਵੀ ਹੋ ਜਾਵੇਗਾ, ਫਿਰ ਉਹ ਰੁਪਿਆ ਰਖ ਕੇ ਇਨ੍ਹਾਂ ਨੂੰ ਪੈਨਸ਼ਨ ਔਰ ਗਰੈਚੁਟੀ ਦੇਣ ਨੂੰ ਕੀ ਹਰਜ ਹੈ। ਇਹ ਵੀ ਸਾਰਾ ਹਿਸਾਬ ਲਾਇਆ ਹੈ ਕਿ ਜੇ ਉਨ੍ਹਾਂ ਨੂੰ ਪੈਨਸ਼ਨ ਔਰ ਗਰੈਚੂਅਟੀ ਦਿੱਤੀ ਜਾਵੇ ਤਾਂ ਪਹਿਲੇ ਸਾਲ 15 ਲੱਖ, ਦੂਜੇ ਸਾਲ 20 ਲੱਖ, ਤੀਜੇ ਸਾਲ 35 ਲੱਖ ਔਰ ਚੌਥੇ ਸਾਲ ਜਾਕੇ 55 ਲੱਖ ਬਣਦਾ ਹੈ। ਪਰ ਫਿਰ ਵੀ ਇਹ ਨਹੀਂ ਮੰਨਦੇ। ਇਹ ਕੀ ਕਹਿੰਦੇ ਹਨ ਕਿ ਜੇ ਇਨ੍ਹਾਂ ਨੂੰ ਪੈਨਸ਼ਨ ਔਰ ਗਰੈਚੂਅਟੀ ਦੇ ਦਿੱਤੀ ਤਾਂ ਹੋਰ ਵੀ ਮੰਗਣਗੇ। ਡਿਪਟੀ ਸਪੀਕਰ ਸਾਹਿਬ, ਉਹ ਆਪਣਾ ਇਕ ਕਰੋੜ ਰੁਪਿਆ ਸਾਲ ਦਾ ਦੇ ਕੇ 55 ਜਾਂ 60 ਲੱਖ ਰੁਪਿਆ ਪੈਨਸ਼ਨ ਔਰ ਗਰੈਚੂਅਟੀ ਦੇ ਤੌਰ ਤੇ ਮੰਗਦੇ ਹਨ ਤਾਂ ਇਹ ਉਨ੍ਹਾਂ ਦਾ ਰਾਈਟ ਹੈ। ਉਹ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਕੰਮ ਕਰਦੇ ਹਨ। Teachers are appointed with the approval of the Government, and the Government pays them 95% of the grant. ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਸਕੂਲਾਂ ਨੂੰ ਜਿਨ੍ਹਾਂ ਨੂੰ ਸਰਕਾਰ ਗਰਾਂਟ ਦਿੰਦੀ ਹੈ, ਪਰ ਉਨ੍ਹਾਂ ਸਕੂਲਾਂ ਦੇ ਟੀਚਰਾਂ ਦੀ ਸਿਕਿਉਰਿਟੀ ਆਫ਼ ਸਰਵਿਸ ਵਾਸਤੇ ਅਸੀਂ ਕੋਈ ਰੂਲ ਫਰੇਮ ਨਹੀਂ ਕੀਤੇ। ਇਸ ਤੋਂ ਵੀ ਅੱਗੇ ਮੈਂ ਦਸਦਾ ਹਾਂ ਕਿ ਪੰਜਾਬ ਗੌਰਮਿੰਟ ਨੇ 1 ਜਨਵਰੀ, 1978 ਤੋਂ ਨਵੇਂ ਗਰੇਡ ਦਿੱਤੇ ਔਰ ਨਾਲ ਹੀ ਇਹ ਕਿਹਾ ਕਿ 20% ਸਿਲੈਕਸ਼ਨ ਗਰੇਡ ਦਿਆਂਗੇ। ਫਿਰ ਇਹ ਜਿਹੜੇ ਟੀਚਰਜ਼ ਹਨ ਉਨ੍ਹਾਂ ਨੂੰ ਕਿਉਂ ਨਹੀਂ ਸਿਲੈਕਸ਼ਨ ਗਰੇਡ ਦਿੱਤਾ ਗਿਆ? ਕੀ ਉਹ ਤੁਹਾਡੇ ਦੁਸ਼ਮਣ ਹਨ ਔਰ ਜਿਹੜੇ ਸੈਕਰੀਟੇਰੀਏਟ ਵਿਚ ਸਰਵਿਸ ਕਰਦੇ ਹਨ, ਉਹ ਦੋਸਤ ਹਨ। I would like to know why calculations are not made for that. Is it because they are not sitting in the Secretariat and there is nobody who can talk about them, and who can compel for them? What is the reason? ਹੁਣ ਮੈਂ ਤੁਹਾਨੂੰ ਇਕ ਹੋਰ ਗਲ ਦਸਦਾ ਹਾਂ ਕਿ ਪੰਜਾਬ ਗੌਰਮਿੰਟ ਦਾ ਫੈਸਲਾ ਹੈ ਕਿ ਜਿਹੜਾ ਇਥੇ ਫਿਨਾਂਸ ਨੂੰ ਡੀਲ ਕਰਦਾ ਹੈ ਉਸ ਨੂੰ 25 ਰੁਪਏ ਮਹੀਨਾ ਐਕਸਟਰਾ ਦਿੱਤੇ ਜਾਂਦੇ ਹਨ, ਭਾਵੇਂ ਉਹ 100 ਆਦਮੀਆਂ ਦੇ ਫਿਨਾਂਸ ਨੂੰ ਡੀਲ ਕਰਦਾ ਹੈ ਜਾਂ 200 ਆਦਮੀਆਂ ਦੇ ਫਿਨਾਂਸ ਨੂੰ ਡੀਲ ਕਰਦਾ ਹੈ। ਪਰ ਇਕ ਡੀ.ਈ.ਓ. ਜਿਹੜਾ 500 ਜਾਂ ਹਜ਼ਾਰ ਆਦਮੀਆਂ ਨੂੰ ਤਨਖਾਹਾਂ ਦਿੰਦਾ ਹਾਂ, ਉਸ ਨੂੰ ਇਹ ਪੈਸੇ ਕਿਉਂ ਨਹੀਂ ਦਿੱਤੇ ਜਾਂਦੇ। ਹਰ ਡਿਪਾਰਟਮੈਂਟ ਵਿਚ ਇਹ 25 ਰੁਪਏ ਵੱਧ ਫਿਨਾਂਸ ਨੂੰ ਡੀਲ ਕਰਨ ਵਾਲੇ ਨੂੰ ਦਿੱਤੇ ਜਾਂਦੇ ਹਨ ਸਿਵਾਏ ਐਜੂਕੇਸ਼ਨ ਡਿਪਾਰਟਮੈਂਟ ਦੇ। ਇਸ ਲਈ ਮੈਂ ਇਹ ਫਿਰ ਕਹਿੰਦਾ ਹਾਂ ਕਿ ਇਹ ਜਿਹੜੀਆਂ ਉਨ੍ਹਾਂ ਦੀਆਂ ਮੰਗਾਂ ਹਨ, ਉਨ੍ਹਾਂ ਵਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਇਕ ਗਲ ਮੈਂ ਹੋਰ ਦਸਦਾ ਹਾਂ ਕਿ ਇਕ ਵੋਕੇਸ਼ਨਲ ਟਰੇਨਿੰਗ ਸੈਂਟਰ ਹੈ ਉਸ ਦਾ ਜਿਹੜਾ ਟੀਚਰ ਹੈ, whose qualification is Matric with one or two years I.T.I. Diploma. May I ask whether they are to get less than a Sweeper or even a Class IV Employee ? Similarly there are Laboratory Attendants, who are working in the Institutions. One Laboratory Attendant works in the Workshop and the other works in the Institution. Why the pays of the two are dif- ferent ? They are sitting on hunger strike for the last ten days. ਡੀ.ਪੀ.ਆਈ. ਅਤੇ ਸੈਕਟਰੀ ਐਜੂਕੇਸ਼ਨ ਦੀ ਡਿਊਟੀ ਹੈ ਕਿ

ਉਨ੍ਹਾਂ ਦੇ ਨਾਲ ਗੱਲਬਾਤ ਕਰੇ। ਅਸੀਂ ਪ੍ਰਿੰਸੀਪਲ ਤਹਿ ਕੀਤਾ ਹੈ ਕਿ ਕਮਿਸ਼ਨ ਬਣਾਇਆ ਜਾਵੇ ਅਤੇ ਉਸ ਦੀਆਂ ਰਿਕੁਮੈਂਡੇਸ਼ਨਜ਼ ਨੂੰ ਲਾਗੂ ਕੀਤਾ ਜਾਵੇ। ਲੇਬਾਰੇਟਰੀ ਅਟੈਂਡੈਂਟ ਜਿਹੜਾ ਲੇਬਾਰੇਟਰੀ ਵਿਚ ਕੰਮ ਕਰਦਾ ਹੈ, ਉਸ ਦਾ ਗਰੇਡ ਕੁੱਝ ਹੋਰ ਹੈ ਅਤੇ ਜਿਹੜਾ ਲੇਬਾਰੇਟਰੀ ਅਟੈਂਡੈਂਟ ਵਰਕਸ਼ਾਪ ਵਿਚ ਕੰਮ ਕਰਦਾ ਹੈ, ਉਸ ਦਾ ਗਰੇਡ ਕੁੱਝ ਹੋਰ ਹੈ। ਇਹ ਫਰਕ ਕਿਉਂ ਹੈ? ਇਹ ਦੂਰ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਕਾਲਜ ਟੀਚਰਜ਼ ਨੂੰ ਇਸ ਸਾਲ 7.65 ਕਰੋੜ ਰੁਪਏ ਦੀ ਗ੍ਰਾਂਟ-ਇਨ-ਏਡ ਦੇਣੀ ਹੈ ਅਤੇ ਉਨ੍ਹਾਂ ਨੇ ਪ੍ਰਾਵੀਡੈਂਟ ਫੰਡਜ਼ ਵਿਚ 7.65 ਲੱਖ ਰੁਪਿਆ ਦੇਣਾ ਹੈ। ਜੇਕਰ ਇਸ ਨੂੰ ਅਸੀਂ ਹਿਸਾਬ ਲਗਾ ਕੇ ਵੇਖੀਏ ਤਾਂ ਪਤਾ ਲਗਦਾ ਹੈ ਕਿ ਸਰਕਾਰ ਨੂੰ ਇਸ ਦੇ ਵਿਚ ਫਾਇਦਾ ਹੀ ਹੋਵੇਗਾ ਚਾਹੇ ਤੁਸੀਂ ਉਨ੍ਹਾਂ ਤੋਂ ਔਪਸ਼ਨ ਲੈ ਲਵੋ। ਮੈਨੂੰ ਪਤਾ ਹੈ ਕਿ ਕਈ ਬੰਦੇ ਚਾਹੁੰਣਗੇ ਕਿ ਪ੍ਰਾਵੀਡੈਂਟ ਫੰਡਜ਼ ਦਾ ਬੈਨੀਫਿਟ ਰਖਿਆ ਜਾਵੇ। ਸਰਕਾਰ ਨੇ ਇਹ ਬੜਾ ਚੰਗਾ ਕੰਮ ਕੀਤਾ ਹੈ ਕਿ ਕਾਲਜ ਟੀਚਰਜ਼ ਨੂੰ ਮੈਡੀਕਲ ਅਲਾਊਂਸ 10 ਰੁਪਿਆ ਦਿੱਤਾ ਹੈ ਪਰ ਪੀਅਨ, ਚੌਕੀਦਾਰ, ਸਵੀਪਰਜ਼ ਨੂੰ ਵੀ ਇਹ ਅਲਾਊਂਸ ਦੇ ਦਿਓ। ਇਸੇ ਤਰ੍ਹਾਂ ਹਾਊਸ ਰੈਂਟ ਜਿਸ ਤਰ੍ਹਾਂ ਸਰਕਾਰੀ ਕਾਲਜ ਟੀਚਰਜ਼ ਨੂੰ ਮਿਲਦਾ ਹੈ ਉਸੇ ਤਰ੍ਹਾਂ ਇਹ ਅਲਾਊਂਸ ਪ੍ਰਾਈਵੇਟ ਕਾਲਜ ਅਤੇ ਪ੍ਰਾਈਵੇਟ ਸਕੂਲ ਟੀਚਰਜ਼ ਨੂੰ ਮਿਲਣਾ ਚਾਹੀਦਾ ਹੈ, ਉਸੇ ਸ਼ਹਿਰ ਵਿਚ ਹੀ ਉਹ ਰਹਿੰਦੇ ਹਨ। ਪਰ ਉਨ੍ਹਾਂ ਨੂੰ ਪੈਨਸ਼ਨ ਵੀ ਜ਼ਰੂਰ ਦਿਓ ਔਰ ਇਹ 83 ਲੱਖ ਰੁਪਿਆ ਬਣਦੀ ਹੈ। ਉਨ੍ਹਾਂ ਦੀ ਡੀਮਾਂਡ 1978 ਦੀ ਸੀ ਜਿਹੜੀ ਤੁਸੀਂ 1983 ਵਿਚ ਮੰਨੀ ਹੈ। ਇਸੇ ਤਰ੍ਹਾਂ ਤੁਸੀਂ ਕਲਰਕ, ਜਮਾਂਦਾਰ, ਮਾਸਟਰ ਦੀ ਜਿਹੜੀ ਅਨੋਮਲੀ ਹੈ, ਉਸ ਨੂੰ ਵੀ ਦੂਰ ਕਰ ਦਿਓ ਔਰ ਇਸ ਵਿਚ ਸਰਕਾਰ ਦਾ ਫਾਇਦਾ ਹੈ। ਇਸ ਤੋਂ ਇਲਾਵਾ ਜਿਹੜੇ ਹਾਈ ਸਕੂਲ ਦੇ ਹੈਡਮਾਸਟਰ ਹਨ, ਉਨ੍ਹਾਂ ਨੂੰ ਤਨਖਾਹ ਉਹੀ ਮਿਲਦੀ ਹੈ ਜਿਹੜੀ ਉਸ ਨੂੰ ਪਹਿਲੇ ਮਿਲਦੀ ਹੁੰਦੀ ਸੀ। ਇਸ ਦੀ ਜਿਹੜੀ ਅਨੋਮਲੀ ਬਣਦੀ ਹੈ ਉਸ ਨੂੰ ਦੂਰ ਕਰ ਦੇਣਾ ਚਾਹੀਦਾ ਹੈ ਜਿਸ ਤਰ੍ਹਾਂ ਕੋਠਾਰੀ ਕਮਿਸ਼ਨ ਵਿਚ ਲਿਖਿਆ ਹੋਇਆ ਹੈ ਕਿ

> "That Head of Educational Institution shall be paid one of the grades admissible to a College Lecturer keeping in view his qualification and the strength of a school."

ਕਾਲਜ ਟੀਚਰ ਨੂੰ ਗਰੇਡ 700--1600 ਦਾ ਦਿੱਤਾ ਹੋਇਆ ਹੈ। ਕਾਲਜ ਲੈਕਚਰਾਰ ਗਜ਼ਟਿਡ ਹਨ ਔਰ ਜਿਹੜੇ ਸਕੂਲਾਂ ਦੇ ਹੈਡ ਮਾਸਟਰ ਹਨ ਉਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਸਟੇਟੱਸ ਗਜ਼ਟਿਡ ਦਾ ਦਿੱਤਾ ਜਾਵੇ। ਤੁਸੀਂ ਕਈ ਆਪਣੇ ਪ੍ਰੋਜੈਕਟ ਅਫ਼ਸਰ ਲਗਾਉਣੇ ਹੁੰਦੇ ਹਨ ਜਿਸ ਤਰ੍ਹਾਂ ਬੀ.ਈ.ਓਜ਼., ਡੀ.ਈ.ਓਜ਼. ਹਨ। ਸਰਕਾਰ ਨੇ ਉਨ੍ਹਾਂ ਨੂੰ ਕੋਈ ਪੈਸਾ ਆਪਣੇ ਕੋਲੋਂ ਨਹੀਂ ਦੇਣਾ ਹੈ, ਪਰ ਸਿਰਫ ਸਟੇਟੱਸ ਦੇਣਾ ਹੈ। ਇਸ ਵਿਚ ਸਰਕਾਰ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ ਹੈ ਔਰ ਇਸ ਵਿਚ ਉਨ੍ਹਾਂ ਦੀ ਤਸੱਲੀ ਹੋ ਜਾਵੇ ਗੀ ਅਗਰ ਹਾਈ ਸਕੂਲ ਦੇ ਹੈਡ ਮਾਸਟਰ ਨੂੰ ਕਲਾਸ-2 ਕਰ ਦਿਓ ਅਤੇ ਹਾਇਰ ਸੈਕੰਡਰੀ ਸਕੂਲ ਦੇ ਹੈਡਮਾਸਟਰ ਨੂੰ ਕਲਾਸ-1 ਕਰ ਦਿਓ। ਜਿਹੜੀਆਂ ਡੀ.ਈ.ਓਜ਼ ਦੀਆਂ ਪੋਸਟਾਂ ਹਨ ਉਥੇ ਕਲਾਸ-1 ਆਦਮੀ ਲਗਾਇਆ ਕਰੋ ਤਾਕਿ ਕੋਈ ਕਹੇ ਤਾਂ ਉਸ ਨੂੰ ਕਹਿ ਸਕੀਏ ਕਿ ਕਲਾਸ-1 ਨੇ ਲਗਣਾ ਹੈ। ਇਸ ਤਰ੍ਹਾਂ ਦੀਆਂ ਛੋਟੀਆਂ ਛੋਟੀਆਂ ਗੱਲਾਂ ਹਨ ਜਿਨ੍ਹਾਂ ਨੂੰ ਦੂਰ ਕਰਨ ਦੀ ਲੋੜ ਹੈ। ਫੇਰ ਤੁਸੀਂ ਦੇਖੋ 1 ਨਵੰਬਰ, 1966 ਤੋਂ ਬਾਦ ਐਜੂਕੇਸ਼ਨ ਮਹਿਕਮੇ ਨੇ ਕਿੰਨੀਆਂ ਕਨਫਰਮੇਸ਼ਨਾਂ ਕੀਤੀਆਂ ਹਨ ਅਤੇ ਕਿੰਨਿਆਂ ਨੂੰ ਐਫੀਸ਼ੈਂਸੀ ਬਾਰ ਦੀ ਇਨਕਰੀਮੈਂਟ ਰਿਲੀਜ਼ ਕੀਤੀ ਹੈ। ਕਈਆਂ ਨੂੰ ਇਹ ਇਨਕਰੀਮੈਂਟ ਮਿਲ ਜਾਂਦੀ ਹੈ ਅਤੇ ਕਈਆਂ ਨੂੰ ਹਾਲੇ ਤੱਕ ਕਈਆਂ ਸਾਲਾਂ ਤੋਂ ਮਿਲ ਹੀ ਨਹੀਂ ਰਹੀ। ਇਨ੍ਹਾਂ ਨੇ ਐਜੂਕੇਸ਼ਨ ਮਹਿਕਮੇ ਵਿਚ ਇਕ ਅੰਡਰ ਸੈਕਟਰੀ ਲਗਾ ਦਿੱਤਾ ਹੈ, ਜਿਸ ਦਾ ਮੈਂ ਨਾਂ ਨਹੀਂ ਲੈਣਾ ਚਾਹੁੰਦਾ। ਉਹ ਹਰ ਰੋਜ਼ ਇਕ ਚਿੱਠੀ ਕੱਢ ਦਿੰਦਾ ਹੈ, ਜਿਸ ਨਾਲ ਟੀਚਰਜ਼ ਵਿਚ ਰੋਸ ਪੈਦਾ ਹੁੰਦਾ ਹੈ ਔਰ ਹਰ ਰੋਜ਼ ਮੁਰਦਾਬਾਦ ਦੇ ਨਾਅਰੇ ਲਗਦੇ ਹਨ। ਜੇਕਰ

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਕਿਸੇ ਸਕੂਲ ਟੀਚਰ ਨੇ ਆਪਣੀ ਐਜੂਕੇਸ਼ਨ ਨੂੰ ਇੰਪਰੂਵ ਕਰਨਾ ਹੋਵੇ ਤਾਂ ਉਹ ਪਰਮਿਸ਼ਨ ਲੈਂਦਾ ਹੈ ਜਿਸ ਲਈ ਮਹਿਕਮੇ ਨੇ ਲਿਖ ਕੇ ਭੇਜ ਦਿੱਤਾ ਹੈ ਕਿ ਇਸ ਤੇ ਪਾਬੰਦੀ ਲਗਾ ਦਿੱਤੀ ਜਾਵੇ। ਮੈਨੂੰ ਸਮਝ ਨਹੀਂ ਆਉਂਦੀ ਅਗਰ ਕੋਈ ਆਪਣੀ ਐਜੂਕੇਸ਼ਨ ਨੂੰ ਇੰਪਰੂਵ ਕਰਨਾ ਚਾਹੁੰਦਾ ਹੈ ਤਾਂ ਉਸ ਦੇ ਵਿਚ ਸਰਕਾਰ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਅਡਲੱਟ ਐਜੂਕੇਸ਼ਨ ਵਿਚ ਸਰਕਾਰ ਨੇ ਬਹੁਤ ਚੰਗਾ ਕੰਮ ਕੀਤਾ ਹੈ ਔਰ ਇਸ ਦੇ ਵਿਚ ਸਟੂਡੈਂਟਸ ਨੂੰ ਇਨਵਾਲਵ ਕੀਤਾ ਹੈ ਔਰ ਇਸ ਦੇ ਵਿਚ ਸਟੂਡੈਂਟਸ ਦਾ ਰੋਲ ਪੇ ਕਰਦਾ ਹੈ। ਪਿੰਡਾਂ ਦੀ ਡਿਵੈਲਪਮੈਂਟ ਐਕਟਿਵਿਟੀਜ਼ ਵਿਚ ਸਟੂਡੈਂਟ ਨੂੰ ਇਨਵਾਲਵ ਕਰਨਾ ਚਾਹੀਦਾ ਹੈ ਅਤੇ ਉਹ ਸਰਕਾਰ ਨੂੰ ਪੂਰੀ ਖਬਰ ਦੇਣਗੇ ਕਿ ਇਸ ਦੇ ਵਿਚ ਕੀ ਨੁਕਸ ਰਹਿ ਗਿਆ ਹੈ। ਮੇਰੇ ਹਲਕੇ ਵਿਚ ਸਟੂਡੈਂਟਸ ਛੋਟੇ ਛੋਟੇ ਮੁੰਡੇ ਕੰਮ ਕਰਦੇ ਹਨ, ਜਿਹੜੇ ਮੈਨੂੰ ਆ ਕੇ ਦੱਸ ਦਿੰਦੇ ਹਨ ਕਿ ਇਸ ਦੇ ਵਿਚ ਸੀਮਿੰਟ ਥੋੜ੍ਹਾ ਲਗਾ ਹੈ ਔਰ ਇਸੇ ਤਰ੍ਹਾਂ ਪਿੰਡਾਂ ਦੀਆਂ ਗੱਲੀਆਂ ਨਾਲੀਆਂ ਪੱਕੀਆਂ ਕਰਨ ਵਿਚ ਸਟੂਡੈਂਟਸ ਨੂੰ ਇਨਵਾਲਵ ਕੀਤਾ ਹੈ। ਬਾਕੀ ਐਜੂਕੇਸ਼ਨ ਮਹਿਕਮੇ ਤੋਂ ਇਲਾਵਾ ਸ਼ਹਿਰਾਂ ਵਿਚ 3 ਹੋਰ ਵੱਡੇ ਮਹਿਕਮੇ ਹਨ, ਜਿਨ੍ਹਾਂ ਦੇ ਜੀ.ਪੀ.ਫੰਡਜ਼ ਦਾ ਕੋਈ ਹਿਸਾਬ ਕਿਤਾਬ ਏ.ਜੀ. ਆਫਿਸ ਤੋਂ ਮਿਲਦਾ ਨਹੀਂ ਹੈ ਅਤੇ ਆਪਣੇ ਅਕਾਊਂਟ ਨੂੰ ਠੀਕ ਕਰਵਾਉਣ ਲਈ ਉਨ੍ਹਾਂ ਨੂੰ ਚੰਡੀਗੜ੍ਹ ਆਉਣਾ ਪੈਂਦਾ ਹੈ। ਇਸ ਲਈ ਉਨ੍ਹਾਂ ਦੇ ਅਕਾਊਂਟਸ ਨੂੰ ਮੇਨਟੇਨ ਕਰਨ ਲਈ ਚਾਹੇ ਏ.ਜੀ. ਆਫਿਸ ਵਾਲੇ ਡਿਸਟ੍ਰਿਕ ਲੈਵਲ ਤੇ ਦਫਤਰ ਖੋਲ੍ਹ ਲੈਣ ਜਿਥੇ ਇਨ੍ਹਾਂ ਚਾਰ ਮਹਿਕਮੇ ਜਿਨ੍ਹਾਂ ਵਿਚ ਐਜੂਕੇਸ਼ਨ, ਇਰੀਗੇਸ਼ਨ, ਹੈਲਥ ਅਤੇ ਕੋਆਪਰੇਟਿਵ ਦੇ ਮਹਿਕਮੇ ਦੇ ਲਈ ਅਕਾਊਂਟ ਹੋਣੇ ਚਾਹੀਦੇ ਹਨ ਔਰ ਜਿਹੜੇ ਚੰਡੀਗੜ੍ਹ ਦੇ ਇੰਪਲਾਈਜ਼ ਹਨ ਉਹ ਚੰਡੀਗੜ੍ਹ ਦੇ ਲੋਕਲ ਦਫਤਰ ਤੋਂ ਆਪਣੇ ਅਕਾਊਂਟ ਨੂੰ ਠੀਕ ਕਰਵਾ ਸਕਦੇ ਹਨ। ਕਲਾਸੀਕਲ ਵਰਨੈਕੂਲਰ ਟੀਚਰਜ਼ ਨੂੰ ਪਰਮੋਸ਼ਨ ਦਾ ਚੈਨਲ ਜ਼ਰੂਰ ਹੋਣਾ ਚਾਹੀਦਾ ਹੈ। ਸਪੋਰਟ ਮਹਿਕਮੇ ਦਾ ਬਜਟ ਵਧਾ ਦਿੱਤਾ ਹੈ, ਇਹ ਬੜੀ ਖੁਸ਼ੀ ਦੀ ਗੱਲ ਹੈ। ਜਦੋਂ ਕੋਈ ਖਿਡਾਰੀ ਪੰਜਾਬ ਦਾ ਹੋਵੇ ਜਾਂ ਹਿੰਦੁਸਤਾਨ ਦਾ ਹੋਵੇ ਉਹ ਜਿੱਤਦਾ ਹੈ ਤਾਂ ਸਾਨੂੰ ਬੜਾ ਮਾਣ ਹੁੰਦਾ ਹੈ। ਏਸ਼ੀਅਨ ਗੇਮਜ਼ ਵਿਚ ਸਾਡੀ ਸਰਕਾਰ ਨੇ ਐਲਾਨ ਕੀਤਾ ਸੀ ਕਿ ਜਿਹੜਾ ਮੁੰਡਾ ਜਾਂ ਕੁੜੀ ਗੋਲਡ ਮੈਡਲ ਲੈ ਕੇ ਫਸਟ ਆਏਗਾ ਜਾਂ ਆਏਗੀ ਤਾਂ ਉਸ ਨੂੰ ਇਕ ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ ਪਰ ਦੂਜੀਆਂ ਸਟੇਟਾਂ ਨੇ ਦੂਜੇ ਨੰਬਰ ਵਾਲੇ ਅਤੇ ਤੀਜੇ ਨੰਬਰ ਵਾਲੇ ਨੂੰ ਵੀ ਇਨਾਮ ਦਿੱਤੇ ਹਨ। ਸਰਕਾਰ ਵਲੋਂ ਇਹ ਇਕ ਫੈਸਲਾ ਹੋਣਾ ਚਾਹੀਦਾ ਹੈ ਕਿ ਜਿਹੜਾ ਵੀ ਇੰਟਰਨੈਸ਼ਨਲ ਗੇਮਜ਼ ਵਿਚ ਫਸਟ ਗੋਲਡ ਮੈਡਲ ਲੈ ਕੇ ਆਵੇ ਉਸ ਨੂੰ ਇਕ ਲੱਖ ਰੁਪਿਆ ਇਨਾਮ ਮਿਲੇਗਾ ਅਤੇ ਚਾਂਦੀ ਦੇ ਮੈਡਲ ਵਾਲੇ ਨੂੰ 50 ਹਜ਼ਾਰ ਰੁਪਿਆ ਅਤੇ ਕਾਂਸੀ ਦੇ ਮੈਡਲ ਵਾਲੇ ਨੂੰ 25 ਹਜ਼ਾਰ ਰੁਪਿਆ ਇਨਾਮ ਦਿੱਤਾ ਜਾਵੇਗਾ। ਇਹ ਠੀਕ ਹੈ ਕਿ ਸਰਕਾਰ ਨੇ ਸਪੋਰਟ ਦੇ 3 ਵਿੰਗਾਂ ਨੂੰ ਇਕੱਠਾ ਕਰ ਦਿੱਤਾ ਹੈ ਜਿਹੜੇ ਪਹਿਲੇ ਅਲਗ ਅਲਗ ਸਨ, ਪਰ ਜਦ ਤੱਕ ਤੁਸੀਂ ਖਿਡਾਰੀਆਂ ਲਈ ਸਟੇਡਿਅਮ ਨਹੀਂ ਬਣਾਉਂਦੇ ਉਤਨੀ ਦੇਰ ਤੱਕ ਇਸ ਦੇ ਵਿਚ ਡਿਵੈਲਪਮੈਂਟ ਨਹੀਂ ਹੋ ਸਕਦੀ ਹੈ। ਜੇਕਰ ਤੁਸੀਂ ਸੋਚੋ ਕਿ ਲੋਕ ਆਪਣੇ ਆਪ ਬਣਾ ਲੈਣਗੇ ਤਾਂ ਇਸ ਵਿਚ ਕਾਫੀ ਖਰਚਾ ਆਉਂਦਾ ਹੈ ਇਸ ਕਰਕੇ ਸਰਕਾਰ ਨੂੰ ਆਪਣੇ ਆਪ ਸਟੇਡਿਅਮ ਬਣਾ ਕੇ ਦੇਣੇ ਚਾਹੀਦੇ ਹਨ। ਇਹ ਠੀਕ ਹੈ ਰੂਰਲ ਏਰੀਆਜ਼ ਵਿਚ ਸਟੇਡਿਅਮ ਸਸਤੇ ਬਣ ਸਕਦੇ ਹਨ ਅਤੇ ਉਥੇ ਬਣਾ ਕੇ ਦਿਓ। ਕਿਉਂਕਿ ਇਸ ਦੇ ਆਲੇ ਦੁਆਲੇ ਮਿੱਟੀ ਅਤੇ ਇੱਟਾਂ ਦੀ ਜ਼ਰੂਰਤ ਹੁੰਦੀ ਹੈ ਅਤੇ ਕੰਧਾਂ ਖੜੀਆਂ ਕਰ ਦਿਓ। ਜਿਹੜੇ ਸਪੋਰਟਸ ਮੈਨ ਅਤੇ ਵੂਮੈਨ ਹਨ ਔਰ ਸਪੋਰਟ ਤੋਂ ਜਦੋਂ ਰਿਟਾਇਅਰ ਹੋ ਜਾਂਦੇ ਹਨ, ਉਨ੍ਹਾਂ ਨੂੰ ਮਾਣ ਸਰਕਾਰ ਦੇਵੇ ਅਤੇ ਸਾਡਾ ਸਿਰ ਉਨ੍ਹਾਂ ਦੇ ਅੱਗੇ ਝੁਕ ਜਾਂਦਾ ਹੈ ਜਿਨ੍ਹਾਂ ਨੇ ਸਾਡੇ ਦੇਸ਼ ਦੇ ਝੰਡੇ ਨੂੰ ਦੂਜੇ ਦੇਸ਼ਾਂ ਵਿਚ ਜਾ ਕੇ ਉੱਚਾ ਕੀਤਾ ਹੈ। ਭਾਵੇਂ ਕੋਈ ਵੀ ਹੋਵੇ ਜਿਸ ਨੇ ਸਾਡੇ ਦੇਸ਼ ਦੇ ਝੰਡੇ ਨੂੰ ਉੱਚਾ ਚੁਕਿਆ ਹੈ ਉਸ ਦੇ ਲਈ ਅਸੀਂ ਹਮੇਸ਼ਾਂ

ਸਿਰ ਝੁਕਾਉਂਦੇ ਹਾਂ। ਉਨ੍ਹਾਂ ਨੂੰ ਸਾਡਾ ਮਾਣ ਦੇਣਾ ਇਖਲਾਕੀ ਫਰਜ਼ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਜਾਣਦਾ ਹਾਂ ਕਿ ਕਈ ਕਲਾਸ-3 ਅਤੇ ਕਲਾਸ 4 ਦੇ ਤੌਰ ਤੇ ਕੰਮ ਕਰ ਰਹੇ ਹਨ। ਇਨ੍ਹਾਂ ਲਈ ਕੁਝ ਪਰੋਵੀਜ਼ਨ ਕਰੋ। ਜਿਹੜੇ ਚੰਗੇ ਪਲੇਅਰਜ਼ ਹਨ, ਉਨ੍ਹਾਂ ਨੂੰ ਗੋਲਡ ਮੈਡਲ ਦਿਓ ਅਤੇ ਉਨ੍ਹਾਂ ਨੂੰ ਚੰਗੀਆਂ ਪੋਸਟਾਂ ਤੇ ਲਗਾਓ। ਜਿਤਨਾ ਵੀ ਫੰਡ ਮਿਲਦਾ ਹੈ, ਉਹ ਸਾਰੇ ਪਲੇਅਰਜ਼ ਨੂੰ ਇਕੁਅਲੀ ਡਿਸਟ੍ਰੀਬਿਊਟ ਕਰ ਦੇਣਾ ਚਾਹੀਦਾ ਹੈ । ਸੋਸ਼ਲ ਵੈਲਫੇਅਰ ਡਿਪਾਰਟਮੈਂਟ ਹੈ ਅਤੇ ਪਬਲਿਕ ਹੈਲਥ ਡਿਪਾਰਟਮੈਂਟ ਹੈ। ਡਿਪਟੀ ਸਪੀਕਰ ਸਾਹਿਬ, ਹਰ ਇਕ ਡਿਪਾਰਟਮੈਂਟ ਦਾ ਕੋਈ ਨਿਸ਼ਾਨਾ ਹੋਵੇ, ਉਸ ਨਿਸ਼ਾਨੇ ਦੇ ਮੁਤਾਬਿਕ ਸਕੀਮ ਬਣੀ ਹੋਵੇ। ਇਹ ਨਾ ਹੋਵੇ ਕਿ ਪੈਸਾ ਮਿਸ-ਯੂਟੇ-ਲਾਈਜ਼ ਹੋਵੇ। ਜਿਹੜੇ ਪੈਸੇ ਮਹਿਕਮੇ ਲਈ ਰੱਖੇ ਗਏ ਹਨ, ਉਹ ਪੈਸੇ ਠੀਕ ਯੂਟੇਲਾਈਜ਼ ਹੋਣੇ ਚਾਹੀਦੇ ਹਨ। ਡਿਪਟੀ ਸਪੀਕਰ ਸਾਹਿਬ, ਵਿੱਡੋ ਦੀ ਓਲਡ ਏਜ ਪੈਨਸ਼ਨ ਸਕੀਮ ਹੈ। ਬਾਬੇ ਆਦਮ ਵੇਲੇ ਦੇ 15 ਰੁਪਏ ਮਹੀਨੇ ਦੇ ਦਿਤੇ ਜਾਂਦੇ ਸਨ, ਜਿਸ ਨਾਲ ਕੋਈ ਆਦਮੀ ਵੀ ਗੁਜ਼ਾਰਾ ਨਹੀਂ ਕਰ ਸਕਦਾ। ਇਹ ਹੁਣ ਰਕਮ ਵਧਾ ਕੇ 50 ਰੁਪਏ ਮਹੀਨਾ ਕਰ ਦਿੱਤੀ ਹੈ । ਇਹ, ਡਿਪਟੀ ਸਪੀਕਰ ਸਾਹਿਬ, ਇਕ ਬਹੁਤ ਚੰਗੀ ਗੱਲ ਕੀਤੀ ਗਈ ਹੈ। 17 ਸਾਲ ਤੋਂ ਵੱਡਾ ਜੇਕਰ ਉਸ ਦਾ ਕੋਈ ਲੜਕਾ ਜਾਂ ਲੜਕੀ ਹੋ ਜਾਂਦੀ ਸੀ ਤਾਂ ਉਸ ਦੀ ਪੈਨਸ਼ਨ ਬੰਦ ਹੋ ਜਾਂਦੀ ਸੀ। ਲੜਕਾ ਜਾਂ ਲੜਕੀ ਕੋਈ ਵੀ ਹੋਵੇ, ਉਹ ਆਪਣੇ ਬ੍ਰਿਧ ਬਾਪ ਨੂੰ ਕੋਲ ਨਹੀਂ ਰਖ ਸਕਦੇ। ਇਨ੍ਹਾਂ ਬ੍ਰਿਧ ਆਦਮੀਆਂ ਲਈ ਕੋਈ ਪ੍ਰਬੰਧ ਹੋਣਾ ਚਾਹੀਦਾ ਹੈ। ਵੈਸਟਰਨ ਕੰਟਰੀਜ਼ ਦੀ ਤਰ੍ਹਾਂ ਕੋਈ ਸਿਸਟਮ ਬਣਾਇਆ ਜਾਏ।

ਡਿਪਟੀ ਸਪੀਕਰ ਸਾਹਿਬ, ਪੀਲੇ ਕਾਰਡ ਬਣਾਉਣ ਵੇਲੇ 3600 ਰੁਪਏ ਸਾਲ ਵਾਲੀ ਸ਼ਰਤ ਹਟਾ ਕੇ ਮੇਰੀ ਸਰਕਾਰ ਨੇ 6,000 ਰੁਪਏ ਸਾਲ ਦੀ ਆਮਦਨੀ ਕਰ ਦਿਤੀ ਹੈ। ਇਹ ਵੀ ਬੜਾ ਚੰਗਾ ਕੰਮ ਕੀਤਾ ਹੈ। ਇਸ ਗੱਲ ਦੀ ਮੈਂ ਵਿੱਤ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਜੀ ਨੂੰ ਵਧਾਈ ਦਿੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਇੱਕ ਗੱਲ ਮੈਂ ਮੁਲਾਜ਼ਮਾਂ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ 99% ਕੇਸਿਜ਼ ਮੁਲਾਜ਼ਮਾਂ ਦੇ ਕੋਰਟਾਂ ਵਿਚ ਹਨ। ਇਸ ਕਰਕੇ, ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੂੰ ਮੁਲਾਜ਼ਮਾਂ ਦੇ ਮਸਲੇ ਹੱਲ ਕਰਨ ਲਈ ਕੋਈ ਨਾ ਕੋਈ ਪ੍ਰੋਵੀਜ਼ਨ ਜ਼ਰੂਰ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਦਾ ਕੋਈ ਪ੍ਰਬੰਧ ਕਰਨਾ ਚਾਹੀਦਾ ਹੈ ਕਿ ਲੋਅਰ ਲੈਵਲ ਤੇ ਹੀ ਮੁਲਾਜ਼ਮਾਂ ਦੇ ਮਸਲੇ ਹੱਲ ਹੋ ਜਾਣ। ਇਹ ਇਕ ਬੜੀ ਹੀ ਜ਼ਰੂਰੀ ਚੀਜ਼ ਹੈ। ਡਿਪਟੀ ਸਪੀਕਰ ਸਾਹਿਬ, ਫਿਰੋਜ਼ਪੁਰ, ਗੁਰਦਾਸਪੁਰ ਦੇ ਕਈ ਇਲਾਕਿਆਂ ਵਿਚ ਬਾਰਡਰ ਅਲਾਊਂਸ ਮਿਲਦਾ ਹੈ, ਪਰ ਜੇਕਰ ਇੱਕ ਪਿੰਡ ਨੂੰ ਬਾਰਡਰ ਅਲਾਊਂਸ ਮਿਲਦਾ ਹੈ ਅਤੇ ਦੋ ਮੀਲ ਅੱਗੇ ਜੋ ਪਿੰਡ ਹੈ ਉਥੇ ਬਾਰਡਰ ਅਲਾਊਂਸ ਨਹੀਂ ਮਿਲਦਾ । ਇਸ ਲਈ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਥੇ ਸਭ ਨੂੰ ਬਾਰਡਰ ਅਲਾਊਂਸ ਮਿਲਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਇੰਡਸਟਰੀਜ਼ ਬਾਰੇ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿਹੜੀਆਂ ਅਸੈਸਮੈਂਟਾਂ ਬੰਦ ਕਰ ਦਿੱਤੀਆਂ ਹਨ, ਉਹ ਅਸੈਸਮੈਂਟਾਂ ਫਿਰ ਖੋਲ੍ਹ ਦੇਣੀਆਂ ਚਾਹੀਦੀਆਂ ਹਨ। ਡਿਪਟੀ ਸਪੀਕਰ ਸਾਹਿਬ, ਲਾਸਟ ਪੁਆਇੰਟ ਬਾਰੇ ਮੈਂ ਇਕ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਰਬਨ ਡਿਵੈਲਪਮੈਂਟ ਬਾਰੇ ਵੀ ਕੁੱਝ ਉਪਰਾਲੇ ਕਰੋ। ਜੇਕਰ ਮਹਿਕਮਿਆਂ ਦੀ ਕੁਆਰਡੀਨੇਸ਼ਨ ਹੋਵੇ ਤਾਂ ਇਸ ਨਾਲ ਬੜਾ ਲਾਭ ਹੋਵੇਗਾ। ਡਿਪਟੀ ਸਪੀਕਰ ਸਾਹਿਬ, ਆਖਰੀ ਗੱਲ ਮੈਂ ਸ਼ੂਗਰਮਿਲਾਂ ਦੇ ਬਾਰੇ ਵਿਚ ਕਰਨਾ ਚਾਹੁੰਦਾ ਹਾਂ। ਇਸ ਗੱਲ ਵੱਲ ਸਰਕਾਰ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਇਹ ਮੇਰਾ ਲਾਸਟ ਪੁਆਇੰਟ ਹੈ। 4 ਸ਼ੂਗਰ ਮਿਲਾਂ ਹਨ। 2 ਕੋਆਪਰੇਟਿਵ ਸੈਕਟਰ ਵਿਚ ਹਨ ਅਤੇ 2 ਪ੍ਰਾਈਵੇਟ ਸੈਕਟਰ ਵਿਚ ਹਨ। ਇੱਕ ਸ਼ੂਗਰ ਮਿਲ ਗੌਰਮਿੰਟ ਸੈਕਟਰ ਵਿਚ ਨਵੀਂ

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਖੁਲ੍ਹ ਰਹੀ ਹੈ। ਹੋਰ 5 ਸ਼ੂਗਰ ਮਿਲਾਂ ਦੀ ਮਨਜ਼ੂਰੀ ਲਈ ਅਸੀਂ ਗੌਰਮਿੰਟ ਆਫ ਇੰਡੀਆ ਨੂੰ ਅਪ-ਰੋਚ ਕਰ ਰਹੇ ਹਾਂ। ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਸਾਡੀ ਜੋ ਪੰਜਾਬ ਵਿਚ ਪਰਸੈਂਟੇਜ ਆਫ ਰਿਕਵਰੀ ਹੈ, ਉਹ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਸਾਰੇ ਹਿੰਦੁਸਤਾਨ ਨਾਲੋਂ ਇਥੇ ਜ਼ਿਆਦਾ ਹੈ। (ਥੰਪਿੰਗ) 12 ਲੱਖ ਕੁਇੰਟਲ ਗੰਨਾ ਸਾਡੀਆਂ ਮਿਲਾਂ ਨੂੰ ਜਾ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਮਿਲਾਂ ਨੂੰ ਨੁਕਸਾਨ ਹੋ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਲੋਕਾਂ ਵਿਚ ਬੇਚੈਨੀ ਹੈ। ਮੈਂ ਇਕ ਅਰਜ਼ ਕਰਨੀ ਚਾਹੁੰਦਾ ਹਾਂ ਕਿ ਗੁਰਦਾਸਪੁਰ ਵਿਚ ਦੋ ਮਿਲਾਂ ਹਨ। ਗੰਨਾ ਇਤਨਾ ਹੈ ਕਿ ਇਹ ਮਿਲਾਂ ਸਾਰਾ ਗੰਨਾ ਨਹੀਂ ਪੀੜ ਸਕਦੀਆਂ। ਜੂਨ ਤਕ ਵੀ ਡਿਪਟੀ ਸਪੀਕਰ ਸਾਹਿਬ, ਇਹ ਸ਼ੂਗਰ ਮਿਲਾਂ ਗੰਨਾਂ ਨਹੀਂ ਪੀੜ ਸਕਣਗੀਆਂ। ਹੁਣ ਬਟਾਲੇ ਵਿਚ 60 ਕੁਇੰਟਲ ਗੰਨਾ ਬਾਂਡਿਡ ਹੈ। ਵੱਧ ਤੋਂ ਵੱਧ, ਡਿਪਟੀ ਸਪੀਕਰ ਸਾਹਿਬ, 22 ਜਾਂ 23 ਲੱਖ ਕੁਇੰਟਲ ਗੰਨਾ ਪੀੜ ਸਕਦੇ ਹਨ। ਇਸ ਵਾਸਤੇ, ਡਿਪਟੀ ਸਪੀਕਰ ਸਾਹਿਬ, ਕੋਈ ਐਸਾ ਸਿਸਟਮ ਬਣਾਓ ਕਿ ਗੰਨਾ ਦੂਜੀਆਂ ਮਿਲਾਂ ਟੇਕ ਅੱਪ ਕਰਨ। ਸੈਂਟਰ ਦੇ ਐਗਰੀਕਲਚਰਲ ਮਨਿਸਟਰ ਅਤੇ ਕੋਆਪਰੇਟਿਵ ਮਨਿਸਟਰ ਦਾ ਇਹ ਫਰਜ਼ ਹੈ ਕਿ ਸਰਕਾਰ ਸਾਰੇ ਕੰਮਾਂ ਨੂੰ ਛੱਡ ਕੇ ਇਸ ਕੰਮ ਨੂੰ ਪਰੈਫਰੈਂਸ ਦੇਵੇ। ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਜੇਕਰ ਕਿਸੇ ਦਾ ਪੁੱਤ ਮਰ ਜਾਵੇ ਤਾਂ ਉਸ ਨੂੰ ਦੁੱਖ ਹੁੰਦਾ ਹੈ, ਉਸੇ ਤਰ੍ਹਾਂ ਹੀ ਜੇਕਰ ਕਿਸਾਨ ਦੇ ਗੰਨੇ ਨੂੰ ਅੱਗ ਲਗੇ ਤਾਂ ਉਸ ਦਾ ਦਿਲ ਵੀ ਸੜਦਾ ਹੈ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਵਿੱਤ ਮੰਤਰੀ ਸਾਹਿਬ ਨੂੰ ਬਜਟ ਦੀ ਵਧਾਈ ਦਿੰਦਾ ਹਾਂ।

ਸ੍ਰੀ ਡਿਪਟੀ ਸਪੀਕਰ : ਚੌਧਰੀ ਮਾਤੂ ਰਾਮ ਜੀ ਹੁਣ ਤੁਸੀਂ ਬੋਲੋ।

ਚੌਧਰੀ ਮਾਤੂ ਰਾਮ (ਮਲੋਟ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਉਤੇ ਆਪਣੇ ਵਿਚਾਰ ਰੱਖਣ ਦਾ ਮੌਕਾ ਦਿਤਾ ਹੈ। ਡਿਪਟੀ ਸਪੀਕਰ ਸਾਹਿਬ, ਮੈਨੂੰ ਬੜੀ ਖੁਸ਼ੀ ਹੁੰਦੀ ਜੇਕਰ ਸਾਰੇ ਮਨਿਸਟਰ ਸਾਹਿਬਾਨ ਅੱਜ ਹਾਜ਼ਰ ਹੁੰਦੇ ਅਤੇ ਆਪਣੇ ਆਪਣੇ ਮਹਿਕਮੇ ਤੇ ਵਿਚਾਰ ਮੇਰੇ ਸੁਣਦੇ। ਮੈਨੂੰ ਡਿਪਟੀ ਸਪੀਕਰ ਸਾਹਿਬ, ਬੜਾ ਅਫ਼ਸੋਸ ਹੈ ਕਿ ਉਹ ਹਾਊਸ ਵਿਚ ਹਾਜ਼ਰ ਨਹੀਂ ਹਨ। ਮੈਂ ਸਾਰਿਆਂ ਤੋਂ ਪਹਿਲਾਂ ਵਿੱਤ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਜੀ ਨੂੰ ਬਜਟ ਪੇਸ਼ ਕਰਨ ਦੀ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਬੜਾ ਅੱਛਾ ਬਜਟ ਪੇਸ਼ ਕੀਤਾ ਹੈ। ਇਹ ਬਜਟ ਪੰਜਾਬ ਨੂੰ ਹੋਰ ਤਰੱਕੀ ਵੱਲ ਲੈ ਜਾਏਗਾ। ਪੰਜਾਬ ਦੀ ਤਰੱਕੀ ਵਾਸਤੇ ਮੇਰੀ ਸਰਕਾਰ ਨੇ ਕਰੋੜਾਂ ਰੁਪਿਆ ਰਖਿਆ ਹੈ। ਮੇਰੀ ਸਰਕਾਰ ਦੀ, ਡਿਪਟੀ ਸਪੀਕਰ ਸਾਹਿਬ, ਇਹ ਮਨਸ਼ਾ ਹੈ ਕਿ ਪੰਜਾਬ ਇਤਨੀ ਤਰੱਕੀ ਕਰੇ ਕਿ ਦੂਸਰੇ ਸਾਰੇ ਹਿੰਦੁਸਤਾਨ ਵਾਲੇ ਅਤੇ ਸਾਰੀ ਦੁਨੀਆਂ ਵਾਲੇ ਵੇਖ ਕਿ ਹੈਰਾਨ ਹੋ ਜਾਣ ਕਿ ਪੰਜਾਬ ਇਤਨੀ ਜ਼ਿਆਦਾ ਤਰੱਕੀ ਕਰ ਰਿਹਾ ਹੈ। ਇਹ ਮੇਰੀ ਸਰਕਾਰ ਨੂੰ ਪਰਫੂਲਤ ਕਰਨ ਵਾਲਾ ਕੌਣ ਹੈ ? ਪੰਜਾਬ ਦੇ ਲੋਕਾਂ ਨੂੰ ਅਤੇ ਪੰਜਾਬ ਦੀ ਧਰਤੀ ਨੂੰ ਪਾਣੀ ਅਤੇ ਖਾਦ ਦੇਣ ਵਾਲਾ ਕੌਣ ਹੈ ? ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਤਾਂ ਕਰੋੜਾਂ ਰੁਪਏ ਪਾਣੀ ਅਤੇ ਖਾਦ ਵਾਸਤੇ ਰੱਖ ਦਿਤੇ ਹਨ, ਪਰ ਇਨ੍ਹਾਂ ਨੂੰ ਵਰਤਣ ਵਾਲਾ ਕੌਣ ਹੈ ? ਉਹ ਮੇਰੇ ਅਫ਼ਸਰ ਭਰਾ ਜਿਨ੍ਹਾਂ ਨੂੰ ਅਸੀਂ ਬਾਗ ਦਾ ਮਾਲੀ ਵੀ ਕਹਿ ਸਕਦੇ ਹਾਂ, ਅਫ਼ਸਰਾਂ ਨੇ ਇਹ ਸਾਰਾ ਕੰਮ ਕਰਨਾ ਹੁੰਦਾ ਹੈ। ਪੰਜਾਬ ਦੇ ਲੋਕ ਜੇਕਰ ਟੈਕਸ ਦਿੰਦੇ ਹਨ ਅਤੇ ਪੈਸੇ ਜਮ੍ਹਾਂ ਕਰਾਉਂਦੇ ਹਨ ਤਾਂ ਪੰਜਾਬ ਦੀ ਤਰੱਕੀ ਲਈ ਸਾਰਾ ਕੁੱਝ ਕਰਦੇ ਹਨ। ਇਸ ਲਈ ਸਾਰੇ ਪੰਜਾਬ ਦੇ ਲੋਕਾਂ ਦੀ ਨਿਗਾਹ ਇਨ੍ਹਾਂ ਵੱਲ ਹੁੰਦੀ ਹੈ। ਮੈਂ ਡਿਪਟੀ ਸਪੀਕਰ ਸਾਹਿਬ, ਕੇ.ਪੀ.. ਸਾਹਿਬ ਨੂੰ ਵੀ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਆਪਣੇ ਮਹਿਕਮੇ ਦੇ ਸਾਰੇ ਅਫ਼ਸਰਾਂ ਨੂੰ ਚੰਗਾ ਕੰਮ ਕਰਨ ਲਈ ਕਿਹਾ ਹੈ। ਡਿਪਟੀ ਸਪੀਕਰ ਸਾਹਿਬ, ਕੁੱਝ ਚੰਗੇ ਅਫ਼ਸਰ ਹਨ ਜੋ ਕਿ ਬੂਟੇ ਨੂੰ ਪਾਣੀ ਦੇਣ ਦਾ ਕੰਮ ਕਰਦੇ ਹਨ। ਡਿਪਟੀ ਸਪੀਕਰ

ਸਾਹਿਬ, ਕੁੱਝ ਅਫ਼ਸਰ ਮਾੜੇ ਵੀ ਹਨ। ਮੈਂ ਦੱਸਣਾ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਇਸ ਮਹਿਕਮੇ ਵਿੱਚ ਇਕ ਜੁੰਡਲੀ ਬਣੀ ਹੋਈ ਹੈ। ** ** **

ਸ਼੍ਰੀ ਡਿਪਟੀ ਸਪੀਕਰ : ਇਥੇ ਕਿਸੇ ਦਾ ਰੇਫਰੈਂਸ ਨਹੀਂ ਦੇਣਾ। ਤੁਸੀਂ ਕਿਸੇ ਦਾ ਨਾਮ ਲੈ ਕੇ ਕੋਈ ਗੱਲ ਨਾ ਕਰੋ।

ਚੌਧਰੀ ਮਾਤੂ ਰਾਮ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਨਾਮ ਹੀ ਦੱਸਣਾ ਚਾਹੁੰਦਾ ਹਾਂ। ਜੇ ਉਹ ਏਥੇ ਨਹੀਂ ਹਨ, ਤਾਂ ਆ ਜਾਣ। ਅਸੀਂ ਹੋਰ ਕਿੱਥੇ ਦੱਸੀਏ। ਮੈਂ ਤਾਂ ਦੱਸਣਾ ਚਾਹੁੰਦਾ ਹਾਂ ਕਿ ਇਹ ਸਾਰੇ ਮਿਲ ਕੇ ਕਿੰਨਾ ਅੱਛਾ ਕੰਮ ਕਰ ਰਹੇ ਹਨ। ਇਨ੍ਹਾਂ ਦੀ ਜੁੰਡਲੀ ਬਣੀ ਹੋਈ ਹੈ। ਜਿਹੜਾ ਇਨ੍ਹਾਂ ਵਿੱਚ ** ਹੈ, ਉਹ ਲੁਧਿਆਣਾ ਦਾ ਐਸ.ਈ. ਹੈ, ਉਹ 10 ਸਾਲ ਤੋਂ ਬੜੀ ਗੜ੍ਹਬੜ੍ਹ ਅਤੇ ਹੇਰਾਫੇਰੀ ਕਰ ਰਿਹਾ ਹੈ। ਇਹ ਸ਼ੁਰੂ ਤੋਂ ਹੀ ਇਸ ਕੰਮ ਵੱਲ ਲੱਗੇ ਹੋਏ ਹਨ। ਜਿਹੜਾ ਰੁਪਿਆ ਇਨ੍ਹਾਂ ਨੂੰ ਮਿਲਦਾ ਹੈ, ਇਹ ਉਸਨੂੰ ਖਰਾਬ ਕਰ ਦੇਂਦੇ ਹਨ। ਇਸ ਬਾਰੇ 3 ਸੈਕਰੇਟਰੀਜ਼ ਨੇ ਰਿਪੋਰਟ ਲਿਖੀ ਹੈ ਕਿ ਇਹ ਆਦਮੀ ਸਰਵਿਸ ਦੇ ਕਾਬਲ ਨਹੀਂ ਹੈ, ਕੁਰੱਪਟ ਅਤੇ ਚੋਰ ਹੈ। ਇਸ ਨੂੰ ਜ਼ਬਰੀ ਰਿਟਾਇਰ ਕਰ ਦਿੱਤਾ ਜਾਵੇ। ਇਸਦੀ ਇਸ ਜੁੰਡਲੀ ਨੇ ਕੀ ਕੀਤਾ। ਮੌਜੂਦਾ ਸੇਕਰੇਟਰੀ ਕੋਲ ਫਾਈਲ ਆਉਂਦੀ ਹੈ। ਮੌਜੂਦਾ ਸੈਕਰੇਟਰੀ ਤੇ ਮੈਂ ਕੋਈ ਸ਼ੱਕ ਨਹੀਂ ਕਰਦਾ। ਇਸ ਜੁੰਡਲੀ ਨੇ ਮੌਜੂਦਾ ਸੇਕਰੇਟਰੀ ਦੇ ਵੀ ਚੱਕਰ ਲਗਾਏ ਹੋਏ ਹਨ। ਉਸ ਨੇ ਇਸ ਆਦਮੀ ਦੀ ਸਿਫਾਰਸ਼ ਕਰਕੇ ਫਾਈਲ ਵਾਪਸ ਭੇਜ ਦਿੱਤੀ ਕਿ ਇਸਨੂੰ ਰਖਿਆ ਜਾਵੇ। ਮਨਿਸਟਰ ਕਨਸਰਨਡ ਨੇ ਲਿਖਿਆ ਹੈ ਕਿ ਇਸਨੂੰ ਕੱਢਿਆ ਜਾਵੇ।

ਸ਼੍ਰੀ ਬ੍ਰਹਮ ਮਹਿੰਦਰਾ : ਆਨ ਏ ਪੁਆਇੰਟ ਆਫ ਆਰਡਰ, ਸਰ। ਜਿਸ ਤਰ੍ਹਾਂ ਸਾਡੇ ਮਾਨਯੋਗ ਮੈਂਬਰ ਪਿਕਚਰ ਪੇਂਟ ਕਰ ਰਹੇ ਹਨ, ਉਹ ਏਥੇ ਮੌਜੂਦ ਨਹੀਂ ਹਨ।

ਸ਼੍ਰੀ ਡਿਪਟੀ ਸਪੀਕਰ : ਇਹ ਕਿਹਾ ਜਾ ਚੁਕਿਆ ਹੈ ਕਿ ਇਨ੍ਹਾਂ ਦਾ ਬਾਈ ਨੇਮ ਕੋਈ ਰੇਫਰੈਂਸ ਨਹੀਂ ਹੋਵੇਗਾ।

ਚੌਧਰੀ ਮਾਤੂ ਰਾਮ : ਡਿਪਟੀ ਸਪੀਕਰ ਸਾਹਿਬ, ਫਿਰ ਕਿਸ ਤਰ੍ਹਾਂ ਪਤਾ ਲਗੇਗਾ ਕਿ ਕੌਣ ਹੈ ? ਇਸ ਕੇਸ ਵਿੱਚ ਸਬੰਧਤ ਮਨਿਸਟਰ ਸਾਹਿਬ ਨੇ ਕਹਿ ਦਿੱਤਾ ਕਿ ਇਸਨੂੰ ਕੱਢ ਦਿੱਤਾ ਜਾਵੇ। ਦਫ਼ਤਰ ਵਿੱਚ ਮਨਿਸਟਰ ਦੇ ਹੁਕਮ ਨੂੰ ਕਿ ਇਹ ਕੱਢ ਦਿਤਾ ਜਾਵੇ ਦੀ ਬਜਾਏ ਰਬੜ ਨਾਲ ਮਿਟਾ ਕੇ ਰਖ ਲਿਆ ਜਾਵੇ ਕਰ ਦਿੱਤਾ ਗਿਆ। ਮਨਿਸਟਰ ਨੇ ਲਿਖਿਆ ਹੈ ਕਿ ਇਸਨੂੰ ਕੱਢ ਦਿੱਤਾ ਜਾਵੇ ਅਤੇ ਅੱਗੋ ਕਰ ਦਿੱਤਾ ਗਿਆ ਕਿ ਇਸਨੂੰ ਨਾ ਕੱਢਿਆ ਜਾਵੇ। ਇਹ ਇਸ ਫਾਈਲ ਤੇ ਸੀ.ਐਮ. ਸਾਹਿਬ ਦੇ ਦਸਤਖਤ ਕਰਵਾ ਕੇ ਇਸਨੂੰ ਚੀਫ ਇੰਜੀਨੀਅਰ ਬਨਾਉਣ ਵੱਲ ਲਿਜਾ ਰਹੇ ਹਨ। ** , ਹੈਡ ਕਲਰਕ, ਅਬੋਹਰ ਦਾ ਰਿਟਾਇਰ ਹੋ ਗਿਆ ਹੈ। ਕਾਫੀ ਸਾਲ ਉਸਨੇ ਇਸਦੇ ਮਾਤਹਿਤ ਕੰਮ ਕੀਤਾ ਹੈ। ਉਸ ਨੇ ਆਪਣਾ ਬਿਆਨ ਵੀ ਦਿੱਤਾ ਹੈ। ਕਾਗਜ਼ ਅਤੇ ਸਬੂਤ ਵੀ ਇਸ ਅਫ਼ਸਰ ਦੇ ਖਿਲਾਫ ਦਿੱਤੇ ਹਨ ਕਿ ਇਸਨੇ ਏਨੇ ਲੱਖ ਰੁਪਏ ਦੀ ਗੜ੍ਹਬੜ੍ਹ ਕੀਤੀ ਹੈ। ਇਸਦੀ ਇਨਕੁਆਇਰੀ ਪਤਾ ਨਹੀਂ ਵਿਜੀਲੈਂਸ ਕੋਲੋਂ ਆ ਗਈ ਹੈ ਜਾਂ ਨਹੀਂ ਅਤੇ ਪਤਾ ਨਹੀਂ ਸੈਕਰੇਟਰੀ ਸਾਹਿਬ ਹੀ ਨੱਪ ਕੇ ਬੈਠੇ ਹਨ। ਉਸ ਇਨਕੁਆਇਰੀ ਦਾ, ਡਿਪਟੀ ਸਪੀਕਰ ਸਾਹਿਬ, ਕੀ ਹੋਇਆ ? 3–3 ਸੈਕਰੇਟਰੀਜ਼ ਦੀ ਰਿਪੋਰਟ ਆਉਂਦੀ ਹੈ ਅਤੇ ਇਸ ਦੇ ਖਿਲਾਫ ਆਉਂਦੀ ਹੈ ਤਾਂ ਸਮਝ ਨਹੀਂ ਆਉਂਦੀ ਕਿ ਵਿਜੀਲੈਂਸ ਵਾਲੇ ਕੁਝ ਨਹੀਂ ਕਰ ਰਹੇ। ਉਹ ਇਹੋ ਜਿਹੇ ਅਫ਼ਸਰਾਂ ਦੇ ਖਿਲਾਫ ਆਪ ਰਿਪੋਰਟ ਕਰਨ। ਪਤਾ ਨਹੀਂ ਫਾਈਲ ਕਿਥੇ

**Expunged as ordered by the Chair.

[ਚੌਧਰੀ ਮਾਤੂ ਰਾਮ]

ਦੱਬੀ ਹੋਈ ਹੈ। ਇਸ ਸਾਰੀ ਜੁੰਡਲੀ ਨੇ ਮਿਲ ਕੇ ਫਾਈਲ ਦਬਾਈ ਹੋਈ ਹੈ। ਕੁਝ ਸਮਝ ਨਹੀਂ ਆਉਂਦੀ ਕਿ ਇਹੋ ਜਿਹੇ ਬੰਦੇ ਦੇ ਖਿਲਾਫ ਕਿਉਂ ਕਾਰਵਾਈ ਨਹੀਂ ਕੀਤੀ ਜਾਂਦੀ। ਪੰਜਾਬ ਦੀ ਪਬਲਿਕ ਨਾਲ ਕਿਉਂ ਜ਼ੁਲਮ ਕੀਤਾ ਜਾ ਰਿਹਾ ਹੈ। ਸਬੰਧਤ ਮਨਿਸਟਰ ਅਤੇ ਸੀ.ਐਮ. ਸਾਹਿਬ ਤੱਕ ਇਹ ਰਿਪੋਰਟਾਂ ਜਾਣੀਆਂ ਚਾਹੀਦੀਆਂ ਹਨ। ਇਕ ਐਕਸ.ਈ.ਐਨ. ** ਹੈ। ਉਸਨੇ ਇਕ ਰਿਪੋਰਟ ਕੀਤੀ ਹੈ ਕਿ ਇਸ ਅਫ਼ਸਰ ਨੇ ਲੱਖਾਂ ਰੁਪਏ ਦੀ ਗੜਬੜ ਕੀਤੀ ਹੈ। ਉਸਨੇ ਬਿਆਨ ਹਲਫੀਆ ਦਿੱਤੇ ਅਤੇ ਸਬੂਤ ਵੀ ਦਿੱਤੇ। ਇਸਦੀ ਇਨਕੁਆਇਰੀ ਵਿਜੀਲੇਂਸ ਵਿੱਚ ਹੋਈ।

ਸ੍ਰੀ ਡਿਪਟੀ ਸਪੀਕਰ: ਤੁਸੀਂ ਕੋਈ ਰੈਫਰੈਂਸ ਨਾ ਦਿਓ। ਡਿਵੀਜਨ ਦਾ ਨਾਂ ਲੈ ਲਓ।

ਚੌਧਰੀ ਮਾਤੂ ਰਾਮ : ਉਹ ਇਨਕੁਆਇਰੀ ਜਿਹੜੀ ਹੈ, ਉਹ ਸੈਕਰੇਟਰੀ ਸਾਹਿਬ ਕੋਲ ਹੈ। ਇਹ ਸਭ ਮਿਲੇ ਹੋਏ ਹਨ। ਇਨ੍ਹਾਂ ਦਾ ਮਨਸ਼ਾ ਹੈ ਕਿ ਰਿਪੋਰਟਾਂ ਦਾ ਪਤਾ ਲੱਗਣ ਤੋਂ ਪਹਿਲਾਂ ਉਹ ਚੀਫ ਬਣ ਜਾਵੇ। ਕੀ ਪੰਜਾਬ ਦੀ ਤਰੱਕੀ ਵਾਸਤੇ ਇਹੋ ਜਿਹੇ ਬੰਦੇ ਠੀਕ ਰਹਿਣਗੇ, ਜਿਨ੍ਹਾਂ ਦੇ ਖਿਲਾਫ ਰਿਪੋਰਟਾਂ ਹੋਈਆਂ ਹੋਣ, ਸ਼ਿਕਾਇਤਾਂ ਹੋਈਆਂ ਹੋਣ ਅਤੇ 3–3 ਸੈਕਰੇਟਰੀਜ਼ ਲਿਖ ਕੇ ਦੇਣ। ਮੈਂ ਸੀ. ਐਮ. ਸਾਹਿਬ ਨੂੰ ਦਰਖਾਸਤ ਕਰਦਾ ਹਾਂ ਕਿ ਇਸ ਗੱਲ ਨੂੰ ਦੇਖਣ। ਪੰਜਾਬ ਇਹੋ ਜਿਹੇ ਬੰਦੇ ਰਖ ਕੇ ਤਰੱਕੀ ਨਹੀਂ ਕਰ ਸਕਦਾ। 1981 ਵਿੱਚ ਲੁਧਿਆਣਾ ਵਿੱਚ ਰਾਜਸਥਾਨ ਦੇ ਮਜ਼ਦੂਰਾਂ ਦੀ ਮਜ਼ਦੂਰੀ ਰੋਕੀ ਰਖੀ। ਇਸ ਗੱਲ ਦਾ ਕੇਸ ਅਦਾਲਤ ਵਿੱਚ ਚਲਾ ਗਿਆ ਅਤੇ ਐਸ.ਈ. ਲੁਧਿਆਣਾ ਦੀ ਅਦਾਲਤ ਕੋਲੋਂ ਜ਼ਮਾਨਤ ਹੋ ਗਈ। ਇਸ ਬੰਦੇ ਤੇ ਦਫਾ ਲਗੀਆਂ ਹੋਈਆਂ ਹਨ। ਇਸਦੇ ਖਿਲਾਫ ਕੋਰਟ ਨੇ ਜ਼ਮਾਨਤ ਲਈ ਹੋਈ ਹੈ। ਕੀ ਇਹ ਇਸ ਤਰ੍ਹਾਂ ਨੌਕਰੀ ਵਿੱਚ ਰਹਿ ਸਕਦਾ ਹੈ ? ਕਿਉਂ ਨਹੀਂ ਇਸਨੂੰ ਮੁਅੱਤਲ ਕੀਤਾ ਜਾਂਦਾ। ਸੈਕਰੇਟਰੀਜ਼ ਦੀਆਂ ਰਿਪੋਰਟਾਂ ਦੇ ਬਾਵਜੂਦ ਵੀ ਇਸਨੂੰ ਕਿਉਂ ਨਹੀਂ ਮੁਅੱਤਲ ਕੀਤਾ ਗਿਆ। ਇਹ ਜੁੰਡਲੀ ਆਪਣੇ ਫਾਇਦੇ ਲਈ ਪੰਜਾਬ ਦੇ ਲੋਕਾਂ ਨੂੰ ਨੁਕਸਾਨ ਪਹੁੰਚਾ ਰਹੀ ਹੈ। ਜਿਸ ਤਰ੍ਹਾਂ ਚਤਰੱਥ ਸਾਹਿਬ ਨੇ ਵੀ ਕਿਹਾ ਹੈ ਕਿ ਇਸ ਮਹਿਕਮੇ ਨੂੰ ਦੇਖਣਾ ਚਾਹੀਦਾ ਹੈ ਕਿ ਰੁਪਿਆ ਜਿਸ ਮੱਦ ਲਈ ਦਿੱਤਾ ਜਾਂਦਾ ਹੈ, ਉਹ ਉਸੇ ਵਾਸਤੇ ਹੀ ਖਰਚ ਕੀਤਾ ਹੈ ਜਾਂ ਜ਼ਾਇਆ ਕੀਤਾ ਗਿਆ ਹੈ ਲੇਕਿਨ ਇਹ ਕੋਈ ਨਹੀਂ ਦੇਖਦਾ ਹੈ। ਮੇਰੀ ਮਹਿਕਮੇ ਨੂੰ ਦਰਖਾਸਤ ਹੈ ਕਿ ਇਸ ਗੱਲ ਨੂੰ ਦੇਖੋ। 10 ਸਾਲ ਪਹਿਲਾਂ ਇਕ ਐਸੀ ਪਾਈਪ ਜਿਸਦੀ ਲੋੜ ਨਹੀਂ ਸੀ, ਉਹ 10 ਲੱਖ ਰੁਪਏ ਦੀ ਪਾਈਪ ਅਜੇ ਤੱਕ ਬਠਿੰਡੇ ਵਿੱਚ ਪਈ ਹੈ। ਡਿਪਟੀ ਸਪੀਕਰ ਸਾਹਿਬ, ਤੁਹਾਡਾ ਜ਼ਿਲ੍ਹਾ ਵੀ ਬਠਿੰਡਾ ਹੈ। ਉਥੇ ਕਮੇਟੀਆਂ ਵੀ ਜਾਂਦੀਆਂ ਹਨ। ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਕਿਉਂ ਰਿਪੋਰਟ ਨਹੀਂ ਕਰਦੀਆਂ ਕਿ ਐਸੇ ਅਫ਼ਸਰ ਨੁਕਸਾਨ ਕਿਉਂ ਕਰ ਰਹੇ ਹਨ। ਪਾਈਪ ਉਥੇ ਪਈ ਖਰਾਬ ਹੋ ਰਹੀ ਹੈ ਕਿਉਂਕਿ ਇਹ ਸਿਰਫ ਕਮਿਸ਼ਨ ਵਾਸਤੇ ਹੀ ਲਈ ਗਈ ਸੀ। ਹੁਣ ਚਾਹੇ ਪਾਈਪ ਭਾੜ ਵਿੱਚ ਜਾਵੇ। ਕਮਿਸ਼ਨ ਤਾਂ ਮਿਲ ਹੀ ਗਿਆ ਹੋਣਾ ਹੈ। ਡਿਪਟੀ ਸਪੀਕਰ ਸਾਹਿਬ, 100 ਸੈਂਡ ਵਾਸ਼ਿੰਗ ਮਸ਼ੀਨਾਂ ਖਰੀਦੀਆਂ ਹੋਈਆਂ ਹਨ। ਲੇਕਿਨ ਉਹ ਐਵੇਂ ਹੀ ਪਈਆਂ ਹਨ। ਉਹ 10 ਸਾਲ ਤੋਂ ਬੇਕਾਰ ਹੋ ਗਈਆਂ ਹਨ। ਇਹੋ ਜਿਹੇ ਅਫ਼ਸਰ ਨੂੰ ਬਖਸ਼ਿਆ ਨਹੀਂ ਜਾਣਾ ਚਾਹੀਦਾ। ਉਸਦੀ ਰਿਪੋਰਟ ਹੋਈ, ਇਨਕੁਆਇਰੀ ਹੋਈ, ਲੇਕਿਨ ਅਜੇ ਤੱਕ ਸੈਕਰੇਟਰੀ ਕੋਲ ਹੀ ਹੈ। ਉਸ ਤੇ ਕੋਈ ਕਾਰਵਾਈ ਨਹੀਂ ਹੋ ਰਹੀ। ਇਕ **, ਇੰਜੀਨੀਅਰ ਹੈ। ਉਸ ਨੇ ਸਰਕਾਰ ਨੂੰ ਹਲਫੀਆ ਬਿਆਨ ਦਿੱਤਾ ਕਿ ਇਹ ਜਿਹੜਾ ਚੀਫ ਹੈ, ਉਸ ਨੇ ਲੱਖਾਂ ਰੁਪਏ ਦੀ ਬੇਈਮਾਨੀ ਕੀਤੀ ਹੈ।

ਸ੍ਰੀ ਡਿਪਟੀ ਸਪੀਕਰ: ਤੁਸੀਂ ਕੋਈ ਰੈਫਰੈਂਸ ਨਾ ਦਿਓ। ਮੈਂ ਪਹਿਲਾਂ ਵੀ ਕਹਿ ਚੁਕਾ ਹਾਂ।

**Expunged as ordered by the Chair.

ਦੀ ਬੜੀ ਮਿਹਰਬਾਨੀ ਹੈ। ਹਰ ਘਰ ਦਾ ਬੱਚਾ ਇਸ ਵੇਲੇ ਪੰਜਾਬ ਵਿਚ ਤਾਲੀਮ ਹਾਸਲ ਕਰ ਰਿਹਾ ਹੈ। ਪੰਜਾਬ ਵਿਚ ਪਿਛਲੇ ਤਿੰਨ ਸਾਲਾਂ ਵਿਚ ਮਿਡਲ ਸਕੂਲ ਅਤੇ ਹਾਈ ਸਕੂਲ 4–5 ਪਿੰਡਾਂ ਪਿਛੇ ਸਰਕਾਰ ਨੇ ਖੋਲ੍ਹ ਦਿੱਤੇ ਹਨ। ਜਿਥੇ ਪਹਿਲਾਂ ਕਾਂਡੀ ਏਰੀਆ ਵਿਚ 2–3 ਸਕੂਲ ਹੁੰਦੇ ਸਨ, ਉਥੇ ਇਸ ਵੇਲੇ ਐਜੂਕੇਸ਼ਨ ਦਾ ਜਾਲ ਵਿਛ ਗਿਆ ਹੈ। ਇਹ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਦੀ ਬੜੀ ਮਿਹਰਬਾਨੀ ਹੈ। ਸਾਡੇ ਕਾਂਡੀ ਏਰੀਆ ਵਿਚ ਇਸ ਵੇਲੇ ਲੋਕ ਤਾਲੀਮ ਹਾਸਲ ਕਰ ਰਹੇ ਹਨ ਜਿਥੇ ਪਹਿਲਾਂ ਤਾਲੀਮ ਦਾ ਨਾਂ ਨਿਸ਼ਾਨ ਨਹੀਂ ਸੀ। ਇਹ ਉਸ ਏਰੀਏ ਨੂੰ ਇਸ ਸਰਕਾਰ ਦੀ ਬੜੀ ਭਾਰੀ ਦੇਣ ਹੈ।

ਇਸ ਦੇ ਨਾਲ ਹੀ ਮੈਂ ਖਜ਼ਾਨਾ ਮਨਿਸਟਰ ਸਾਹਿਬ ਦਾ ਸ਼ੁਕਰੀਆ ਅਦਾ ਕਰਨੋਂ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਯੋਜਨਾ ਬੜੀ ਸੂਝ-ਬੂਝ ਨਾਲ ਬਣਾਈ ਹੈ। ਪੰਜਾਬ ਵਿਚ ਵੋਕੇਸ਼ਨਲ ਸਕੂਲ ਅਤੇ ਬੱਚਿਆਂ ਨੂੰ ਟੈਕਨੀਕਲ ਟਰੇਨਿੰਗ ਦੇ ਕੇ ਆਪਣੇ ਰੁਜ਼ਗਾਰ ਕਮਾਉਣ ਦਾ ਸਾਧਨ ਦਿੱਤਾ ਹੈ। ਇਸ ਤਰ੍ਹਾਂ ਨਾਲ ਉਹ ਆਪਣੀ ਅੱਛੀ ਜ਼ਿੰਦਗੀ ਬਸਰ ਕਰ ਸਕਣਗੇ। ਇਸ ਤੋਂ ਇਲਾਵਾ ਆਈ. ਟੀ. ਆਈ. ਪੰਜਾਬ ਵਿਚ ਪਹਿਲਾਂ ਚਲ ਰਹੇ ਹਨ। 1983-84 ਵਿਚ ਪ੍ਰਾਇਮਰੀ ਤੋਂ ਮਿਡਲ ਸਕੂਲ 75 ਕਰਨੇ ਹਨ ਅਤੇ ਇਸੇ ਤਰ੍ਹਾਂ ਹੀ ਮਿਡਲ ਸਕੂਲ ਤੋਂ ਹਾਈ ਸਕੂਲ 75 ਕਰਨੇ ਹਨ। ਮੈਨੂੰ ਇਹ ਪਤਾ ਹੈ ਕਿ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਕਾਂਡੀ ਏਰੀਆ ਬਾਰੇ ਕਾਫੀ ਅਹਿਸਾਸ ਹੈ ਅਤੇ ਇਨ੍ਹਾਂ ਨੇ ਉਥੇ ਇਸ ਵਾਰੀ ਵੀ ਵੱਧ ਸਕੂਲ ਦੇ ਦੇਣੇ ਹਨ। ਇਸ ਬਾਰੇ ਮੈਨੂੰ ਕੋਈ ਚਿੰਤਾ ਨਹੀਂ ਹੈ। ਇਨ੍ਹਾਂ ਨੇ 10 ਪਲੱਸ 2 ਪਲੱਸ 3 ਦਾ ਫਾਰਮੂਲਾ ਬਣਾਇਆ ਹੈ, ਇਹ ਵੀ ਬੜਾ ਸ਼ਲਾਘਾਯੋਗ ਹੈ। ਇਸੇ ਤਰ੍ਹਾਂ ਹੀ, ਡਿਪਟੀ ਸਪੀਕਰ ਸਾਹਿਬ, ਪੰਜਾਬ ਦੀਆਂ ਚਾਰੇ ਯੂਨੀਵਰਸਿਟੀਆਂ ਨੂੰ 9.59 ਕਰੋੜ ਰੁਪਏ ਬਤੌਰ ਗਰਾਂਟ ਦੇ ਦੇਣੇ ਹਨ ਅਤੇ 141 ਕਾਲਜਿਜ਼ ਨੂੰ 7.65 ਕਰੋੜ ਰੁਪਏ ਬਤੌਰ ਗਰਾਂਟ ਦਿੱਤੇ ਜਾਣਗੇ। ਇਸ ਤੋਂ ਪਤਾ ਲਗਦਾ ਹੈ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਸਿਰ-ਤੋੜ ਕੋਸ਼ਿਸ਼ ਕਰ ਰਹੀ ਹੈ ਕਿ ਸੂਬੇ ਤੋਂ ਅਨਪੜ੍ਹਤਾ ਦੀ ਲਾਹਨਤ ਨੂੰ ਖਤਮ ਕੀਤਾ ਜਾਏ। ਇਥੇ 27 ਬਾਲਗ ਕੇਂਦਰਾਂ ਵਿਚ 22,000 ਬਾਲਗ ਸਿਖਿਆ ਲੈਣਗੇ। ਇਸ ਵਲ ਪਹਿਲਾਂ ਕਦੇ ਕਿਸੇ ਨੇ ਧਿਆਨ ਨਹੀਂ ਦਿਤਾ ਹੈ। ਅਗਰ ਲੋਕ ਪੜ੍ਹੇ ਲਿਖੇ ਹੋਣਗੇ ਤਾਂ ਹੀ ਸੂਬੇ ਵਿਚੋਂ ਗਰੀਬੀ ਦਾ ਸਤਿਆਨਾਸ ਹੋਏਗਾ। ਪਰਾਮਿਰੀ ਸਕੂਲਾਂ ਦੀਆਂ ਬਿਲਡਿੰਗਾਂ ਬਾਰੇ ਮੈਂ ਦਸਣਾ ਚਾਹੁੰਦਾ ਹਾਂ। ਜਿਹੜੇ ਬੱਚੇ ਪਹਿਲਾਂ ਆਸਮਾਨ ਥੱਲੇ ਪੜ੍ਹਦੇ ਸਨ ਉਹ ਇਸ ਵੇਲੇ ਸਰਕਾਰ ਨੇ ਲੋਕਾਂ ਨੂੰ ਬਾਗੋ ਬਾਗ ਕਰ ਦਿਤਾ ਹੈ। ਪਿੰਡਾਂ ਨੂੰ 25–25 ਹਜ਼ਾਰ ਰੁਪਿਆ ਦੇ ਕੇ ਉਥੇ ਬਿਲਡਿੰਗਾਂ ਬਣਾਈਆਂ ਜਾ ਰਹੀਆਂ ਹਨ। ਮੈਨੂੰ ਪੂਰੀ ਆਸ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਕਿ ਪੰਜਾਬ ਦੇ ਹਰ ਸਕੂਲ ਦੀ ਬਿਲਡਿੰਗ ਮੁਕੰਮਲ ਹੋ ਜਾਏਗੀ।

ਡਿਪਟੀ ਸਪੀਕਰ ਸਾਹਿਬ, ਮੈਂ ਪਾਂਡੇ ਸਾਹਿਬ ਦਾ ਵੀ ਸ਼ੁਕਰੀਆ ਅਦਾ ਕਰਦਾ ਹਾਂ ਭਾਵੇਂ ਇਨ੍ਹਾਂ ਨੇ ਮੇਰੀ ਗੱਲ ਨਹੀਂ ਮੰਨੀ ਪਰ ਫਿਰ ਵੀ ਇਨ੍ਹਾਂ ਦੀ ਮਿਹਰਬਾਨੀ ਨਾਲ 450 ਡਿਸਪੈਂਸਰੀਆਂ ਔਰ ਬਲਾਕ ਸਤਾਹ ਤੇ ਡੈਂਟਲ ਡਾਕਟਰਜ਼ ਲਗਾਕੇ ਪੰਜਾਬ ਵਿਚ ਸਿਹਤ ਪਖੋਂ ਇਸ ਥੁੜ੍ਹ ਨੂੰ ਪੂਰਾ ਕੀਤਾ ਹੈ। ਅੰਮ੍ਰਿਤਸਰ ਵਿਖੇ ਗੁਲੂਕੋਸ ਦਾ ਪਲਾਂਟ ਲਾਉਣਾ ਇਹ ਸਰਕਾਰ ਦਾ ਬੜਾ ਅੱਛਾ ਕੰਮ ਹੈ। ਇਸ ਨਾਲ ਅੱਗੇ ਜਿਹੜੀ ਗੁਲੂਕੋਸ ਦੀ ਬੋਤਲ 8–10 ਰੁਪਏ ਵਿਚ ਮਿਲਦੀ ਸੀ ਉਹ ਹੁਣ ਬੋਤਲ 2–3 ਰੁਪਏ ਵਿਚ ਮਿਲਣ ਲਗ ਪਵੇਗੀ। ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਇਹ ਵੀ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਡਾਕਟਰ ਗਰੀਬਾਂ ਨੂੰ ਪਰਚੀਆਂ ਕੱਟਕੇ ਉਨ੍ਹਾਂ ਨੂੰ ਕਹਿ ਦਿੰਦੇ ਹਨ ਕਿ ਉਹ ਦਵਾਈਆਂ ਦੁਕਾਨਾਂ ਤੋਂ ਲੈ ਲੈਣ। ਡਾਕਟਰ ਦਵਾਈਆਂ ਆਪ ਵੇਚੀ ਜਾਂਦੇ ਹਨ। ਉਹ ਡਾਕਟਰ ਸਾਡੇ ਵਰਗਿਆਂ ਦਾ ਇਲਾਜ਼ ਮੁਫਤ ਕਰੀ ਜਾਂਦੇ ਹਨ ਪਰ ਗਰੀਬਾਂ ਨੂੰ ਰਗੜੀ ਜਾਂਦੇ ਹਨ। ਇਸ ਪਾਸੇ ਧਿਆਨ ਦੇ ਕੇ ਉਨ੍ਹਾਂ ਨੂੰ ਨੱਥ ਪਾਉਣ ਦੀ ਲੋੜ ਹੈ।

[ਪੰਡਿਤ ਸਰਵਣ ਰਾਮ]

ਸਰਕਾਰ ਨੇ ਧਾਰਮਿਕ ਅਸਥਾਨਾਂ ਦੀ ਬੜੀ ਇੱਜ਼ਤ ਕੀਤੀ ਹੈ। ਹਰਿਮੰਦਰ ਸਾਹਿਬ ਅਤੇ ਦੁਰਗਿਆਣਾ ਮੰਦਰ ਨੂੰ 48 ਲੱਖ ਰੁਪਿਆ ਦੇ ਕੇ ਉਨ੍ਹਾਂ ਦੀ ਮੁਰੰਮਤ ਆਦਿ ਕਰਾਉਣ ਲਈ ਇਹ ਜਿਹੜਾ ਸਰਕਾਰ ਨੇ ਤੀਰਥ ਅਸਥਾਨਾਂ ਵਲ ਕਦਮ ਚੁਕਿਆ ਹੈ, ਇਹ ਸਰਕਾਰ ਦਾ ਬੜਾ ਸ਼ਲਾਘਾ-ਯੋਗ ਕੰਮ ਹੈ। ਇਸ ਤੋਂ ਪਤਾ ਲਗਦਾ ਹੈ ਕਿ ਸਰਦਾਰ ਦਰਬਾਰਾ ਸਿੰਘ ਕਿੰਨੇ ਧਰਮਾਤਮਾ ਹਨ ਅਤੇ ਉਹ ਸੋਸ਼ਲਿਜ਼ਮ ਦੇ ਅਲੰਬੜਦਾਰ ਹਨ।

ਸ੍ਰੀ ਡਿਪਟੀ ਸਪੀਕਰ : ਤੁਸੀਂ 3 ਮਿੰਟਾਂ ਵਿਚ ਵਾਈਂਡ ਅਪ ਕਰੋ। ਹੋਰ ਬਹੁਤ ਸਾਰੇ ਬੋਲਣ ਵਾਲੇ ਹਨ।

ਪੰਡਿਤ ਸਰਵਣ ਰਾਮ : ਮੈਂ ਹਾਲਾਂ ਬੋਲਣਾ ਹੈ ਜੀ, ਇਸ ਲਈ ਮੈਨੂੰ ਪੂਰਾ ਟਾਈਮ ਦਿਓ। ਸਰਕਾਰ ਨੇ ਗਰੀਬੀ ਨੂੰ ਖਤਮ ਕਰਨ ਵਾਸਤੇ ਅਤੇ ਉਨ੍ਹਾਂ ਦੀ ਆਰਥਿਕ ਦਸ਼ਾ ਨੂੰ ਠੀਕ ਕਰਨ ਲਈ ਸਰਕਾਰ ਨੇ ਇਕ ਬਹੁਤ ਵੱਡੀ ਗੱਲ ਕੀਤੀ ਹੈ। ਉਹ ਇਹ ਕਿ ਇਸ ਸਰਕਾਰ ਨੇ ਇਕ ਸਰਵੇ ਕਰਵਾਇਆ ਇਹ ਪਤਾ ਲਾਉਣ ਲਈ ਕਿ ਪੰਜਾਬ ਵਿਚ ਕਿੰਨੇ ਲੋਕ ਗਰੀਬੀ ਦੀ ਲਾਈਨ ਤੋਂ ਥੱਲੇ ਰਹਿੰਦੇ ਹਨ। ਫਿਰ ਉਨ੍ਹਾਂ ਦੇ ਪੀਲੇ ਕਾਰਡ ਬਣਾਏ ਗਏ ਅਤੇ ਉਨ੍ਹਾਂ ਦੇ ਪੀਲੇ ਕਾਰਡ ਬਣਾ ਕੇ ਉਨ੍ਹਾਂ ਨੂੰ ਬੈਂਕਾਂ ਤੋਂ ਵੱਖ ਵੱਖ ਕਿਤਿਆਂ ਵਾਸਤੇ ਸਸਤੇ ਰੇਟ ਤੇ ਕਰਜ਼ੇ ਤੇ ਹੋਰ ਕਈ ਕਿਸਮ ਦੀਆਂ ਸਹੂਲਤਾਂ ਉਨ੍ਹਾਂ ਨੂੰ ਦਿਤੀਆਂ ਜਾ ਰਹੀਆਂ ਹਨ। ਇਸ ਤਰ੍ਹਾਂ ਸਰਕਾਰ ਵਲੋਂ ਉਨ੍ਹਾਂ ਗਰੀਬ ਲੋਕਾਂ ਨੂੰ ਬੜੇ ਬੜੇ ਕਿੱਤਿਆਂ ਵਿਚ ਲਾਕੇ ਉਨ੍ਹਾਂ ਦੀ ਹਾਲਤ ਸੁਧਾਰਨ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਮਹਿਕਮੇਂ ਦੇ ਵਜ਼ੀਰ ਚੌਧਰੀ ਜਗਤ ਰਾਮ ਜੀ ਹਨ। ਉਨ੍ਹਾਂ ਨੇ ਬੜੀ ਸੂਝ ਬੂਝ ਨਾਲ ਕੰਮ ਕੀਤਾ ਹੈ। ਫਿਰ ਉਨ੍ਹਾਂ ਨੇ ਵਿਧਵਾ ਪੈਨਸ਼ਨ ਦਿਤੀ ਹੈ ਅਤੇ ਬੇ-ਘਰੇ ਲੋਕਾਂ ਨੂੰ ਪਲਾਟ ਅਤੇ ਘਰ ਦਿੱਤੇ ਹਨ। (ਥੰਪਿੰਗ) ਹਰੀਜਨਾਂ ਵਾਸਤੇ ਅਤੇ ਦੂਸਰੇ ਵਰਗਾਂ ਨੂੰ ਮਕਾਨ ਬਣਾ ਕੇ ਦਿਤੇ ਹਨ। ਇਸ ਤਰ੍ਹਾਂ ਉਹ ਬੇ-ਘਰੇ ਗਰੀਬ ਲੋਕ 10 ਰੁਪਏ ਮਹੀਨਾ ਦੀ ਛੋਟੀ ਜਿਹੀ ਕਿਸ਼ਤ ਦੇ ਕੇ ਆਪਣਾ ਘਰ ਲੈ ਕੇ ਆਪਣੀ ਚੰਗੀ ਤਰ੍ਹਾਂ ਨਾਲ ਜ਼ਿੰਦਗੀ ਬਸਰ ਕਰ ਸਕਣਗੇ। ਡਿਪਟੀ ਸਪੀਕਰ ਸਾਹਿਬ, ਇਹ ਕੋਈ ਛੋਟੀ ਜਿਹੀ ਗੱਲ ਨਹੀਂ ਹੈ। ਐਨਾ ਵੱਡਾ ਪ੍ਰਬੰਧ ਕਰਨਾ ਇਕ ਬਹੁਤ ਵੱਡੀ ਗੱਲ ਹੈ।

ਮੈਂ ਰੰਧਾਵਾ ਸਾਹਿਬ ਦੀ ਵੀ ਸਿਫਤ ਕਰਦਾ ਹਾਂ ਜਿਨ੍ਹਾਂ ਨੇ ਪਿੰਡਾਂ ਨੂੰ ਸ਼ਹਿਰ ਬਣਾਉਣ ਦਾ ਉਪਰਾਲਾ ਕੀਤਾ ਹੈ। ਕਰੋੜਾਂ ਰੁਪਿਆ ਸਰਕਾਰ ਨੇ ਪਿੰਡਾਂ ਦੀ ਹਾਲਤ ਸੁਧਾਰਨ ਤੇ ਖਰਚ ਕੀਤਾ ਹੈ। ਪਿੰਡਾਂ ਵਿਚ ਗਲੀਆਂ ਅਤੇ ਨਾਲੀਆਂ ਪੱਕੀਆਂ ਬਣਾਉਣ ਵਾਸਤੇ ਜਿਹੜਾ ਉਪਕਾਰ ਰੰਧਾਵਾ ਜੀ ਨੇ, ਸਾਡੀ ਸਰਕਾਰ ਨੇ ਕੀਤਾ ਹੈ, ਇਸ ਨੂੰ ਆਉਣ ਵਾਲੀਆਂ ਨਸਲਾਂ ਯਾਦ ਕਰਨਗੀਆਂ। ਪਿੰਡਾਂ ਵਿਚ ਪੰਚਾਇਤ ਘਰ ਬਣਾਏ ਜਾ ਰਹੇ ਹਨ। ਵੈਟਰਨਰੀ ਹਸਪਤਾਲ ਖੋਲ੍ਹੇ ਜਾ ਰਹੇ ਹਨ। ਪਿੰਡਾਂ ਦੀ ਸ਼ਕਲ ਬਦਲੀ ਜਾ ਰਹੀ ਹੈ। ਪਿੰਡਾਂ ਦੇ ਲੋਕ ਸਰਕਾਰ ਦੀ ਧਨ ਧਨ ਕਰ ਰਹੇ ਹਨ। ਖਾਸ ਕਰਕੇ ਕੰਡੀ ਦੇ ਇਲਾਕੇ ਦੇ ਲੋਕਾਂ ਨੂੰ ਹੁਣ ਪਤਾ ਲਗਾ ਹੈ ਕਿ ਐਮ. ਐਲ. ਏ. ਅਤੇ ਸਰਕਾਰ ਵੀ ਕੋਈ ਹੈ। ਕੰਡੀ ਦੇ ਲੋਕਾਂ ਨੂੰ ਇਸ ਕਰਕੇ ਹੁਣ ਇਸ ਗਲ ਦਾ ਪਤਾ ਲਗਿਆ ਹੈ ਕਿਉਂਕਿ ਪੰਜਾਬ ਸਰਕਾਰ ਨੇ ਕਾਫੀ ਤੋਂ ਜ਼ਿਆਦਾ ਰੁਪਿਆ ਕੰਡੀ ਦੇ ਵਿਚ ਸੁਟਿਆ ਹੈ। ਇਸ ਕੰਮ ਦਾ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੂੰ ਮਾਣ ਹਾਸਲ ਹੈ ਜਿਸਨੇ ਪਹਾੜਾਂ ਅਤੇ ਜੰਗਲਾਂ ਦੀ ਧਰਤੀ ਵਿਚ ਲੋਕਾਂ ਦੀ ਸੁਧ ਲਈ ਹੈ ਅਤੇ ਉੱਥੇ ਦੇ ਲੋਕਾਂ ਨੂੰ ਆਪਣੇ ਪੈਰ੍ਹਾਂ ਤੇ ਖੜ੍ਹਾ ਕਰਨ ਦਾ ਯਤਨ ਕੀਤਾ ਹੈ। ਉਹ ਲੋਕ ਜਦੋਂ ਤਕ ਦੁਨੀਆਂ ਕਾਇਮ ਰਹੇਗੀ ਇਸ ਸਰਕਾਰ ਦੇ ਗੁਣ ਗਾਉਂਦੇ ਰਹਿਣਗੇ। ਮੈਂ ਰੰਧਾਵਾ ਜੀ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਪਿੰਡਾਂ ਦੀਆਂ ਗਲੀਆਂ, ਨਾਲੀਆਂ ਵਾਸਤੇ 10 ਕਰੋੜ

ਰੁਪਿਆ ਰਖਿਆ ਹੈ ਜਿਹੜਾ ਕਿ ਬਹੁਤ ਥੋੜ੍ਹਾ ਹੈ। ਉਹ ਡਾਕਟਰ ਸਾਹਿਬ ਨੂੰ ਕਹਿਕੇ ਇਹ 20 ਕਰੋੜ ਰੁਪਿਆ ਮਨਜ਼ੂਰ ਕਰਵਾ ਲੈਣ। (ਥੰਪਿੰਗ) ਇਸ ਨਾਲ ਪਿੰਡਾਂ ਦੀ ਨੁਹਾਰ ਬਦਲ ਜਾਵੇਗੀ। ਮੈਨੂੰ ਇਹ ਪਤਾ ਹੈ ਕਿ ਸੀ. ਐਮ. ਸਾਹਿਬ ਦੇ ਦਿਲ ਵਿਚ ਗਰੀਬਾਂ ਵਾਸਤੇ ਥਾਂ ਹੈ। ਉਨ੍ਹਾਂ ਨੂੰ ਗਰੀਬਾਂ ਦਾ ਪੂਰਾ ਅਹਿਸਾਸ ਹੈ। (ਘੰਟੀ)

ਸ਼੍ਰੀ ਡਿਪਟੀ ਸਪੀਕਰ: ਤੁਸੀਂ ਵਾਈਂਡ ਅਪ ਕਰੋ।

ਪੰਡਿਤ ਸਰਵਣ ਰਾਮ: ਮੈਂ ਪੰਜ ਮਿੰਟ ਹੋਰ ਲੈਣੇ ਹਨ ਜੀ। ਪੰਜਾਬ ਵਿਚ ਸੜਕਾਂ ਦਾ ਜਾਲ ਵਿੱਛ ਗਿਆ ਹੈ। ਇਹ ਵੀ ਸਾਡੀ ਸਰਕਾਰ ਦੀ ਮਿਹਰਬਾਨੀ ਹੈ। ਸਰਦਾਰ ਬੇਅੰਤ ਸਿੰਘ ਜ਼ਾਤੀ ਤੌਰ ਤੇ ਦਿਲਚਸਪੀ ਲੈ ਕੇ ਸਾਡੇ ਕੰਡੀ ਦੇ ਇਲਾਕੇ ਵਿਚ ਇਸ ਬਾਰੇ ਕੋਸ਼ਿਸ਼ ਕਰ ਰਹੇ ਹਨ। ਹਰ ਪਿੰਡ ਨੂੰ ਸੜਕ ਨਾਲ ਜੋੜਨ ਦਾ ਸਰਕਾਰ ਦਾ ਫੈਸਲਾ ਇਹ ਸਰਕਾਰ ਦੀ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ। ਇਹ ਇਨ੍ਹਾਂ ਨੇ ਬੜਾ ਅੱਛਾ ਐਲਾਨ ਕੀਤਾ ਹੈ ਕਿ ਜਿਹੜੇ ਪਹਾੜਾਂ ਵਿਚ ਪਿੰਡ ਹਨ, ਬਸਤੀਆਂ ਹਨ ਉਨ੍ਹਾਂ ਨੂੰ ਸੜਕਾਂ ਨਾਲ ਜੋੜ ਦਿਤਾ ਜਾਵੇਗਾ। ਇਹ ਬਹੁਤ ਵੱਡੀ ਗੱਲ ਹੈ।

ਰੰਧਾਵਾ ਜੀ ਨੇ ਬਹੁਤ ਅੱਛੇ ਕੰਮ ਕੀਤੇ ਹਨ। ਉਨ੍ਹਾਂ ਨੇ 39.81 ਲੱਖ ਮੱਝਾਂ, 11 ਲੱਖ ਦੇਸੀ ਗਊਆਂ ਅਤੇ 1.90 ਲੱਖ ਦੋਗਲੀ ਨਸਲ ਦੀਆਂ ਗਊਆਂ ਦਿਤੀਆਂ ਹਨ। ਇਸ ਤਰ੍ਹਾਂ ਪੰਜਾਬ ਵਿਚ ਚਿੱਟਾ ਇਨਕਲਾਬ ਆਵੇਗਾ। ਪੰਜਾਬ ਸਰਕਾਰ ਨੇ ਪੰਜਾਬ ਵਿਚ ਦੁੱਧ ਦਾ ਹੜ੍ਹ ਲੈ ਆਂਦਾ ਹੈ। ਪਹਿਲਾਂ ਇਥੇ ਹਰਾ ਇਨਕਲਾਬ ਲਿਆਂਦਾ ਅਤੇ ਹੁਣ ਚਿੱਟਾ ਇਨਕਲਾਬ ਲਿਆਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮਿਲਕ ਪਲਾਂਟ ਅਤੇ ਮਿਲਕ ਸੈਂਟਰ ਕਾਫੀ ਮਾਤਰਾ ਵਿਚ ਖੋਲ੍ਹੇ ਗਏ ਹਨ। ਇਸ ਖੇਤਰ ਵਿਚ ਪੰਜਾਬ ਦੀ ਸਰਕਾਰ ਪੰਜਾਬ ਨੂੰ ਬਹਿਸ਼ਤ ਬਣਾਉਣ ਵਲ ਪੂਰੀ ਕੋਸ਼ਿਸ਼ ਕਰ ਰਹੀ ਹੈ। ਮੇਰੇ ਹਲਕੇ ਕੰਡੀ ਦੇ ਇਲਾਕੇ ਵਿਚ ਇਨ੍ਹਾਂ ਨੇ ਇਹ ਇਕ ਬੜੀ ਮਿਹਰਬਾਨੀ ਕੀਤੀ ਹੈ ਕਿ ਕੋਈ ਵੀ 3 ਬੱਕਰੀਆਂ ਦੇ ਕੇ ਦੋਗਲੀ ਨਸਲ ਦੀ ਗਾਂ ਲੈ ਸਕਦਾ ਹੈ। ਇਸ ਤਰ੍ਹਾਂ ਪੰਜਾਬ ਵਿਚ ਚਿੱਟਾ ਇਨਕਲਾਬ ਲਿਆਂਦਾ ਜਾ ਸਕੇਗਾ। ਮੈਂ ਕਾਮਰੇਡਾਂ ਨੂੰ ਕਹਾਂਗਾ ਕਿ ਤੁਸੀਂ ਜਾਕੇ ਦੇਖੋ ਕਿ ਕੰਡੀ ਦੀ ਕਿਸ ਤਰ੍ਹਾਂ ਤਰੱਕੀ ਹੋਈ ਹੈ। ਤਿੰਨ ਸਾਲਾਂ ਦੇ ਸਮੇਂ ਵਿਚ ਇਸ ਸਰਕਾਰ ਨੇ ਕੰਡੀ ਨੂੰ ਸਵਰਗ ਦੇ ਕੰਢੇ ਤੇ ਲਿਆਕੇ ਖੜ੍ਹਾ ਕਰ ਦਿਤਾ ਹੈ। ਉਹ ਦਿਨ ਦੂਰ ਨਹੀਂ ਜਦੋਂ ਉਥੋਂ ਦੇ ਲੋਕ ਬੜੇ ਖੁਸ਼ਹਾਲ ਹੋ ਜਾਣਗੇ ਅਤੇ ਉਹ ਪਿਛਲੀਆਂ ਗੱਲਾਂ ਨੂੰ ਭੁੱਲ ਜਾਣਗੇ। ਰੰਧਾਵਾ ਜੀ ਦੀ ਮੈਂ ਹੋਰ ਵੀ ਸਿਫਤ ਕਰਦਾ ਹਾਂ ਕਿ ਇਨ੍ਹਾਂ ਨੇ ਆਪਣੇ ਮਹਿਕਮੇਂ ਵਿਚ, ਭਾਵੇਂ ਉਹ ਰੂਰਲ ਡਿਵੈਲਪਮੈਂਟ ਏਜੰਸੀ ਹੈ, ਮੱਛਲੀ ਫਾਰਮ ਹੈ, ਪਿਗਰੀ ਫਾਰਮ ਹੈ, ਇਨ੍ਹਾਂ ਨੂੰ ਕਾਫੀ ਤਰੱਕੀ ਕਰਵਾਈ ਹੈ।

ਹੁਣ ਮੈਂ ਗਟਵਾਲੀ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਉਹ ਟਰਾਂਸਪੋਰਟ ਮਨਿਸਟਰ ਹਨ। ਉਨ੍ਹਾਂ ਨੇ ਟਰਾਂਸਪੋਰਟ ਦਾ ਕਾਫੀ ਅੱਛਾ ਇੰਤਜ਼ਾਮ ਕੀਤਾ ਹੈ। ਜਿਥੇ 3 ਸਾਲ ਪਹਿਲਾਂ ਇਕ ਬਸ ਚਲਦੀ ਸੀ ਅਤੇ ਲੋਕ ਮਿੰਨਤਾਂ ਕਰਕੇ ਲਾਈਨ ਵਿਚ ਖੜ੍ਹੇ ਹੋ ਕੇ ਟਿਕਟ ਲੈਂਦੇ ਸੀ, ਉਥੇ ਅੱਜ 22-22 ਟਾਈਮ ਚਲਦੇ ਹਨ। ਹਰ ਪਿੰਡ ਨੂੰ ਬੱਸ ਜਾਂਦੀ ਹੈ। ਇਹ ਸਰਕਾਰ ਦੀ ਬੜੀ ਦੇਣ ਹੈ। ਅਕਾਲੀ ਜਿਹੜੀਆਂ ਟੁੱਟੀਆਂ ਫੁੱਟੀਆਂ ਬੱਸਾਂ ਦੇ ਗਏ ਸਨ, ਉਨ੍ਹਾਂ ਦੀ ਮੁਰੰਮਤ ਵੀ ਕਰਵਾਈ ਹੈ ਅਤੇ ਨਵੀਆਂ ਬੱਸਾਂ ਵੀ ਖਰੀਦੀਆਂ ਹਨ। ਪੰਜਾਬ ਸਰਕਾਰ ਨੇ ਪੰਜਾਬ ਦੀ ਨੁਹਾਰ ਨੂੰ ਸੰਵਾਰਿਆ ਹੈ।

[ਪੰਡਿਤ ਸਰਵਣ ਰਾਮ]

ਡਿਪਟੀ ਸਪੀਕਰ ਸਾਹਿਬ, ਪਬਲਿਕ ਹੈਲਥ ਦਾ ਕੰਮ ਵੀ ਬੜਾ ਹੋਇਆ ਹੈ। ਇਸ ਪਾਸੇ ਬੜੀ ਤੇਜ਼ੀ ਨਾਲ ਕੰਮ ਹੋ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਕਹਿੰਦੇ ਹਨ ਕਿ ਸਰਕਾਰ ਨੇ ਮਜ਼ਦੂਰਾਂ ਦੀ ਮਜ਼ਦੂਰੀ 14 ਰੁਪਏ 60 ਪੈਸੇ ਮੁਕੱਰਰ ਕੀਤੀ ਹੈ ਪਰ ਕੇ. ਪੀ. ਸਾਹਿਬ ਦੇ ਮਹਿਕਮੇਂ ਵਿਚ ਹਾਲੇ ਵੀ 9 ਰੁਪਏ ਹੀ ਦਿਹਾੜੀ ਦੇ ਦਿਤੇ ਜਾ ਰਹੇ ਹਨ। ਮੈਂ ਇਸ ਗਲ ਨੂੰ ਸਾਬਤ ਕਰ ਸਕਦਾ ਹਾਂ ਕਿ 14 ਰੁਪਏ ਦੀ ਬਜਾਏ 9 ਰੁਪਏ ਦਿਹਾੜੀ ਹੀ ਉਨ੍ਹਾਂ ਨੂੰ ਮਿਲਦੇ ਹਨ ਅਤੇ ਉਸ ਵਿਚੋਂ ਵੀ ਉਪਰਲੇ ਮੁਲਾਜ਼ਮ ਖਾ ਪੀ ਜਾਂਦੇ ਹਨ। ਇਸ ਮਹਿਕਮੇਂ ਵਿਚ ਗਰੀਬਾਂ ਨੂੰ ਲੁਟਿਆ ਜਾ ਰਿਹਾ ਹੈ। ਐਨੀ ਲੁਟ ਹੈ ਪਬਲਿਕ ਹੈਲਥ ਦੇ ਮਹਿਕਮੇਂ ਵਿਚ ਕਿ ਮੈਂ ਬਿਆਨ ਨਹੀਂ ਕਰ ਸਕਦਾ। ਡਿਪਟੀ ਸਪੀਕਰ ਸਾਹਿਬ, ਮੈਂ ਸਾਬਤ ਕਰ ਸਕਦਾ ਹਾਂ ਕਿ ਇਸ ਮਹਿਕਮੇਂ ਵਿਚ ਗਰੀਬਾਂ ਨੂੰ ਪੂਰਾ ਰੋਜ਼ਗਾਰ ਨਹੀਂ ਮਿਲਦਾ।

ਸ੍ਰੀ ਡਿਪਟੀ ਸਪੀਕਰ : ਵ੍ਹਾਈਂਡ ਅੱਪ ਕਰੋ ਜੀ।

ਪੰਡਿਤ ਸਰਵਣ ਰਾਮ : ਬਸ, ਹੁਣੇ ਖਤਮ ਕਰ ਦਿੰਦਾ ਹਾਂ ਜੀ। ਤੁਸੀਂ ਥਾਣਿਆਂ ਵਿਚ ਚਲੇ ਜਾਓ, ਤਹਿਸੀਲਾਂ ਵਿਚ ਚਲੇ ਜਾਓ ਹਰ ਥਾਂ ਤੇ ਕੁਰੱਪਸ਼ਨ ਦਾ ਬੋਲਬਾਲਾ ਹੈ। ਮੈਂ ਇਹ ਮੰਨਦਾ ਹਾਂ ਕਿ ਹੁਣ ਇਹ ਕੁਝ ਘੱਟ ਗਈ ਹੈ, ਪਰ ਫਿਰ ਵੀ ਬਹੁਤ ਹੈ। ਜੇ ਕੋਈ ਦੀਵੇ ਦੇ ਥੱਲੇ ਬੈਠ ਕੇ ਆਖੇ ਕਿ ਮੈਂ ਤਾਂ ਚਾਨਣ ਵਿਚ ਬੈਠਾ ਹਾਂ ਤਾਂ ਇਹ ਉਸ ਦੀ ਗਲਤ ਫਹਿਮੀ ਹੈ। ਕੰਮ ਥੋੜ੍ਹਾ ਹੁੰਦਾ ਹੈ, ਪੈਸਿਆਂ ਦਾ ਘਪਲਾ ਜ਼ਿਆਦਾ ਹੁੰਦਾ ਹੈ। ਮੁਰੱਬਾਬੰਦੀ ਦੇ ਕੰਮ ਵਿਚ ਹੀ ਵੇਖ ਲਓ ਮੇਰੇ ਇਲਾਕੇ ਵਿਚ ਮੁਰੱਬਾਬੰਦੀ ਕਰਨ ਵਾਲਿਆਂ ਨੇ ਲੱਖਾਂ ਰੁਪਏ ਛਕ ਲਏ। ਹਾਲਤ ਇਹ ਹੈ ਕਿ ਇਸ ਵੇਲੇ ਲੋਕ ਮੁਰੱਬਾਬੰਦੀ ਕਰਾਉਣ ਨੂੰ ਹੀ ਤਿਆਰ ਨਹੀਂ। ਡਿਪਟੀ ਸਪੀਕਰ ਸਾਹਿਬ, ਜਦ ਤਕ ਰਿਸ਼ਵਤ ਬੰਦ ਨਹੀਂ ਹੁੰਦੀ, ਲੋਕਾਂ ਦਾ ਕਲਿਆਣ ਨਹੀਂ ਹੋ ਸਕਦਾ। ਸਰਦਾਰ ਦਰਬਾਰਾ ਸਿੰਘ ਦੀ ਅਗਵਾਈ ਵਿਚ ਲੋਕਾਂ ਵਿਚ ਬਹੁਤ ਚੰਗੀ ਸਰਕਾਰ ਮਿਲੀ ਹੈ ਪਰ ਕੁਰੱਪਸ਼ਨ ਨੂੰ ਰੋਕੇ ਬਗੈਰ ਸਰਕਾਰ ਦੀਆਂ ਯੋਜਨਾਵਾਂ ਪੁਰਅਸਰ ਨਹੀਂ ਹੋ ਸਕਦੀਆਂ। ਇਸੇ ਤਰ੍ਹਾਂ ਹੀ ਕੋਆਪਰੇਟਿਵ ਡਿਪਾਰਟ-ਮੈਂਟ ਵਿਚ ਲੱਖਾਂ ਕਰੋੜਾਂ ਰੁਪਏ ਦਾ ਗਬਨ ਹੋ ਰਿਹਾ ਹੈ, ਜਿਸ ਨੂੰ ਐਸ ਵੇਲੇ ਚੈਕ ਨਹੀਂ ਕੀਤਾ ਜਾ ਰਿਹਾ। ਇੰਸਪੈਕਟਰ ਚੁਪ ਕਰਕੇ ਪਿੰਡਾਂ ਵਿਚ ਜਾਂਦੇ ਹਨ ਅਤੇ ਸ਼ਰਾਬ ਛਕ ਕੇ ਆ ਜਾਂਦੇ ਹਨ। ਇਹ ਲਹਿਰ ਬਹੁਤ ਚੰਗੀ ਹੈ ਪਰ ਕੁਰੱਪਸ਼ਨ ਕਰਕੇ ਇਸ ਦਾ ਜ਼ਿਆਦਾ ਫਾਇਦਾ ਲੋਕਾਂ ਨੂੰ ਨਹੀਂ ਹੋ ਰਿਹਾ।

ਰਾਜ ਮੰਤਰੀ, ਸਹਿਕਾਰਤਾ (ਸਰਦਾਰ ਬੀਰਪਾਲ ਸਿੰਘ) : ਡਿਪਟੀ ਸਪੀਕਰ ਸਾਹਿਬ, ਪੰਡਤ ਸਰਵਣ ਰਾਮ ਨੇ ਕਿਹਾ ਹੈ ਕਿ ਕੋਆਪ੍ਰੇਟਿਵ ਡਿਪਾਰਟਮੈਂਟ ਵਿਚ ਬਹੁਤ ਗਬਨ ਹੋ ਰਿਹਾ ਹੈ। ਇਸ ਬਾਰੇ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਮਹਿਕਮਾ ਬਹੁਤ ਵੱਡਾ ਹੈ। ਇਸ ਦਾ ਪੰਡਤ ਜੀ ਨੂੰ ਖੁਦ ਪਤਾ ਹੈ। 85% ਲੋਕਾਂ ਦਾ ਸਬੰਧ ਸਹਿਕਾਰਤਾ ਵਿਭਾਗ ਨਾਲ ਹੈ। ਪੰਡਤ ਜੀ ਦੀ ਜਾਣਕਾਰੀ ਲਈ ਮੈਂ ਦਸਦਾ ਹਾਂ ਕਿ ਮੈਂ ਇਸ ਮਹਿਕਮੇਂ ਵਿਚ ਬਹੁਤ ਜ਼ਿਆਦਾ ਪਰਿਵਰਤਨ ਲਿਆਂਦਾ ਹੈ। ਪੰਜਾਬ ਦਾ ਸਹਿਕਾਰਤਾਂ ਵਿਭਾਗ ਹਿੰਦੁਸਤਾਨ ਵਿਚ ਪਹਿਲੇ ਨੰਬਰ ਤੇ ਹੈ, ਰਿਕਵਰੀ, ਡਿਵੈਲਪਮੈਂਟ ਅਤੇ ਰੇਟ ਆਫ ਇੰਟਰੈਸਟ ਹਰ ਲਿਹਾਜ਼ ਨਾਲ ਅੱਗੇ ਹੈ। (ਥੰਪਿੰਗ)। ਮਿਲਕ ਪਲਾਂਟ ਲਗਾਉਣ ਤੇ 160 ਕਰੋੜ ਰੁਪਏ ਖਰਚ ਕੀਤੇ ਗਏ ਹਨ। ਤੁਹਾਡੇ ਹੁਸ਼ਿਆਰਪੁਰ ਵਿਚ ਵੀ ਮਿਲਕ ਪਲਾਂਟ ਲਗਾਇਆ ਗਿਆ ਹੈ। ਉਹ ਪਹਿਲਾਂ 35 ਲੱਖ ਰੁਪਏ ਘਾਟੇ ਵਿਚ ਜਾਂਦਾ ਸੀ, ਉਸ ਨੂੰ ਹੁਣ 25 ਲਖ ਰੁਪਏ ਤੇ ਲਿਆਂਦਾ ਹੈ। ਜਲੰਧਰ ਅਤੇ ਸੰਗਰੂਰ ਵਿਚ ਵੀ ਇਹ ਕੰਮ ਕਰ ਰਹੇ ਹਨ। ਕਰੋੜਾਂ ਰੁਪਏ ਲਾ ਕੇ ਸਪਿਨਿੰਗ ਮਿਲਾਂ ਸ਼ੂਗਰ ਮਿਲਾਂ ਅਤੇ ਕਾਟਨ ਵੇਸਟ ਪਲਾਂਟ

ਚੌਧਰੀ ਮਾਤੂ ਰਾਮ : ਫਿਰ ਜੀ ਤੁਹਾਨੂੰ ਕਿਸ ਤਰ੍ਹਾਂ ਪਤਾ ਲਗੇਗਾ। ਮੈਂ ਤਾਂ ਨਾਮ ਲੈ ਕੇ ਜ਼ਰੂਰ ਦੱਸਾਂਗਾ। ਇਸ ਦੇ ਖਿਲਾਫ ਉਸਨੇ ਬਿਆਨ ਦਿੱਤਾ ਕਿ ਇਸ ਚੀਫ ਨੇ 60 ਲੱਖ ਰੁਪਏ ਦੀ ਗੜਬੜ ਕੀਤੀ ਹੈ। ਉਸ ਨੇ ਇਸਦੇ ਸਬੂਤ ਵੀ ਦਿੱਤੇ ਹਨ। ਇਹ ਪਤਾ ਨਹੀਂ ਕਿ ਇਸਦੀ ਇਨਕੁਆਇਰੀ ਕਿਥੇ ਹੈ। ਰਿਪੋਰਟਾਂ ਵੀ ਇਸ ਦੇ ਖਿਲਾਫ ਹਨ, ਸ਼ਿਕਾਇਤਾਂ ਵੀ ਹਨ ਅਤੇ ਫਿਰ ਵੀ ਉਹ ਦਨਦਨਾ ਰਹੇ ਹਨ ਅਤੇ ਚੀਫ ਬਨਣ ਦੀ ਕੋਸ਼ਿਸ਼ ਕਰ ਰਹੇ ਹਨ। ਇਸਦੀ ਰਿਪੋਰਟ ਇਕ ਆਦਮੀ ਨੇ ਸੀ.ਐਮ. ਸਾਹਿਬ ਕੋਲ ਵੀ ਕੀਤੀ ਸੀ, ਇਕ ਫਰਮ ਨੇ ਬਿਆਨ ਹਲਫੀਆ ਦਿੱਤਾ ਹੈ ਕਿ ਇਸ ਨੇ 60 ਲੱਖ ਰੁਪਏ ਦਾ ਨੁਕਸਾਨ ਕੀਤਾ ਹੈ ਅਤੇ ਕਰੋੜਾਂ ਰੁਪਏ ਦੀ ਪਾਈਪ ਖਰੀਦੀ ਹੈ। ਇਸਦੀ ਇਨਕੁਆਇਰੀ ਵੀ ਪਤਾ ਨਹੀਂ ਕਿਉਂ ਨਹੀਂ ਹੋਈ। ਪਤਾ ਨਹੀਂ ਇਸਦੀ ਫਾਈਲ ਨੂੰ ਮਹਿਕਮਾ ਜਾਂ ਸੈਕਰੇਟਰੀ, ਕੌਣ ਨੱਪ ਕੇ ਰੱਖ ਲੈਂਦੇ ਹਨ। ਮੈਂ ਕਹਿੰਦਾ ਹਾਂ ਕਿ ਇਸ ਦੀ ਇਨ-ਕੁਆਇਰੀ ਕੀਤੀ ਜਾਵੇ। ਇਹੋ ਜਿਹੇ ਅਫ਼ਸਰਾਂ ਦੀ ਕੀ ਜ਼ਰੂਰਤ ਹੈ ਜਦੋਂ ਕਿ ਸਾਡੇ ਕੋਲ ਏਨੇ ਅਫ਼ਸਰ ਬੈਠੇ ਹਨ, ਉਨ੍ਹਾਂ ਨੂੰ ਕਿਉਂ ਨਾ ਮੌਕਾ ਦਿਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਸਾਡੇ ਏਥੇ ਇੱਕ ਮੁਹਾਲੀ ਵਿਖੇ ਐਕਸੀਅਨ ਹੈ। ਹੁਣ ਤੁਸੀਂ ਮੈਨੂੰ ਨਾਂ ਨਹੀਂ ਲੈਣ ਦੇਂਦੇ ਹੁਣ ਦਸੋ ਮੈਂ ਤੁਹਾਨੂੰ ਕਿਸ ਤਰ੍ਹਾਂ ਦੱਸਾਂ ?

ਕਾਮਰੇਡ ਸੋਹਣ ਸਿੰਘ : ** ** **

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਚੌਧਰੀ ਮਾਤੂ ਰਾਮ : ਡਿਪਟੀ ਸਪੀਕਰ ਸਾਹਿਬ, ਉਸ ਨੇ 25 ਏਅਰ ਕੰਡੀਸ਼ਨਰ ਆਪਣੇ ਡਿਪਾਰਟਮੈਂਟ ਦੇ ਨੀਲਾਮ ਕਰਾਏ ਹਨ। ਕੋਈ ਮੁੰਗੀਆ ਕੰਪਨੀ ਹੈ ਚੰਡੀਗੜ੍ਹ ਦੇ ਅੰਦਰ ਉਸ ਨਾਲ ਮਿਲ ਕੇ ਆਪਣੇ ਡਿਪਾਰਟਮੈਂਟ ਦੇ ਚੀਫ ਨਾਲ ਮਿਲ ਕੇ, ਹੋਰ ਅਫ਼ਸਰਾਂ ਨਾਲ ਮਿਲ ਕੇ ਉਸ ਨੇ ਉਹ 25 ਏਅਰ ਕੰਡੀਸ਼ਨਰ ਨੀਲਾਮ ਕਰਵਾ ਦਿੱਤੇ ਹਨ। ਫਿਰ ਉਸ ਨੇ ਕੀ ਕੀਤਾ, ਡਿਪਟੀ ਸਪੀਕਰ ਸਾਹਿਬ, ਕਿ 25 ਦੀ ਬਜਾਏ 31 ਨਵੇਂ ਏਅਰ ਕੰਡੀਸ਼ਨਰ ਖਰੀਦ ਲਏ। ਇਨ੍ਹਾਂ 31 ਏਅਰ ਕੰਡੀਸ਼ਨਰਜ਼ ਦੇ ਵਿੱਚ 25 ਤਾਂ ਉਹੀ ਸਨ, ਜਿਹੜੇ ਕਿ ਪਹਿਲਾਂ ਇਸ ਮਹਿਕਮੇ ਨੇ ਵੇਚੇ ਸਨ ਉਹੀ ਏਅਰ ਕੰਡੀਸ਼ਨਰ ਫਰਮ ਵਾਲਿਆਂ ਨੇ ਮੁਰੰਮਤ ਕਰਕੇ ਔਰ ਰੰਗ ਰੋਗਨ ਕਰਕੇ ਵਾਪਸ ਫਿਰ ਉਸੀ ਮਹਿਕਮੇਂ ਨੂੰ ਵੇਚ ਦਿਤੇ। ਇਸ ਦੇ ਨਾਲ ਪੰਜ ਏਅਰ ਕੰਡੀਸ਼ਨਰ ਨਵੇਂ ਲਾ ਦਿੱਤੇ ਔਰ ਡਿਪਾਰਟਮੈਂਟ ਨੇ ਖਰੀਦੇ ਹਨ। ਇਸ ਤਰ੍ਹਾਂ ਇਨ੍ਹਾਂ ਨੇ ਕਮਿਸ਼ਨ ਲਿਆ ਹੈ। ਮੇਰੇ ਕੋਲ ਇਸ ਚੀਜ਼ ਦਾ ਸਬੂਤ ਹੈ। ਡਿਪਟੀ ਸਪੀਕਰ ਸਾਹਿਬ, ਇਹ ਚੋਰ ਬੈਠੇ ਹਨ ਮਹਿਕਮੇਂ ਦੇ ਜੋ ਕਿ ਪੰਜਾਬ ਦਾ ਸਾਰਾ ਪੈਸਾ ਹੜੱਪ ਕਰੀ ਜਾ ਰਹੇ ਹਨ। ਇਹ ਮਹਿਕਮੇ ਦੇ ਪੈਸੇ ਨੂੰ ਖਾਈ ਜਾ ਰਹੇ ਹਨ। ਮੇਰੀ ਸਰਕਾਰ ਇਹਨਾਂ ਨੂੰ ਰੋਕੇ ਔਰ ਇਹਨਾਂ ਅਫ਼ਸਰਾਂ ਦੀ ਇਨਕੁਆਇਰੀ ਕਰੇ। ਇਹ ਪੰਜਾਬ ਦੀ ਤਰੱਕੀ ਨਹੀਂ ਹੋਣ ਦੇਣਗੇ। ਇਹ ਪੰਜਾਬ ਨੂੰ ਉਚਾ ਨਹੀਂ ਉਠਣ ਦੇਣਗੇ। ਇਹਨਾਂ ਦਾ ਸਰਵੇ ਕੀਤਾ ਜਾਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਇਹ ਚੋਰ ਹਨ ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਇਨ੍ਹਾਂ ਨੂੰ ਇਥੋਂ ਕੱਢ ਦਿਓ।

ਪ੍ਰੋਫੈਸਰ ਬਲਵੰਤ ਸਿੰਘ : ** ** **

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ, ਚੌਧਰੀ ਮਾਤੂ ਰਾਮ ਜੀ ਤੁਸੀਂ ਬੋਲੋ।

**Expunged as ordered by the Chair.

ਚੌਧਰੀ ਮਾਤੂ ਰਾਮ : ਇਕ ਹੋਰ ਗੱਲ ਸੁਣੋ ਜੀ। ਇੱਕ ਐਕਸੀਅਨ ਨੇ ਮਨਿਸਟਰਾਂ ਦੀਆਂ ਕੋਠੀਆਂ ਵਾਸਤੇ ਵਾਟਰ ਕੂਲਰ ਖਰੀਦੇ। 250 ਲੀਟਰ ਦੀ ਕਪੈਸਿਟੀ ਦੇ ਖਰੀਦਣੇ ਸੀ ਔਰ ਇਹ ਸਰਕਾਰ ਦੇ ਜਨਰਲ ਸਟੋਰ ਵਿਚੋਂ ਖਰੀਦਣੇ ਸੀ। ਡਿਪਟੀ ਸਪੀਕਰ ਸਾਹਿਬ, ਇਸ ਦੀ ਕੀਮਤ ਕੋਈ 6 ਹਜ਼ਾਰ ਦੇ ਕਰੀਬ ਹੁੰਦੀ ਹੈ। ਉਸ ਨੇ ਸੋਚਿਆ ਕਿ 250 ਲੀਟਰ ਦੇ ਖਰੀਦੇ, ਤਾਂ ਕੁਝ ਵੀ ਨਹੀਂ ਬਚਦਾ। ਉਸ ਨੇ ਕਿਸੇ ਫਰਮ ਤੋਂ ਮਿਲ ਮਿਲਾ ਕੇ 250 ਲੀਟਰ ਦੀ ਬਜਾਏ, ਡਿਪਟੀ ਸਪੀਕਰ ਸਾਹਿਬ, 300 ਲੀਟਰ ਦੀ ਕਪੈਸਿਟੀ ਵਾਲਿਆਂ ਦੀ ਖਰੀਦ ਕਰ ਲਈ। ਤੁਸੀਂ ਹੈਰਾਨ ਹੋਵੋਗੇ ਕਿ ਜਦੋਂ ਕਿ 250 ਲੀਟਰ ਵਾਲੇ ਦੀ ਕੀਮਤ ਹੈ 6 ਹਜ਼ਾਰ ਰੁਪਏ ਤਾਂ ਉਸ ਨੇ 300 ਲੀਟਰ ਵਾਲੇ ਵਾਟਰ ਕੂਲਰ 14,000 ਰੁਪਏ ਪ੍ਰਤੀ ਦੇ ਹਿਸਾਬ ਨਾਲ ਖਰੀਦੇ। ਡਿਪਟੀ ਸਪੀਕਰ ਸਾਹਿਬ, ਮਹਿਕਮੇ ਦੇ ਸੈਕਟਰੀ ਮਹਿਕਮੇ ਦੇ ਚੀਫ ਉਪਰ ਬੈਠੇ ਹਨ, ਉਹ ਇਹ ਚੀਜ਼ਾਂ ਕਿਉਂ ਨਹੀਂ ਵੇਖਦੇ ਕਿ ਅਫ਼ਸਰ ਥੱਲੇ ਕੀ ਕਰ ਰਹੇ ਹਨ, ਕਿਵੇਂ ਇਹ ਸਾਰੇ ਮਿਲ ਕੇ ਮਹਿਕਮੇ ਨੂੰ ਖਾਈ ਜਾ ਰਹੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਸੇ ਤਰ੍ਹਾਂ ਹੀ ਖਾਂਦੇ ਰਹਿਣਗੇ ? ਇਨ੍ਹਾਂ ਨੂੰ ਚੈਕ ਕਰਨ ਵਾਲਾ ਕੋਈ ਨਹੀਂ। ਇਸ ਹਿਸਾਬ ਨਾਲ ਡਿਪਟੀ ਸਪੀਕਰ ਸਾਹਿਬ, ਪੰਜਾਬ ਕਦੇ ਵੀ ਅੱਗੇ ਨਹੀਂ ਆ ਸਕਦਾ, ਉਪਰ ਨਹੀਂ ਉਠ ਸਕਦਾ। ਪੰਜਾਬ ਦੀ ਕੋਈ ਤਰੱਕੀ ਨਹੀਂ ਹੋ ਸਕੇਗੀ। ਇਨ੍ਹਾਂ ਅਫ਼ਸਰਾਂ ਨੂੰ ਰੋਕਣਾ ਚਾਹੀਦਾ ਹੈ। ਇਸ ਤਰ੍ਹਾਂ ਨਹੀਂ ਕਰਨ ਦੇਣਾ ਚਾਹੀਦਾ। ਜਿਹੜੇ ਮਹਿਕਮੇ ਦੇ ਸੈਕਟਰੀ ਹਨ, ਮੈਂ ਉਹਨਾਂ ਨੂੰ ਵੀ ਕਹਿੰਦਾ ਹਾਂ ਕਿ ਉਹ ਇਨ੍ਹਾਂ ਦੀ ਪੜਤਾਲ ਕਰਨ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਇਕ 48′ ਡਾਇਆ ਮੀਟਰ ਦਾ ਪਲੰਜ ਪੀਸ ਖਰੀਦਿਆ। ਇਸ ਦੀ ਕੀਮਤ ਕੋਈ 700/800 ਰੁਪਏ ਤੱਕ ਹੁੰਦੀ ਹੈ। ਮਗਰ ਇਨ੍ਹਾਂ ਨੇ ਉਹ ਵੀ 6,500 ਰੁਪਏ ਦਾ ਖਰੀਦਿਆ ਹੈ। ਇਨ੍ਹਾਂ ਦਾ ਕੋਈ ਐਸਟੀਮੇਟ ਵੀ ਨਹੀਂ ਦੇਖਦਾ ਕਿ ਇਸ ਦੀ ਕੀਮਤ ਕੀ ਹੈ। ਕੀ ਸਾਰੇ ਅਖਤਿਆਰ ਇਨ੍ਹਾਂ ਨੂੰ ਹੀ ਦਿਤੇ ਹੋਏ ਹਨ ਕਿ ਜਿਸ ਚੀਜ਼ ਦਾ ਦਿਲ ਕਰੇ ਜਿੰਨੇ ਮਰਜ਼ੀ ਜਿਸ ਮਰਜ਼ੀ ਰੇਟ ਤੇ ਖਰੀਦ ਕਰ ਲੈਣ। ਮਨਿਸਟਰ ਸਾਹਿਬ, ਕਿਉਂ ਇਨ੍ਹਾਂ ਨੂੰ ਅਜਿਹਾ ਕਰਨ ਦੇਂਦੇ ਹਨ। ਕਿਉਂਕਿ ਐਕਸੀਅਨ ਇਕ ਵੱਧ ਤੋਂ ਵੱਧ 40 ਹਜ਼ਾਰ ਰੁਪਏ ਤੱਕ ਪਰਚੇਜ਼ ਕਰ ਸਕਦਾ ਹੈ ਉਸ ਤੋਂ ਵੱਧ ਨਹੀਂ ਕਰ ਸਕਦਾ ਪਰ ਇਸ ਕੇਸ ਵਿੱਚ ਇਸ ਤਰ੍ਹਾਂ ਹੋਇਆ ਹੈ ਕਿ ਸਾਰੇ ਉਪਰ ਤੋਂ ਥੱਲੇ ਤੱਕ ਮਿਲੇ ਹੋਏ ਸਨ। ਇਸ ਨੂੰ ਅਖਤਿਆਰ ਦੇ ਦਿੱਤੇ ਕਿ ਤੁਸੀਂ ਸਾਡੀ ਮਨਜ਼ੂਰੀ ਤੋਂ ਬਗੈਰ 40 ਹਜ਼ਾਰ ਰੁਪਏ ਦਾ ਐਸਟੀਮੇਟ ਬਣਾਓ, ਇਸ ਅਨੁਸਾਰ ਉਸ ਨੇ ਲੱਖਾਂ ਰੁਪਏ ਦਾ ਮਾਲ ਖਰੀਦਿਆ ਜਿਸ ਵਿੱਚ ਇਹਨਾਂ ਸਾਰੇ ਲੋਕਾਂ ਨੇ ਰਲ ਕੇ ਕਮਿਸ਼ਨ ਲਿਆ (ਘੰਟੀ) ਡਿਪਟੀ ਸਪੀਕਰ ਸਾਹਿਬ, ਸੈਕਟਰੀ ਨੂੰ ਇਸ ਹੇਰਾਫੇਰੀ ਦਾ ਪਤਾ ਨਹੀਂ ਵੀ ਹੋ ਸਕਦਾ ਕਿਉਂਕਿ ਉਹ ਟੈਕਨੀਕਲ ਨਹੀਂ ਹੁੰਦਾ ਪਰ ਉਪਰ ਐਸ. ਈ., ਐਕਸੀਅਨ, ਚੀਫ ਸਾਰੇ ਰਲ ਕੇ ਇਸ ਤਰ੍ਹਾਂ ਦੇ ਗਲਤ ਕੰਮ ਕਰਦੇ ਰਹਿੰਦੇ ਹਨ। ਡਿਪਟੀ ਸਪੀਕਰ ਸਾਹਿਬ, ਇਹ ਜਿਹੜੇ ਅਫ਼ਸਰ ਹਨ ਇਹ ਤਾਂ ਪੰਜਾਬ ਨੂੰ ਤਰੱਕੀ ਵੱਲ ਨਹੀਂ ਲਿਜਾ ਸਕਦੇ। ਇਨ੍ਹਾਂ ਨੇ ਪੰਜਾਬ ਦੀ ਕੋਈ ਤਰੱਕੀ ਨਹੀਂ ਹੋਣ ਦੇਣੀ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਇਥੋਂ ਕੱਢੋ। ਇਕ ਕੇਸ ਵਿੱਚ ਸਾਡੇ ਕੇ. ਪੀ. ਸਾਹਿਬ ਨੇ ਕਿਸੇ ਅਫ਼ਸਰ ਬਾਰੇ ਲਿਖਿਆ ਕਿ ਇਸ ਨੂੰ ਕੱਢ ਦਿਤਾ ਜਾਵੇ। ਔਰ ਦੇਖੋ ਇਨ੍ਹਾਂ ਦੇ ਦਫਤਰ ਨੇ 'ਕੱਢ' ਸ਼ਬਦ ਤੇ ਰਬੜ ਫੇਰ ਦਿਤੀ ਔਰ ਉਥੇ ਲਿਖ ਦਿੱਤਾ 'ਰੱਖ ਦਿਤਾ ਜਾਵੇ' (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਇਹ ਮਹਿਕਮਾ ਇਸ ਤਰ੍ਹਾਂ ਚਲ ਰਿਹਾ ਹੈ। ਮਨਿਸਟਰ ਸਾਹਿਬ ਤੋਂ ਫਾਇਲ ਕਿਸ ਤਰ੍ਹਾਂ ਜਾਂਦੀ ਹੈ ਪਰ ਸੀ. ਐਮ. ਸਾਹਿਬ ਤੱਕ ਜਾਂਦੀ ਫਾਈਲ ਦਾ ਹਾਲ ਇਹ ਬਣਾ ਦਿਤਾ ਜਾਂਦਾ ਹੈ।

ਰਾਜ ਮੰਤਰੀ, ਉਦਯੋਗ (ਸਰਦਾਰ ਦਰਸ਼ਨ ਸਿੰਘ ਕੇ. ਪੀ.) :ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਪੂਰੀ ਤਰ੍ਹਾਂ ਤਕੜੀ ਹੈ। ਜਿਹੜਾ ਕੋਈ ਗਲਤ ਕੰਮ

ਕਰੇਗਾ ਉਸ ਨੂੰ ਦਰੁਸਤ ਕਰੇਗੀ। ਮਾੜੇ ਕੰਮ ਕਰਨ ਵਾਲਿਆਂ ਨੂੰ ਅਸੀਂ ਸਜ਼ਾ ਦੇ ਰਹੇ ਹਾਂ। ਮੈਂ ਚੌਧਰੀ ਸਾਹਿਬ ਨੂੰ ਦਸਦਾ ਹਾਂ ਕਿ ਮੇਰੇ ਦਫਤਰ ਵਿੱਚ ਇਹੋ ਜਿਹੀ ਕੋਈ ਗੱਲ ਨਹੀਂ ਹੋਈ।

ਚੌਧਰੀ ਮਾਤੂ ਰਾਮ: ਮੈਂ ਕਹਿੰਦਾ ਹਾਂ ਕਿ ਪਤਾ ਕਰੋ ਜਿਸ ਨੇ ਇਸ ਤਰ੍ਹਾਂ ਰਬੜ ਫੇਰੀ ਹੈ ਔਰ ਕੱਢ ਦਿਤਾ ਲਫਜ਼ ਨੂੰ ਕੱਟ ਕੇ ਰੱਖ ਦਿਤਾ ਲਫਜ਼ ਬਣਾ ਦਿਤਾ। ਮੈਂ ਸਮਝਦਾ ਹਾਂ ਕਿ ਇਹੋ ਜਿਹੇ ਅਫ਼ਸਰ ਜਿਹੜੇ ਇਸ ਤਰ੍ਹਾਂ ਦੀ ਗੜਬੜ ਕਰਦੇ ਹਨ ਉਸ ਨੂੰ ਕਿਉਂ ਏਥੇ ਰੱਖਿਆ ਹੋਇਆ ਹੈ। ਉਸ ਨੂੰ ਕਿਸੇ ਦੂਜੇ ਪਾਸੇ ਬਦਲ ਦਿਤਾ ਜਾਵੇ ਔਰ ਇਮਾਨਦਾਰ ਅੱਛੀ ਸ਼ੁਹਰਤ ਵਾਲੇ ਅਫ਼ਸਰ ਨੂੰ ਇਥੇ ਲਾਇਆ ਜਾਵੇ। ਡਿਪਟੀ ਸਪੀਕਰ ਸਾਹਿਬ, ਮੇਰੀ ਸਰਕਾਰ ਔਰ ਚੀਫ ਮਨਿਸਟਰ ਸਾਹਿਬ ਅੱਗੇ ਬੇਨਤੀ ਹੈ ਕਿ ਇਹਨਾਂ ਅਫ਼ਸਰਾਂ ਦੀਆਂ ਇਨਕੁਆਇਰੀਆਂ ਕਰਾਓ, ਇਨ੍ਹਾਂ ਦੇ ਸਰਵੇ ਕਰਾਓ। ਇਨ੍ਹਾਂ ਨੂੰ ਕਿਉਂ ਨਾਂ ਟੰਗਿਆ ਜਾਵੇ। ਇਹ ਆਪਣੇ ਘਰ ਜਾਣ ਔਰ ਪੰਜਾਬ ਨੂੰ ਇਨ੍ਹਾਂ ਕੋਲੋਂ ਬਚਾਇਆ ਜਾ ਸਕੇ। (ਘੰਟੀ) (ਇਸ ਵੇਲੇ ਬਹੁਤ ਸਾਰੇ ਹਾਜ਼ਰ ਮਾਨਯੋਗ ਮੈਂਬਰ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

ਪੰਡਿਤ ਸਰਵਣ ਰਾਮ (ਗੜ੍ਹਸ਼ੰਕਰ): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਸਪੀਚ ਤੇ ਬੋਲਣ ਲਈ ਮੌਕਾ ਦਿਤਾ ਹੈ। ਇਸ ਦੇ ਨਾਲ ਹੀ ਮੈਂ ਡਾਕਟਰ ਕੇਵਲ ਕ੍ਰਿਸ਼ਨ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਬਗੈਰ ਟੈਕਸ ਲਾਏ ਇਹ ਬਜਟ ਬੜੀ ਸੂਝ ਬੂਝ ਨਾਲ ਗਰੀਬਾਂ ਅਤੇ ਮਜ਼ਦੂਰ ਕਿਸਾਨਾਂ ਦੇ ਹਿੱਤਾਂ ਦਾ ਬਜਟ ਪੇਸ਼ ਕੀਤਾ ਹੈ। ਇਹ ਬਜਟ ਉਹਨਾਂ ਦੀ ਖੁਸ਼ਹਾਲੀ ਦਾ ਪਰਤੀਕ ਹੈ। ਡਿਪਟੀ ਸਪੀਕਰ ਸਾਹਿਬ, ਸਾਡਾ ਦੇਸ਼ ਤੱਦ ਹੀ ਕਾਇਮ ਰਹਿ ਸਕਦਾ ਹੈ ਜੇਕਰ ਦੇਸ਼ ਦੀ ਮਾਲੀ ਹਾਲਤ ਮਜ਼ਬੂਤ ਹੋਵੇ ਅਤੇ ਦੇਸ਼ ਆਪਣੇ ਪੈਰ੍ਹਾਂ ਤੇ ਖੜ੍ਹਾ ਹੋਵੇ। ਮਾਲੀ ਹਾਲਤ ਨੂੰ ਬਿਹਤਰ ਬਨਾਉਣ ਵਾਸਤੇ ਜ਼ਰੂਰੀ ਹੈ ਕਿ ਪਿੰਡਾਂ ਵਿਚ ਸਾਹਿਕਾਰਤਾ ਲਹਿਰ, ਸਕੂਲ ਅਤੇ ਪੰਚਾਇਤਾਂ ਅਤੇ ਐਗਰੀਕਲਚਰ, ਬਾਗਬਾਨੀ ਅਤੇ ਜੰਗਲਾਤ/ਨਰਸਰੀਆਂ ਨੂੰ ਬੜ੍ਹਾਵਾ ਮਿਲੇ। ਡਿਪਟੀ ਸਪੀਕਰ ਸਾਹਿਬ, ਮੈਂ ਚੌਧਰੀ ਕਾਂਸ਼ੀ ਰਾਮ ਹੋਰਾਂ ਦਾ ਸ਼ੁਕਰੀਆ ਅਦਾ ਕਰਦਾ ਹਾਂ। ਐਗਰੀਕਲਚਰ ਵਾਲੇ ਪਾਸੇ ਧਿਆਨ ਮਾਰੀਏ ਤਾਂ ਪਤਾ ਲਗਦਾ ਹੈ ਕਿ ਕਿਸ ਤਰ੍ਹਾਂ ਇਨ੍ਹਾਂ ਤਿੰਨ ਸਾਲਾਂ ਦੇ ਅੰਦਰ ਪੰਜਾਬ ਵਿੱਚ ਤਰੱਕੀ ਹੋਈ ਹੈ ਅਤੇ ਪਿਛਲੇ ਸਾਲ ਦੇ ਦੌਰਾਨ 85-93 ਲੱਖ ਮੀ: ਟਨ ਅਨਾਜ ਪੰਜਾਬ ਵਿਚ ਪੈਦਾ ਹੋਇਆ ਅਤੇ ਕੇਂਦਰੀ ਅਨਾਜ ਭੰਡਾਰ ਦੇ ਵਿਚ ਪੰਜਾਬ ਨੇ 59.2 ਫੀ ਸਦੀ ਹਿਸਾ ਪਾਇਆ ਹੈ ਜਿਹੜਾ ਕਿ ਬਾਕੀ ਸਾਰੀਆਂ ਸਟੇਟਾਂ ਤੋਂ ਵੱਧ ਹੈ। ਇਹ ਬੜੀ ਸ਼ਲਾਘਾਯੋਗ ਗੱਲ ਹੈ। ਇਹ ਤਦੇ ਹੀ ਹੋ ਸਕਿਆ ਹੈ ਜਦ ਕਿ ਸਰਕਾਰ ਨੇ ਇਸ ਵਲ ਧਿਆਨ ਦਿਤਾ ਹੈ। ਸਿੰਜਾਈ ਦੀਆਂ ਸਹੂਲਤਾਂ ਦਿੱਤੀਆਂ ਹਨ ਅਤੇ ਕਰਜ਼ੇ ਵਧੇਰੇ ਦਿੱਤੇ ਹਨ। ਖਾਦਾਂ ਆਦਿ ਦੇਣ ਬਾਰੇ ਸਰਕਾਰ ਨੇ ਚੰਗੀ ਤਰ੍ਹਾਂ ਨਾਲ ਇੰਤਜ਼ਾਮ ਕੀਤਾ ਹੈ। ਸਰਕਾਰ ਨੇ ਸਿੰਜਾਈ ਵਲ ਵਧੇਰੇ ਧਿਆਨ ਦਿਤਾ ਹੈ, ਇਹ ਇਸ ਗੱਲ ਤੋਂ ਪਤਾ ਲਗਦਾ ਹੈ ਕਿ ਪਿਛਲੇ ਤਿੰਨ ਸਾਲਾਂ ਵਿਚ ਸਿੰਜਾਈ ਵਾਸਤੇ ਸਰਕਾਰ ਨੇ 155.65 ਕਰੋੜ ਰੁਪਿਆ ਖਰਚ ਕੀਤਾ ਹੈ। ਇਸ ਨਾਲ 1.46 ਲੱਖ ਹੈਕਟੇਅਰ ਜ਼ਮੀਨ ਸਿੰਜਾਈ ਦੇ ਲਾਇਕ ਹੋਈ ਹੈ। ਇਹ ਪਿਛਲੇ ਤਿੰਨ ਸਾਲਾਂ ਤੋਂ ਸਾਡੀ ਸਰਕਾਰ ਨੇ 91.66 ਕਰੋੜ ਰੁਪਿਆ ਖਰਚ ਕੀਤਾ ਹੈ ਅਤੇ 68,000 ਹੈਕਟੇਅਰ ਭੂਮੀ ਸਿੰਜਾਈ ਵਾਸਤੇ ਤਿਆਰ ਹੋਈ ਹੈ। ਇਹ ਇਸ ਸਰਕਾਰ ਦੀ ਮਿਹਰਬਾਨੀ ਹੈ। ਇਸ ਸਰਕਾਰ ਨੇ ਹੀ ਸੈਂਟਰ ਵਿਚ ਇਸ ਸੂਬੇ ਨੂੰ ਖੇਤੀ ਪ੍ਰਧਾਨ ਸੂਬਾ ਬਣਾਇਆ ਹੈ। ਹੁਣ ਕਾਂਡੀ ਕੈਨਾਲ ਕਢਕੇ ਕਾਂਡੀ ਦੇ ਇਲਾਕੇ ਵਲ ਪੂਰਾ ਧਿਆਨ ਦਿਤਾ ਹੈ। ਇਹ ਇਨ੍ਹਾਂ ਦੀ ਬੜੀ ਕ੍ਰਿਪਾ ਹੈ। ਮੈਂ ਸਮਝਦਾ ਹਾਂ ਕਿ ਲਿਫਟ ਇਰੀਗੇਸ਼ਨ ਵਲ ਵੀ ਚੌਧਰੀ ਸਾਹਿਬ ਜ਼ਰੂਰ ਧਿਆਨ ਦੇਣਗੇ। ਇਹ ਕੋਈ ਛੋਟੀ ਗੱਲ ਨਹੀਂ ਹੈ ਕਿ ਪੰਜਾਬ ਵਿਚ ਐਨਾ ਅਨਾਜ

[ਪੰਡਿਤ ਸਰਵਣ ਰਾਮ]
ਪੈਦਾ ਕਰਕੇ ਇਸ ਲਈ ਮਾਰਕਿਟਿੰਗ ਦਾ ਇੰਤਜ਼ਾਮ ਵੀ ਪੂਰਾ ਕੀਤਾ ਹੈ ਅਤੇ ਇਹ ਬੜਾ ਸ਼ਲਾਘਾਯੋਗ ਕੰਮ ਕੀਤਾ ਹੈ। ਪਿਛਲੀ ਸਰਕਾਰ ਵੇਲੇ ਲੋਕਾਂ ਦਾ ਮਾਲ ਮੰਡੀਆਂ ਵਿਚ ਰੁਲਦਾ ਰਹਿੰਦਾ ਸੀ। ਲੋਕ ਤਿੰਨ-ਤਿੰਨ, ਚਾਰ-ਚਾਰ ਦਿਨ ਧੱਕੇ ਖਾ ਕੇ ਜ਼ਿਮੀਦਾਰ ਮੰਡੀਆਂ ਵਿਚੋਂ ਆਉਂਦੇ ਸਨ। ਪਰ ਹੁਣ ਇਸ ਸਰਕਾਰ ਨੇ ਇਸ ਤਰ੍ਹਾਂ ਦਾ ਇੰਤਜ਼ਾਮ ਮੰਡੀਆਂ ਵਿਚ ਕਰ ਦਿਤਾ ਹੈ ਜਿਸ ਨਾਲ ਜ਼ਿਮੀਦਾਰ ਜਦੋਂ ਵੀ ਮੰਡੀਆਂ ਵਿਚ ਜਾਂਦਾ ਹੈ ਇਕ ਤਾਂ ਉਸ ਨੂੰ ਆਪਣੀ ਜਿਨਸ ਦਾ ਪੂਰਾ ਭਾਅ ਮਿਲਦਾ ਹੈ ਅਤੇ ਦੂਜੇ ਉਹ ਆਪਣੀ ਜਿਨਸ ਵੇਚ ਕੇ, ਪੈਸੇ ਲੈ ਕੇ, ਉਸੇ ਦਿਨ ਸ਼ਾਮ ਨੂੰ ਆਪਣੇ ਘਰ ਵਾਪਸ ਆ ਜਾਂਦਾ ਹੈ। ਪਿਛਲੇ ਸਾਲ ਵਿਚ ਇਸ ਕਰਕੇ 10 ਨਵੀਆਂ ਮੰਡੀਆਂ ਦਾ ਕੰਮ ਚਾਲੂ ਕੀਤਾ ਹੈ ਜਿਹੜਾ ਕਿ 1983-84 ਵਿਚ ਮੁਕੰਮਲ ਹੋ ਜਾਣਾ ਹੈ। ਇਸ ਤੋਂ ਇਲਾਵਾ ਖਰੀਦ ਕੇਂਦਰ ਪਿਛਲੇ ਸਾਲ ਵਿਚ 851 ਖੋਲ੍ਹੇ ਹਨ ਅਤੇ 900 ਇਸ ਸਾਲ ਵਿਚ ਹੋ ਜਾਣੇ ਹਨ। ਜਿਹੜਾ ਪਿਛਲੀ ਸਰਕਾਰ ਨੇ ਜ਼ਿਮੀਦਾਰਾਂ ਦਾ ਸਤਿਆਨਾਸ ਕੀਤਾ ਹੋਇਆ ਸੀ, ਇਸ ਸਰਕਾਰ ਨੇ ਉਨ੍ਹਾਂ ਨੂੰ ਕਾਫੀ ਸਹੂਲਤਾਂ ਦਿਤੀਆਂ ਹਨ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਸ ਵਿਚ ਜੋ ਤਰੁੱਟੀਆਂ ਰਹਿ ਗਈਆਂ ਹਨ, ਉਨ੍ਹਾਂ ਬਾਰੇ ਵੀ ਮੈਂ ਜ਼ਰੂਰ ਦੱਸਣਾ ਚਾਹੁੰਦਾ ਹਾਂ। ਐਗਰੀਕਲਚਰ ਵਿਚ ਠੀਕ ਹੈ, ਦੇਸ਼ ਨੇ ਕਾਫੀ ਤਰੱਕੀ ਕੀਤੀ ਹੈ। ਸੂਬੇ ਵਿਚ ਬੜੀ ਰਿਸਰਚ ਹੋ ਗਈ ਹੈ ਔਰ ਬੜਾ ਕੰਮ ਇਸ ਪ੍ਰਤੀ ਇਸ ਸੂਬੇ ਵਿਚ ਹੋਇਆ ਹੈ ਔਰ ਐਗਰੀਕਲਚਰ ਇਥੇ ਸਿਖਰ ਤੇ ਪੁੱਜ ਗਈ ਹੈ। ਪਰ ਕਈ ਕਈ ਅਫ਼ਸਰ ਐਗਰੀਕਲਚਰ ਦੇ ਐਸੇ ਬੈਠੇ ਹਨ, ਜਿਸ ਤਰ੍ਹਾਂ ਕਿ ਡਿਸ-ਟ੍ਰਿਕਟ ਐਗਰੀਕਲਚਰ ਅਫ਼ਸਰ ਅਤੇ ਹੁਣ ਉਸ ਨੂੰ ਚੀਫ ਐਗਰੀਕਲਚਰ ਅਫ਼ਸਰ ਕਹਿੰਦੇ ਹਨ, ਉਹ ਦਫਤਰ ਵਿਚ ਹੀ ਬੈਠੇ ਰਹਿੰਦੇ ਹਨ। ਇਹ ਪਿੰਡਾਂ ਵਿਚ ਨਹੀਂ ਜਾਂਦੇ ਹਨ। ਹੁਸ਼ਿਆਰ-ਪੁਰ ਦੀ ਗੱਲ ਹੀ ਸੁਣ ਲਓ। ਹੁਸ਼ਿਆਰਪੁਰ ਦਾ ਚੀਫ ਐਗਰੀਕਲਚਰ ਅਫ਼ਸਰ ਦਫਤਰ ਵਿਚ ਬੈਠਾ ਕੀ ਕਰਦਾ ਰਹਿੰਦਾ ਹੈ। ਜ਼ਿਮੀਦਾਰ ਹੁਣ ਕਾਫੀ ਸਿਆਣੇ ਹੋ ਗਏ ਹਨ ਇਹੋ ਜਿਹੇ ਅਫ਼ਸਰਾਂ ਨੂੰ ਆਪਣੇ ਹੈਡਕੁਆਰਟਰਜ਼ ਤੋਂ ਹਿਲਣਾ ਚਾਹੀਦਾ ਹੈ ਅਤੇ ਪਿੰਡਾਂ ਵਿਚ ਜਾਕੇ ਲੋਕਾਂ ਨੂੰ ਦੱਸਣਾ ਚਾਹੀਦਾ ਹੈ ਕਿ ਕਿਹੜੀਆਂ ਕਿਹੜੀਆਂ ਸਹੂਲਤਾਂ ਉਨ੍ਹਾਂ ਨੂੰ ਮਿਲ ਸਕਦੀਆਂ ਹਨ। ਸਰਕਾਰ ਨੂੰ ਇਹੋ ਜਿਹੇ ਅਫ਼ਸਰਾਂ ਨੂੰ ਕਹਿਣਾ ਚਾਹੀਦਾ ਹੈ ਕਿ ਉਹ ਪਿੰਡਾਂ ਵਿਚ ਜਾਇਆ ਕਰਨ ਔਰ ਲੋਕਾਂ ਨੂੰ ਉਨ੍ਹਾਂ ਨੂੰ ਜੋ ਜੋ ਸਹੂਲਤਾਂ ਮਿਲ ਸਕਦੀਆਂ ਹਨ ਉਨ੍ਹਾਂ ਬਾਰੇ ਦੱਸਿਆ ਕਰਨ। ਉਥੋਂ ਦਾ ਹੈਡ ਕਲਰਕ ਹੈ ਉਸਨੂੰ ਗਰੀਬਾਂ ਤੋਂ ਬਦਬੂ ਆਉਂਦੀ ਹੈ। ਜਦ ਉਸਨੂੰ ਗਰੀਬ ਪੁੱਛਣ ਆਉਂਦੇ ਹਨ ਅਤੇ ਪੁਛਦੇ ਹਨ ਕਿ ਚੀਫ ਐਗਰੀਕਲਚਰ ਅਫ਼ਸਰ ਕਿਥੇ ਗਿਆ ਹੈ ਤਾਂ ਉਹ ਬਜਾਏ ਉਨ੍ਹਾਂ ਗਰੀਬਾਂ ਨੂੰ ਪਰਾਪਰਲੀ ਗਾਈਡ ਕਰਨ ਦੇ ਉਹ ਤਸੱਲੀ-ਬਖਸ਼ ਜਵਾਬ ਉਨ੍ਹਾਂ ਨੂੰ ਨਹੀਂ ਦਿੰਦਾ ਹੈ। ਇਸ ਵਿਚ ਸੁਧਾਰ ਕਰਨ ਵਾਲੀ ਗੱਲ ਹੈ। ਬੀਜ ਅਤੇ ਜੋ ਅਜਿਹੀਆਂ ਹੋਰ ਚੀਜ਼ਾਂ ਹਨ, ਇਹ ਚੰਗੀ ਤਰ੍ਹਾਂ ਨਾਲ ਲੋਕਾਂ ਕੋਲ ਪਹੁੰਚਣੀਆਂ ਚਾਹੀਦੀਆਂ ਹਨ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਤੁਹਾਡਾ ਧਿਆਨ ਐਜੂਕੇਸ਼ਨ ਵਲ ਦਿਵਾਉਣਾ ਚਾਹੁੰਦਾ ਹਾਂ। ਅਜਨਾਲਾ ਸਾਹਿਬ ਜੋ ਕਿ ਸਾਡੇ ਐਜੂਕੇਸ਼ਨ ਮਨਿਸਟਰ ਹਨ, ਇਹ ਬੜੇ ਦੂਰ-ਅੰਦੇਸ਼ ਹਨ ਅਤੇ ਇਨ੍ਹਾਂ ਦੇ ਹੁੰਦਿਆਂ ਹੋਇਆਂ ਪੰਜਾਬ ਨੇ ਐਜੂਕੇਸ਼ਨ ਦੇ ਮੈਦਾਨ ਵਿਚ ਬੜੀ ਤਰੱਕੀ ਕੀਤੀ ਹੈ। ਖਾਸ ਕਰਕੇ ਪਛੜੇ ਵਰਗ ਬਾਰੇ ਬੜਾ ਧਿਆਨ ਰਖਿਆ ਗਿਆ ਹੈ। ਪ੍ਰਾਇਮਰੀ ਐਜੂਕੇਸ਼ਨ 100% ਪਿੰਡਾਂ ਵਿਚ ਮੁਹੱਈਆ ਕੀਤੀ ਗਈ ਹੈ ਅਤੇ ਹਰ ਪਿੰਡ ਵਿਚ ਸਕੂਲ ਖੋਲ੍ਹਿਆ ਹੋਇਆ ਹੈ। ਕਾਂਡੀ ਏਰੀਆ ਵਿਚ, ਡਿਪਟੀ ਸਪੀਕਰ ਸਾਹਿਬ, ਇੱਕ ਇੱਕ ਪਿੰਡ ਦੀਆਂ ਤਿੰਨ ਤਿੰਨ, ਚਾਰ ਚਾਰ ਆਬਾਦੀਆਂ ਹੁੰਦੀਆਂ ਹਨ, ਉਥੇ ਇਨ੍ਹਾਂ ਨੇ ਤਿੰਨ-ਤਿੰਨ, ਚਾਰ-ਚਾਰ ਸਕੂਲ ਖੋਲ੍ਹ ਦਿਤੇ ਹਨ। (ਥੰਪਿੰਗ) ਸਰਕਾਰ

ਲਗਾਏ ਗਏ ਹਨ। ਇਹ ਇਨ੍ਹਾਂ ਗੱਲਾਂ ਨੂੰ ਵੇਖਣ ਤਾਂ ਸਹੀ। ਕੁਰੱਪਸ਼ਨ ਦੇ ਦੋਸ਼ ਵਿਚ 125 ਦੇ ਕਰੀਬ ਬੰਦੇ ਮੈਂ ਘਰਾਂ ਨੂੰ ਤੋਰ ਦਿਤੇ ਹਨ, ਉਨ੍ਹਾਂ ਨੂੰ ਡਿਸਮਿਸ ਕੀਤਾ ਹੈ। ਕਲ੍ਹ ਵੀ ਇਕ ਸਵਾਲ ਦੇ ਜਵਾਬ ਵਿਚ ਮੈਂ ਕਿਹਾ ਸੀ ਕਿ 13 ਆਦਮੀ ਅਸੀਂ ਜੇਲ੍ਹਾਂ ਨੂੰ ਭੇਜੇ ਹਨ, ਜਿਹੜੇ ਕਿ ਲੁੱਟ-ਮਾਰ ਜਾਂ ਹੇਰਾਫੇਰੀ ਕਰਦੇ ਸਨ। ਹੋਰ ਵੀ ਜੇ ਕੋਈ ਕੁਰੱਪਸ਼ਨ ਦਾ ਕੇਸ ਹੈ ਤਾਂ ਇਹ ਮੇਰੇ ਧਿਆਨ ਵਿਚ ਲਿਆਉਣ, ਅਸੀਂ ਸਖਤ ਤੋਂ ਸਖਤ ਕਾਰਵਾਈ ਕਰਾਂਗੇ। ਕੁਰੱਪਸ਼ਨ ਬੰਦ ਤਾਂ ਨਹੀਂ ਹੋਈ ਅਜੇ ਪਰ ਇਸ ਦੇ ਮਗਰ ਲੱਗੇ ਹੋਏ ਹਾਂ ਅਤੇ ਇਸ ਨੂੰ ਖਤਮ ਕਰਾਉਣ ਲਈ ਸਾਡੀ ਸਰਕਾਰ ਆਪਣਾ ਪੂਰਾ ਜ਼ੋਰ ਲਗਾ ਰਹੀ ਹੈ। ਮੈਂ ਫਿਰ ਕਹਿੰਦਾ ਹਾਂ ਕਿ ਜੋ ਕੋਈ ਕੁਰੱਪਸ਼ਨ ਦਾ ਕੇਸ ਇਨ੍ਹਾਂ ਦੇ ਨੋਟਿਸ ਵਿਚ ਹੈ ਤਾਂ ਇਹ ਮੈਨੂੰ ਦੱਸਣ, ਅਸੀਂ ਲਾਜ਼ਮੀ ਤੌਰ ਤੇ ਉਸ ਚੀਜ਼ ਨੂੰ ਰਫਾ ਕਰ ਦਿਆਂਗੇ ਅਤੇ ਇਨ੍ਹਾਂ ਦੀ ਤਸੱਲੀ ਕਰਵਾਵਾਂਗੇ।

ਪੰਡਿਤ ਸਰਵਣ ਰਾਮ : ਡਿਪਟੀ ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਕਿਹਾ ਸੀ ਅਤੇ ਹੁਣ ਵੀ ਕਹਿੰਦਾ ਹਾਂ ਕਿ ਕੁਰੱਪਸ਼ਨ ਬਹੁਤ ਜ਼ਿਆਦਾ ਹੋ ਰਹੀ ਹੈ। ਮੈਂ ਸਿਰਫ ਇਨ੍ਹਾਂ ਦੇ ਹੀ ਮਹਿਕਮੇਂ ਦੀ ਗੱਲ ਨਹੀਂ ਕਰ ਰਿਹਾ, ਬਲਕਿ ਹਰ ਮਹਿਕਮੇਂ ਵਿਚ ਗੜਬੜੀ ਹੋ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਕੋਆਪ੍ਰੇਟਿਵ ਮਹਿਕਮੇਂ ਵਿਚ ਕਾਫੀ ਜ਼ਿਆਦਾ ਵਕਤ ਲਾਇਆ ਹੈ ਅਤੇ ਜੇ ਕਿਸੇ ਹੋਰ ਵੇਲੇ ਮੈਨੂੰ ਬੋਲਣ ਦਾ ਵਕਤ ਮਿਲਿਆ ਤਾਂ ਮੈਂ ਸਭ ਕੁਝ ਖੋਲ੍ਹ ਕੇ ਰੱਖ ਦਿਆਂਗਾ ਕਿ ਕਿਥੇ ਕਿਥੇ ਕੀ ਕੀ ਹੋ ਰਿਹਾ ਹੈ, ਇਨ੍ਹਾਂ ਨੇ ਮਹਿਕਮੇਂ ਦੀ ਕੀ ਤਸਵੀਰ ਬਣਾਈ ਹੈ ਅਤੇ ਅਕਾਲੀਆਂ ਨੇ ਕੀ ਤਸਵੀਰ ਬਣਾਈ ਸੀ। ਇਹ ਸਾਰਾ ਕੁਝ ਮੇਰੇ ਪਾਸ ਹੈ। ਜੇ ਮਨਿਸਟਰ ਸਾਹਿਬ ਇਹ ਕਹਿੰਦੇ ਹਨ ਕਿ ਕੁਰੱਪਸ਼ਨ ਨਹੀਂ ਹੈ ਤਾਂ ਇਹ ਬਿਲਕੁਲ ਭੁਲੇਖੇ ਵਾਲੀ ਗੱਲ ਹੈ।

ਰਾਜ ਮੰਤਰੀ, ਸਹਿਕਾਰਤਾ : ਜਸਟ ਏ ਮਿਨਟ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁਦਾ ਹਾਂ ਕਿ ਇਹ ਮਹਿਕਮਾ ਪੰਡਤ ਜੀ ਨਹੀਂ ਚਲਾ ਰਹੇ, ਦਾਸ ਚਲਾ ਰਿਹਾ ਹੈ। ਇਸ ਕਰਕੇ ਇਨ੍ਹਾਂ ਨਾਲੋਂ ਮੈਨੂੰ ਇਸ ਮਹਿਕਮੇਂ ਬਾਰੇ ਜ਼ਿਆਦਾ ਪਤਾ ਹੈ। ਜਿਥੇ ਕਿਤੇ ਵੀ ਹੇਰਾਫੇਰੀ ਦੀ ਗੱਲ ਹੁੰਦੀ ਹੈ, ਮੇਰੇ ਕਰਮਚਾਰੀ ਫੌਰਨ ਉਸ ਦੀ ਜਾਂਚ ਪੜਤਾਲ ਕਰਦੇ ਹਨ। ਹੁਸ਼ਿਆਰਪੁਰ ਵਿਚ ਜਾਂ ਗੜ੍ਹਸ਼ੰਕਰ ਵਿਚ ਕੋਈ ਵੀ ਅਜਿਹਾ ਕੇਸ ਹੋਵੇ ਤਾਂ ਇਹ ਦੱਸ ਦੇਣ, ਅਸੀਂ ਫੌਰਨ ਉਸ ਦੇ ਗੱਲ ਵਿਚ ਸਾਫ਼ਾ ਪਾ ਦਿਆਂਗੇ। ਮੈਂ ਇਸ ਮਹਿਕਮੇਂ ਨੂੰ ਚਲਾ ਰਿਹਾ ਹਾਂ, ਇਸ ਕਰਕੇ ਮੈਨੂੰ ਜ਼ਿਆਦਾ ਪਤਾ ਹੈ ਕਿ ਮਹਿਕਮੇਂ ਵਿਚ ਕੀ ਕੀ ਹੋ ਰਿਹਾ ਹੈ।

ਪੰਡਿਤ ਸਰਵਣ ਰਾਮ : ਮੈਂ ਇਕੱਲੇ ਹੁਸ਼ਿਆਰਪੁਰ ਦੀ ਗੱਲ ਨਹੀਂ ਕਰ ਰਿਹਾ, ਸਗੋਂ ਸਾਰੇ ਪੰਜਾਬ ਦੀ ਗੱਲ ਕਰ ਰਿਹਾ ਹਾਂ।

ਸ੍ਰੀ ਡਿਪਟੀ ਸਪੀਕਰ : ਪੰਡਿਤ ਜੀ ਵਾਈਂਡ ਅਪ ਕਰੋ ਹੁਣ।

ਪੰਡਿਤ ਸਰਵਣ ਰਾਮ : ਡਿਪਟੀ ਸਪੀਕਰ ਸਾਹਿਬ, ਇਕ ਦੋ ਗੱਲਾਂ ਹੋਰ ਕਰਕੇ ਮੈਂ ਖਤਮ ਕਰ ਦਿਆਂਗਾ। ਕੰਡੀ ਦੇ ਇਲਾਕੇ ਵਿਚ ਇੰਡਸਟਰੀ ਵੱਲ ਜ਼ਿਆਦਾ ਜ਼ੋਰ ਨਹੀਂ ਦਿਤਾ ਜਾ ਰਿਹਾ, ਉਥੇ ਇੰਡਸਟਰੀ ਜ਼ਰੂਰ ਲਾਉਣੀ ਚਾਹੀਦੀ ਹੈ। ਹਰੀਪੁਰ ਕੁਲਾਬਾਨ ਵਿਚ ਜੋ ਵਾਟਰ ਸਪਲਾਈ ਵਾਸਤੇ ਟਿਊਬਵੈਲ ਲਗਾਇਆ ਗਿਆ ਹੈ, ਉਸ ਦੀਆਂ ਪਾਈਪ ਲਾਈਨਾਂ ਬਦਲਣ ਵਾਲੀਆਂ ਹਨ। ਇਸੇ ਤਰ੍ਹਾਂ ਪਿੱਪਲੀ ਅਤੇ ਡੱਲੇਵਾਲ ਵਗੈਰਾ ਦੀਆਂ ਪਾਈਪ ਲਾਈਨਾਂ ਵੀ ਬਦਲਣ ਦੀ ਲੋੜ ਹੈ। ਲੋਕਾਂ ਦੀ ਪਾਣੀ ਦੀ ਲੋੜ ਨੂੰ ਮੁੱਖ ਰਖਦੇ ਹੋਏ ਜਿਥੇ ਜਿਥੇ ਨਵੇਂ ਟਿਊਬਵੈਲ ਲਗਾਉਣ ਦੀ ਲੋੜ

[ਪੰਡਿਤ ਸਰਵਣ ਰਾਮ]

ਹੈ, ਉਥੇ ਉਥੇ ਨਵੇਂ ਟਿਊਬਵੈਲ ਲਗਾਉਣੇ ਚਾਹੀਦੇ ਹਨ। ਜੈਤੋਂ ਦਾ ਵਾਟਰ ਵਰਕਸ ਮਨਜ਼ੂਰ ਹੋਇਆ ਪਿਆ ਹੈ। ਸਰਕਾਰ ਉਸ ਨੂੰ ਚਾਲੂ ਕਰਵਾ ਦੇਵੇ। ਮੇਰੇ ਹਲਕੇ ਵਿਚ 16 ਟਿਊਬਵੈਲ ਲਗਣ ਵਾਲੇ ਹਨ, ਉਹ ਲਗਾਉਣੇ ਚਾਹੀਦੇ ਹਨ। ਬਿਜਲੀ ਬਾਰੇ ਮੈਂ ਇਕ ਗਲ ਕਹਿਣੀ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਬਿਜਲੀ ਦੀਆਂ ਤਾਰਾਂ ਖੰਭਿਆਂ ਉਤੇ ਨਹੀਂ ਬਲਿਕ ਲਕੜੀ ਦੇ ਡੰਡਿਆਂ ਉਤੇ ਟੰਗੀਆਂ ਹੋਈਆਂ ਹਨ। ਅਜਿਹੀਆਂ ਥਾਵਾਂ ਤੇ ਖੰਭੇ ਲਗਵਾਏ ਜਾਣ ਤਾਂ ਜੋ ਲੋਕਾਂ ਦਾ ਜਾਨੀ ਨੁਕਸਾਨ ਨਾ ਹੋਵੇ। ਪੀਣੇਵਾਲ ਵਿਚ 25 ਬੈਡ ਦਾ ਹਸਪਤਾਲ ਬਣਾਉਣਾ ਚਾਹੀਦਾ ਹੈ ਕਿਉਂਕਿ ਕਾਫੀ ਦੂਰ ਦੂਰ ਤਕ ਉਥੇ ਕੋਈ ਹਸਪਤਾਲ ਨਹੀਂ ਹੈ। ਸਾਡੇ ਇਲਾਕੇ ਵਿਚ ਚੋਆਂ ਦਾ ਮਸਲਾ ਵੀ ਬੜਾ ਵੱਡਾ ਹੈ। ਮਾਨਸਵਾਲ ਅਤੇ ਰਤਨਪੁਰ ਵਗੈਰਾ ਪਿੰਡਾਂ ਨੂੰ ਚੋਆਂ ਦੇ ਖਤਰੇ ਤੋਂ ਬਚਾਉਣ ਲਈ ਉਪਾਅ ਕਰਨੇ ਚਾਹੀਦੇ ਹਨ। ਇਸ ਦੇ ਨਾਲ ਹੀ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਅਤੇ ਬਜਟ ਪੇਸ਼ ਕਰਨ ਲਈ ਮੈਂ ਡਾਕਟਰ ਕੇਵਲ ਕ੍ਰਿਸ਼ਨ ਜੀ ਦਾ ਵੀ ਧੰਨਵਾਦੀ ਹਾਂ।

ਸ੍ਰੀ ਡਿਪਟੀ ਸਪੀਕਰ : ਪੰਡਿਤ ਜੀ ਤੁਸੀਂ ਇਕ ਘੰਟਾ ਬੋਲਣਾ ਸੀ ਜਦ ਕਿ ਤੁਸੀਂ ਇਕ ਘੰਟਾ ਦੋ ਮਿੰਟ ਬੋਲ ਲਿਆ ਹੈ। ਬ੍ਰਹਮ ਮੁਹਿੰਦਰਾ ਜੀ, ਤੁਸੀਂ ਬੋਲੋ।

ਸ੍ਰੀ ਬ੍ਰਹਮ ਮੁਹਿੰਦਰਾ (ਪਟਿਆਲਾ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਬਜਟ ਉਤੇ ਜਿਹੜੀ ਬਹਿਸ ਹੋ ਰਹੀ ਹੈ, ਉਸ ਵਿਚ ਮੈਨੂੰ ਪਾਰਟੀਸਿਪੇਟ ਕਰਨ ਦਾ ਮੌਕਾ ਦਿਤਾ ਹੈ। ਪੰਜਾਬ ਦੇ ਫਾਈਨਾਂਸ ਮਨਿਸਟਰ ਸਾਹਿਬ ਨੇ ਜਿਹੜਾ ਬਜਟ ਪੇਸ਼ ਕੀਤਾ ਹੈ, ਮੈਂ ਸਮਝਦਾ ਹਾਂ ਕਿ ਉਹ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਅਤੇ ਸਰਦਾਰ ਦਰਬਾਰਾ ਸਿੰਘ ਜੀ ਵਲੋਂ ਦਰਸਾਈਆਂ ਹੋਈਆਂ ਲੀਹਾਂ ਉਤੇ ਪੂਰਾ ਉਤਰਦਾ ਹੈ। ਬਜਟ ਸਾਡੀ ਸਰਕਾਰ ਦੀ ਕਾਰਗੁਜ਼ਾਰੀ ਨੂੰ ਰਿਪਰੈਜ਼ੈਂਟ ਕਰਦਾ ਹੈ। ਇਸ ਬਜਟ ਬਾਰੇ ਜੇ ਇਕੋ ਸਤਰ ਵਿਚ ਦਸਣਾ ਹੋਵੇ ਤਾਂ ਮੈਂ ਕਹਾਂਗਾ :—

"ਉਨਹੋਂ ਦੇਖਨਾ ਕਿਆ ਜਿਨਹੋਂ ਸਭੀ ਦੇਖਤੇ ਹੈਂ,
ਉਨਹੇਂ ਦੇਖੀਏ ਕਿ ਜਿਨਹੇਂ ਕੋਈ ਦੇਖਤਾ ਨਹੀਂ।"

ਡਾਕਟਰ ਕੇਵਲ ਕ੍ਰਿਸ਼ਨ ਜੀ ਨੇ, ਵੀਕਰ ਸੈਕਸ਼ਨ, ਇਕਨਾਮੀਕਲੀ ਵੀਕਰ ਅਤੇ ਡਾਊਨ ਟਰੋਡਨ ਵਲ ਆਪਣਾ ਜ਼ਿਆਦਾ ਧਿਆਨ ਦਿਤਾ ਹੈ ਔਰ 20 ਨੁਕਾਤੀ ਪ੍ਰੋਗਰਾਮ ਦੇ ਮਾਤਹਿਤ ਡਾਕਟਰ ਸਾਹਿਬ ਨੇ ਇਸ ਢੰਗ ਨਾਲ ਆਪਣਾ ਬਜਟ ਪੇਸ਼ ਕੀਤਾ ਹੈ ਕਿ ਇਸ ਦੇ ਵਿਚ ਪਛੜੀਆਂ ਸ਼੍ਰੇਣੀਆਂ, ਵੀਕਰ ਸੈਕਸ਼ਨ ਵਾਸਤੇ ਜ਼ਿਆਦਾ ਪ੍ਰੋਵੀਜ਼ਨ ਰਖਿਆ ਹੈ, ਜਿਸ ਤੋਂ ਸਰਕਾਰ ਦੀ ਨੇਕ ਨੀਅਤੀ, ਕੀਨਨੈਸ ਅਤੇ ਸਿਨਸਿਆਰਟੀ ਦਾ ਪਤਾ ਚਲਦਾ ਹੈ ਕਿ ਸਰਕਾਰ ਇਨ੍ਹਾਂ ਲੋਕਾਂ ਲਈ ਕਿੰਨੀ ਹਮਦਰਦੀ ਰਖਦੀ ਹੈ ਅਤੇ ਉਨ੍ਹਾਂ ਨੂੰ ਉਚਾ ਚੁਕਣਾ ਚਾਹੁੰਦੀ ਹੈ। ਸਰਕਾਰ ਨੇ ਬੀਲੋਅ ਪਾਵਰਟੀ ਲਾਈਨ ਜਿਨ੍ਹਾਂ ਦੇ ਵਿਚ ਤਕਰੀਬਨ 60% ਲੋਕ ਸ਼ਡਿਊਲਡ ਕਾਸਟਸ ਹਨ, ਉਨ੍ਹਾਂ ਦੀ ਵੈਲਫੇਅਰ ਦੇ ਵਾਸਤੇ 30 ਕਰੋੜ ਰੁਪਿਆ ਰਖਿਆ ਹੈ, ਜਿਹੜਾ ਕਿ ਇਸ ਸਰਕਾਰ ਦਾ ਬੜਾ ਸ਼ਲਾਘਾਯੋਗ ਸਟੈਪ ਹੈ। ਮੈਂ ਸਮਝਦਾ ਹਾਂ ਕਿ ਜੇ ਇਸ ਅਮਾਊਂਟ ਨੂੰ ਹੋਰ ਜ਼ਿਆਦਾ ਵਧਾਇਆ ਜਾਵੇ ਤਾਂ ਜ਼ਿਆਦਾ ਅੱਛਾ ਹੋਵੇਗਾ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਮੌਜੂਦਾ ਸਰਕਾਰ ਨੇ, ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਪੰਜਾਬ ਦੇ ਲੋਕਾਂ ਲਈ ਪੰਜਾਬ ਦੇ ਹਿੱਤਾਂ ਨੂੰ ਸਾਹਮਣੇ ਰੱਖ ਕੇ ਟੈਕਸ ਫਰੀ ਬਜਟ ਪੇਸ਼ ਕੀਤਾ ਹੈ ਜਿਸ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਸਿਰਫ

ਵਾਇਦੇ ਹੀ ਨਹੀਂ ਵਫਾ ਵੀ ਕਰਨਾ ਜਾਣਦੀ ਹੈ। ਲੇਕਿਨ ਮੈਨੂੰ, ਡਿਪਟੀ ਸਪੀਕਰ ਸਾਹਿਬ, ਇਥੇ ਦੁੱਖ ਨਾਲ ਵੀ ਕਹਿਣਾ ਪੈਂਦਾ ਹੈ ਕਿ ਸਾਡੇ ਅਕਾਲੀ ਭਾਈ ਇਥੇ ਨਹੀਂ ਬੈਠੇ ਜੇ ਉਹ ਇਥੇ ਆਏ ਹੁੰਦੇ ਤਾਂ ਬਜਟ ਦੀ ਡਿਸਕਸ਼ਨ ਵਿਚ ਉਨ੍ਹਾਂ ਦੀ ਪਾਰਟੀਸਿਪੇਸ਼ਨ ਹੁੰਦੀ ਅਤੇ ਕੋਈ ਆਪਣੇ ਕੰਸ-ਟ੍ਰਕਟਿਵ ਸੁਝਾਵ ਦਿੰਦੇ। ਇਸ ਤੋਂ ਇਸ ਤਰ੍ਹਾਂ ਲਗਦਾ ਹੈ ਕਿ ਉਹ ਪੰਜਾਬ ਦੇ ਲੋਕਾਂ ਦੀ ਵਲ-ਫੇਅਰ ਵਲ ਆਪਣਾ ਧਿਆਨ ਨਹੀਂ ਦਿੰਦੇ। ਪੰਜਾਬ ਦੇ ਗਰੀਬ ਲੋਕਾਂ ਵਲ ਉਨ੍ਹਾਂ ਦਾ ਕੋਈ ਧਿਆਨ ਨਹੀਂ, ਉਨ੍ਹਾਂ ਦੀ ਵੈਲਫੇਅਰ ਲਈ ਉਨ੍ਹਾਂ ਨੂੰ ਕੋਈ ਧਿਆਨ ਨਹੀਂ ਔਰ ਉਨ੍ਹਾਂ ਦਾ ਸਿਰਫ ਇਸ ਗਲ ਵਲ ਹੀ ਧਿਆਨ ਹੈ ਕਿ ਪੰਜਾਬ ਵਿਚ ਕਮਿਊਨਲ ਟੈਨਸ਼ਨ ਬਣੀ ਰਹੇ। ਪੰਜਾਬ ਦੀ ਤਰੱਕੀ ਵੱਲ, ਪੰਜਾਬ ਦੇ ਲੋਕਾਂ ਦੀ ਵੈਲਫੇਅਰ ਵੱਲ ਉਨ੍ਹਾਂ ਦਾ ਕੋਈ ਧਿਆਨ ਨਹੀਂ ਲਗਦਾ। ਜਿਸ ਢੰਗ ਨਾਲ ਪੰਜਾਬ ਦੇ ਵਿਚ ਡਿਸਟ੍ਰਕਟਿਵ ਫੋਰਸਿਜ਼ ਕੰਮ ਕਰ ਰਹੀਆਂ ਹਨ, ਐਕਸਟਰੀਮਿਸਟਸ ਕੰਮ ਕਰ ਰਹੇ ਹਨ, ਇਹ ਕੋਈ ਸ਼ਲਾਘਾਯੋਗ ਗਲ ਨਹੀਂ ਹੈ, ਬਲਿਕ ਬੜੀ ਮਾੜੀ ਅਤੇ ਘਿਨੌਣੀ ਗਲ ਹੈ। ਮੈਂ ਸਮਝਦਾ ਸੀ ਕਿ ਉਹ ਇਥੇ ਆਉਂਦੇ ਅਤੇ ਡੈਮੋਕਰੈਟਿਕ ਢੰਗ ਨਾਲ ਆਪਣੀ ਦਾਨਸ਼ਮੰਦੀ ਦਾ ਸਬੂਤ ਦਿੰਦੇ ਪਰ ਇਸ ਤਰ੍ਹਾਂ ਲਗਦਾ ਹੈ ਕਿ ਉਨ੍ਹਾਂ ਨੇ ਇਸ ਗਲ ਦਾ ਪੱਕਾ ਫੈਸਲਾ ਕੀਤਾ ਹੋਇਆ ਹੈ ਕਿ ਪੰਜਾਬ ਦਾ ਭਲਾ ਨਹੀਂ ਕਰਨਾ ਸਗੋਂ ਉਸ ਨੂੰ ਪਿੱਛੇ ਲਿਜਾਣਾ ਹੈ। ਜੇ ਡਿਪਟੀ ਸਪੀਕਰ ਸਾਹਿਬ, ਸਾਡੇ ਰਹਿਨੁਮਾ ਯੋਗ ਕਾਰਵਾਈ ਨਾ ਕਰਦੇ ਤਾਂ ਅੱਜ ਇਸ ਤਰ੍ਹਾਂ ਲਗਦਾ ਹੈ ਕਿ ਪੰਜਾਬ ਦੀ ਧਰਤੀ ਦਾ ਰੰਗ ਸੂਹਾ ਹੋਣਾ ਸੀ

'ਸੰਤ ਨਾ ਡਰਤਾ ਦੁਸ਼ਟ ਸੇ ਪਹਨ ਕਸ਼ੱਮਾ ਕਾ ਕੋਟ,
ਵਿਅਰਥ ਕਮਠ ਕੀ ਪੀਠ ਪਰ ਕਾਗ ਚੰਡੂ ਕੀ ਚੋਟ।'

ਹਿੱਕ ਵਿਚ ਬੰਬ ਵਜਣ ਤੇ ਵੀ ਮੁਸਕਰਾਉਂਦੇ ਚਿਹਰੇ ਉਨ੍ਹਾਂ ਨੂੰ ਵਸਦੇ ਰਹੋ ਦੀ ਅਸੀਸ ਦਿੰਦੇ ਰਹੇ। ਡਿਪਟੀ ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਜੀ ਨੇ ਬੜੇ ਹੌਂਸਲੇ ਨਾਲ ਇਸ ਸਟੇਟ ਵਿਚ ਕਮਿਊਨਲ ਹਾਰਮਨੀ ਲਿਆਂਦੀ ਹੈ। (ਥੰਪਿੰਗ)

ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਸ ਬਜਟ ਨੇ ਇਸ ਮਹਾਂਵਾਕ ਦੀ ਗਲ ਵੀ ਸੋਧ ਦਿੱਤੀ ਹੈ——

'ਨਾ ਕੋਈ ਵੈਰੀ ਨਾਇ ਕੋਉ ਬਿਗਾਨਾ, ਸਗਲ ਸੰਗ ਹਮ ਕੋ ਬਨ ਆਈ'

ਇਸ ਬਜਟ ਤੋਂ ਪਤਾ ਲਗਦਾ ਹੈ ਕਿ ਇਸ ਦੇ ਵਿਚ ਹਰ ਸੈਕਸ਼ਨ ਨੂੰ, ਰੂਰਲ, ਅਰਬਨ, ਪੂਅਰ ਇਮਪਲਾਈਜ਼, ਟਰੇਡਰਜ਼, ਇੰਡਸਟਰੀਅਲਿਸਟਸ ਗਲ ਕੀ ਹਰ ਸੈਕਸ਼ਨ ਨੂੰ ਚਾਹੇ ਉਹ ਜਿਸ ਵੀ ਫੀਲਡ ਵਿੱਚ ਹੈ ਮਾਨਤਾ ਦਿਤੀ ਗਈ ਹੈ, ਉਸ ਦੇ ਵਾਸਤੇ ਕੋਈ ਨਾ ਕੋਈ ਭਲੇ ਦੀ ਗਲ ਕੀਤੀ ਗਈ ਹੈ ਔਰ ਇਹ ਬਜਟ ਬੜਾ ਸੰਤੁਲਤ ਬਜਟ ਹੈ। ਟਰੇਡਰਜ਼ ਦਾ ਇਸ ਦੇ ਵਿਚ ਖਾਸ ਤੌਰ ਤੇ ਧਿਆਨ ਰਖਿਆ ਹੈ, ਜਿਸ ਨੂੰ ਸੇਲਜ਼ ਟੈਕਸ ਦੇ ਵਿੱਚ ਰਾਹਤ ਦਿਤੀ ਗਈ ਹੈ। ਇਸ ਦੇ ਨਾਲ ਟਰੇਡਰ ਕਮਿਊਨਿਟੀ ਵਿਚ ਇਸ ਸਰਕਾਰ ਦੇ ਲਈ ਕਾਫੀ ਕਾਨਫੀਡੈਂਸ ਆਇਆ ਹੈ। ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਟਰੇਡਰ ਕਮਿਊਨਿਟੀ ਨੂੰ ਇਨਸਪੈਕਟਰੀ ਰਾਜ ਤੋਂ ਬਚਾਇਆ ਜਾਵੇ। ਸੁੱਤੇ ਪਏ ਵੀ ਟਰੇਡਰਜ਼ ਨੂੰ ਪੁਰਾਣੇ ਸੁਪਨੇ ਆਉਂਦੇ ਰਹਿੰਦੇ ਹਨ। ਜਿਥੇ ਡਾਕਟਰ ਸਾਹਿਬ ਨੇ ਉਨ੍ਹਾਂ ਨੂੰ ਇਤਨੀ ਰਿਆਇਤ ਦਿਤੀ ਹੈ, ਫੈਸਿਲਟੀ ਦਿਤੀ ਹੈ ਉਥੇ ਮੈਂ ਡਾਕਟਰ ਸਾਹਿਬ ਨੂੰ ਇਹ ਵੀ ਰਿਕੁਐਸਟ ਕਰਾਂਗਾ ਕਿ ਕਿਸੇ ਤਰੀਕੇ ਨਾਲ ਟਰੇਡਰਜ਼ ਕਮਿਊਨਿਟੀ ਨੂੰ ਇਨਸਪੈਕਟਰੀ ਰਾਜ ਤੋਂ ਵੀ ਜ਼ਰੂਰ ਬਚਾਉਣਗੇ।

[ਸ੍ਰੀ ਬ੍ਰਹਮ ਮੁਹਿੰਦਰਾ]

ਡਿਪਟੀ ਸਪੀਕਰ ਸਾਹਿਬ, ਇਮਪਲਾਈਜ਼ ਨੂੰ ਜੋ ਡੀ. ਏ. ਦੀ ਕਿਸ਼ਤ ਦਿਤੀ ਗਈ ਹੈ, ਇਹ ਵੀ ਬੜਾ ਸ਼ਲਾਘਾਯੋਗ ਕਦਮ ਹੈ। ਡਿਪਟੀ ਸਪੀਕਰ ਸਾਹਿਬ, ਇਕ ਗਲ ਮੈਂ ਇਥੇ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਕੰਪਨਸੇਟਰੀ ਅਲਾਊਂਸ ਤਿੰਨ ਜ਼ਿਲ੍ਹਿਆਂ ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣੇ ਵਿੱਚ ਦਿੱਤਾ ਹੈ। ਇਸ ਦੇ ਬਾਰੇ ਮੈਂ ਬੇਨਤੀ ਕਰਨਾ ਚਾਹਵਾਂਗਾ ਕਿ ਚੰਡੀਗੜ੍ਹ ਤੋਂ ਬਾਅਦ ਇਮਪਲਾਈਜ਼ ਦਾ ਮੈਜਾਰਿਟੀ ਸਿਟੀ ਪਟਿਆਲਾ ਆਉਂਦਾ ਹੈ ਅਗਰ ਪਟਿਆਲੇ ਵਿੱ ਇਮਪਲਾਈਜ਼ ਨੂੰ ਕੰਪਨਸੇਟਰੀ ਅਲਾਉਂਸ ਦਿਤਾ ਜਾਵੇ ਤਾਂ ਇਸ ਦੇ ਲਈ ਡਾਕਟਰ ਸਾਹਿਬ ਦਾ ਬੜਾ ਧੰਨਵਾਦੀ ਹੋਵਾਂਗਾ।

ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਦੇ ਫੀਲਡ ਵਿਚ ਜਿਹੜੇ 1983-84 ਦੇ ਟੀਚੇ ਦਿੱਤੇ ਗਏ ਹਨ, ਉਸ ਦੇ ਵਿਚ ਦਸਿਆ ਗਿਆ ਹੈ ਕਿ 75 ਪ੍ਰਾਇਮਰੀ ਸਕੂਲ ਤੋਂ ਮਿਡਲ ਕਰਨੇ ਹਨ ਅਤੇ 75 ਮਿਡਲ ਸਕੂਲਾਂ ਤੋਂ ਹਾਈ ਸਕੂਲ ਕਰਨੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ 75 ਨੰਬਰ ਜੋ ਹੈ ਇਹ ਬਹੁਤ ਥੋੜਾ ਨੰਬਰ ਹੈ, ਇਹ ਨੰਬਰ ਵਧਾਉਣਾ ਚਾਹੀਦਾ ਹੈ ਔਰ ਐਜੂਕੇਸ਼ਨ ਨੂੰ ਇਤਨਾ ਵਾਈਡ ਕਰ ਦੇਣਾ ਚਾਹੀਦਾ ਹੈ ਤਾਂਕਿ ਪੰਜਾਬ ਦੇ ਵਿਚ ਲਿਟਰੇਸੀ ਦਾ ਰੇਟ ਹਾਇਰ ਹੋਵੇ ਅਤੇ ਸਾਡਾ ਸੂਬਾ ਦੂਸਰਿਆਂ ਸੂਬਿਆਂ ਨਾਲ ਕਮਪੀਟ ਕਰੇ। ਇਸ ਦੇ ਨਾਲ ਹੀ ਮੈਂ ਹਾਇਰ ਐਜੂਕੇਸ਼ਨ ਦੀ ਗਲ ਕਰਨਾ ਚਾਹੁੰਦਾ ਹਾਂ। ਮੈਂ ਯੂਨੀਵਰਸਿਟੀ ਟਾਊਨ ਨੂੰ ਰਿਪ੍ਰੈਜ਼ੈਂਟ ਕਰਦਾ ਹਾਂ। ਮੈਂ ਐਪੁਆਇੰਟਮੈਂਟਸ ਦੇ ਸਿਲ-ਸਿਲੇ ਵਿੱਚ ਦੇਖਿਆ ਹੈ ਕਿ ਵਾਈਸ ਚਾਂਸਲਰ ਕਿਸ ਤਰ੍ਹਾਂ ਆਪਣੇ ਢੰਗ ਨਾਲ ਸਿਲੈਕਸ਼ਨ ਕਮੇਟੀ ਬਣਾ ਕੇ ਆਪਣੇ ਮਤਲਬ ਦੇ ਬੰਦੇ ਸਟਾਫ ਵਿਚ ਸਿਲੈਕਟ ਕਰਦੇ ਹਨ। ਇਸ ਦੇ ਵਿਚ ਐਸੀ ਆਈਡੀਆਲੋਜੀ ਦੇ ਬੰਦੇ ਆ ਜਾਂਦੇ ਹਨ ਜਿਹੜੇ ਕਿਸੇ ਕੋਈ ਧਰਮ ਦੀ ਆਈਡੀਆਲੋਜੀ ਵਾਲੇ ਹੁੰਦੇ ਹਨ, ਕੋਈ ਪੋਲੀਟੀਕਲ ਪਾਰਟੀ ਵਾਲੇ ਹੁੰਦੇ ਹਨ ਜਿਸ ਦੇ ਲਈ ਮੇਰਾ ਆਪਣਾ ਵਿਚਾਰ ਹੈ ਕਿ ਬਜਾਏ ਉਹ ਕੋਈ ਫਿਰ ਕੰਮ ਕਰਨ ਦੇ ਪੋਲੀਟੀਕਲ/ਧਾਰਮਿਕ ਐਟਮਾਸਫੀਅਰ ਪੈਦਾ ਕਰਕੇ ਆਪਣੇ ਏਮ ਨੂੰ ਉਚਾ ਉਠਾਉਣ ਦੀ ਕੋਸ਼ਿਸ਼ ਕਰਦੇ ਹਨ। ਇਸ ਦੇ ਲਈ ਮੈਂ ਸੁਜੇਸ਼ਨ ਦੇਣਾ ਚਾਹੁੰਦਾ ਹਾਂ ਕਿ ਜਿਥੇ ਅਸੀਂ ਤਿੰਨਾਂ ਯੂਨੀਵਰਸਿਟੀਆਂ ਨੂੰ ਆਉਣ ਵਾਲੇ ਸਾਲਾਂ ਲਈ 9 ਕਰੋੜ 59 ਲੱਖ ਰੁਪਏ ਦੀ ਗਰਾਂਟ ਦਿਤੀ ਹੈ, ਉਥੇ ਉਨ੍ਹਾਂ ਵਿਚ ਇਸ ਗਲ ਦਾ ਵੀ ਧਿਆਨ ਰਖਿਆ ਜਾਵੇ ਕਿ ਉਸ ਦੇ ਕੋਈ ਐਸੀ ਗਲ ਤਾਂ ਨਹੀਂ ਹੋ ਰਹੀ। ਇਸ ਦੇ ਲਈ ਮੈਂ ਇਹ ਸੁਜੈਸ਼ਨ ਦੇਣਾ ਚਾਹੁੰਦਾ ਹਾਂ ਕਿ ਤਿੰਨਾਂ ਯੂਨੀਵਰਸਿਟੀਆਂ ਲਈ ਇਕ ਸਿਲੈਕਸ਼ਨ ਬੋਰਡ ਬਣ ਜਾਵੇ ਤਾਂ ਕਿ ਵਾਈਸ ਚਾਂਸਲਰ ਆਪਣੀ ਮਨ ਮਾਨੀ ਨਾ ਕਰ ਸਕਣ ਅਤੇ ਇਫੈਕਟਿਵ ਤਰੀਕੇ ਦੇ ਨਾਲ ਕੰਮ ਹੋ ਸਕੇ ਔਰ ਕਿਸੇ ਤਰ੍ਹਾਂ ਵੀ ਕਿਸੇ ਨੂੰ ਕੋਈ ਕਹਿਣ ਦਾ ਮੌਕਾ ਨਾ ਮਿਲੇ ਕਿ ਐਜੂਕੇਸ਼ਨਲ ਅਦਾਰੇ ਵਿੱਚ ਕਿਸੇ ਨੇ ਕੋਈ ਗਲਤ ਕੰਮ ਕੀਤਾ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਯੂਨੀਵਰਸਿਟੀਆਂ ਦੇ ਵਿਚ ਜਿਹੜੇ ਟੀਚਰਜ਼ ਪੜ੍ਹਾਉਂਦੇ ਹਨ, ਲੈਕਚਰਾਰਜ਼ ਹਨ ਰੀਡਰਜ਼ ਹਨ, ਹੈਡ ਆਫ ਦੀ ਡੀਪਾਰਟਮੈਂਟ ਹਨ ਔਰ ਉਹ 5–5, 7–7 ਸਾਲ ਪੜ੍ਹਾਉਂਦੇ ਰਹਿੰਦੇ ਹਨ। ਇਸ ਦੇ ਨਾਲ ਬੜੀ ਸਟੈਗਨੇਸ਼ਨ ਆਉਂਦੀ ਹੈ। ਤਿੰਨ ਚਾਰ ਪੀਰੀਅਡ ਲਾ ਕੇ ਬਾਕੀ ਦਾ ਟਾਈਮ ਉਸ ਦਾ ਵਿਹਲਾ ਹੁੰਦਾ ਹੈ। ਉਸ ਦੇ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਕੋਈ ਰਿਵਿਊ ਬੋਰਡ ਬਣਾਇਆ ਜਾਵੇ ਜਿਹੜਾ ਸਟੱਡੀ ਕਰਕੇ ਦੇਖੇ ਕਿ ਉਨ੍ਹਾਂ ਨੇ ਆਪਣੇ ਕਲਾਸ ਟੀਚਿੰਗ ਤੋਂ ਇਲਾਵਾ ਅਕੈਡਮਿਕ ਫੀਲਡ ਵਿੱਚ ਕੀ ਰੀਸਰਚ ਕੀਤੀ ਹੈ ਔਰ ਉਸ ਦੇ ਬੇਸਿਜ਼ ਤੇ ਉਨ੍ਹਾਂ ਦੀ ਪ੍ਰੋਮੋਸ਼ਨ ਹੋਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਬਜਟ ਦੇ ਵਿਚ ਕਾਰਪੋਰੇਸ਼ਨ ਦੇ ਬਾਰੇ ਵੀ ਜ਼ਿਕਰ ਆਇਆ ਹੈ। ਪਬਲਿਕ ਐਂਟਰਪ੍ਰਾਈਜ਼ਜ਼ ਦੇ ਬਾਰੇ ਚੀਫ ਮਨਿਸਟਰ ਸਾਹਿਬ ਦੀ ਚੇਅਰਮੈਨਸ਼ਿਪ ਥਲੇ ਇਕ ਕਮੇਟੀ

ਬਣ ਰਹੀ ਹੈ, ਜਿਹੜੀ ਇਨ੍ਹਾਂ ਦੀ ਪ੍ਰਾਪਰ ਫੰਕਸ਼ਨਿੰਗ ਦੀ ਕਾਰਵਾਈ ਨੂੰ ਦੇਖੇਗੀ। ਡਿਪਟੀ ਸਪੀਕਰ ਸਾਹਿਬ, ਕਾਰਪੋਰਸ਼ਨਜ਼ ਕੁਮੱਰਸ਼ੀਅਲ ਅਦਾਰੇ ਹਨ ਔਰ ਇਹ ਪ੍ਰਾਫਿਟ ਓਰੀਐਂਟਿਡ ਹੋਣੀਆਂ ਚਾਹੀਦੀਆਂ ਹਨ। ਜਿਹੜਾ ਕੰਮ ਕਾਰਪੋਰੇਸ਼ਨ ਕਰਦੀ ਹੈ ਅਗਰ ਉਹੀ ਕੰਮ ਕੋਈ ਪ੍ਰਾਈਵੇਟ ਇੰਸਟੀਚਿਊਟਸ਼ਨ ਕਰਦਾ ਹੈ ਤਾਂ ਪ੍ਰਾਈਵੇਟ ਇੰਸਟੀਚਿਊਸ਼ਨ ਪ੍ਰਾਫਿਟ ਵਿੱਚ ਜਾਂਦੀ ਹੈ ਅਤੇ ਕਾਰਪੋਰੇਸ਼ਨ ਘਾਟੇ ਵਿਚ ਜਾਂਦੀ ਹੈ। ਇਸ ਦੇ ਲਈ ਮੈਂ ਇਕ ਸੁਜੈਸ਼ਨ ਦੇਣਾ ਚਾਹੁੰਦਾ ਹਾਂ ਕਿ ਸੈਂਟਰ ਦੇ ਵਿਚ ਇਕ ਪਬਲਿਕ ਐਂਟਰਪ੍ਰਾਈਜ਼ਿਜ਼ ਸਿਲੈਕਸ਼ਨ ਬਿਓਰੋ ਬਣਿਆ ਹੋਇਆ ਹੈ। ਇਥੇ ਮੇਰੇ ਇਕ ਸਾਥੀ ਨੇ ਪਹਿਲਾਂ ਵੀ ਆਈ ਏ. ਐਸ. ਦਾ ਜ਼ਿਕਰ ਕੀਤਾ ਹੈ, ਮੈਂ ਵੀ ਕਹਿਣਾ ਚਾਹੁੰਦਾ ਹਾਂ ਕਿ ਆਈ ਏ. ਐਸ. ਅਫ਼ਸਰ ਲਾਉਣ ਦੀ ਜੋ ਪਾਲਿਸੀ ਹੈ ਮੈਂ ਨਹੀਂ ਕਹਿੰਦਾ ਕਿ ਉਨ੍ਹਾਂ ਦੀ ਵਰਕਿੰਗ ਮਾੜੀ ਹੈ ਪਰ ਇਹ ਜ਼ਰੂਰੀ ਨਹੀਂ ਕਿ ਉਹ ਆਲ ਰਾਊਂਡ ਐਕਸਪਰਟ ਹੋਣ। ਇਸ ਦੇ ਨਾਲ ਅਗਰ ਪ੍ਰੋਫੈਸ਼ਨਲ ਵੀ ਹੋ ਜਾਣ ਤਾਂ ਇਸ ਦੀ ਵਰਕਿੰਗ ਵਿੱਚ ਕਾਫੀ ਸੁਧਾਰ ਹੋ ਸਕਦਾ ਹੈ ਅਤੇ ਕਾਫੀ ਪ੍ਰਾਫਿਟ ਵਿੱਚ ਇਹ ਕਾਰਪੋਰੇਸ਼ਨਜ਼ ਜਾ ਸਕਦੀਆਂ ਹਨ। ਇਨ੍ਹਾਂ ਦੇ ਲਈ ਜੇ ਕੋਈ ਸਰਵਿਸ ਰਿਕਰੂਟਮੈਂਟ ਬੋਰਡ ਬਣ ਜਾਵੇ ਤਾਂ ਉਸ ਦੇ ਨਾਲ ਮੈਨੇਜਮੈਂਟ ਦੇ ਵਿਚ ਐਕਸਪਰਟ ਅਤੇ ਪ੍ਰੋਫੈਸ਼ਨਲ ਬੰਦੇ ਆਉਣਗੇ ਅਤੇ ਇਸ ਦੇ ਨਾਲ ਕਾਫੀ ਪ੍ਰਾਫਿਟ ਹੋ ਸਕਦਾ ਹੈ। ਇਸ ਨੂੰ ਅਗਰ ਪ੍ਰੋਫੈਸ਼ਨਲ ਟਿੰਜ ਦਿਤੀ ਜਾਵੇ ਤਾਂ ਕਾਰਪੋਰੇਸ਼ਨਜ਼ ਹਾਇਰ ਪ੍ਰਾਫਿਟ ਓਰੀਐਂਟਿਡ ਬਣ ਸਕਦੀਆਂ ਹਨ। ਡਿਪਟੀ ਸਪੀਕਰ ਸਾਹਿਬ, ਜਿਸ ਵੇਲੇ ਇਹ ਕੋਈ ਆਪਣੇ ਆਪਣੇ ਪ੍ਰੋਜੈਕਟ ਸ਼ੁਰੂ ਕਰਦੀਆਂ ਹਨ ਤਾਂ ਉਸ ਦੇ ਟੀਚੇ ਬੜੇ ਉਚੇ ਹੁੰਦੇ ਹਨ ਉਚੇ ਏਮਜ਼ ਹੁਦੇ ਹਨ ਤਾਂ ਉਸਦੇ ਲਈ ਮੇਰੀ ਰਿਕੁਐਸਟ ਹੈ ਕਿ ਅਗਰ ਇਹ ਪ੍ਰੋਜੈਕਟ ਟਾਈਮ ਬਾਊਂਡ ਹੋ ਜਾਣ ਤਾਂ ਬੜਾ ਅੱਛਾ ਹੋਵੇਗਾ। ਕਿਸੇ ਚੀਜ਼ ਦਾ ਕੋਈ ਨੀਂਹ ਪੱਥਰ ਰੱਖ ਦਿਤਾ, ਕਦੇ ਫਿਰ ਚਾਰ ਦੀਵਾਰੀ ਬਣਾ ਦਿਤੀ ਅਤੇ ਕਦੀ ਪੇਪਰ ਪਲੈਨ ਬਣਾ ਲਿਆ ਜਿਸ ਕਰਕੇ ਟਾਈਮ ਬਹੁਤ ਲਗ ਜਾਂਦਾ ਹੈ ਅਤੇ ਜੋ ਉਸ ਦਾ ਏਮ ਹੁੰਦਾ ਹੈ ਉਹ ਢਿਲਾ ਪੈ ਜਾਂਦਾ ਹੈ। ਇਸ ਲਈ ਮੇਰੀ ਰਿਕੁਐਸਟ ਹੈ ਕਿ ਇਨ੍ਹਾਂ ਪ੍ਰੋਜੈਕਟਸ ਨੂੰ ਟਾਈਮ ਬਾਉਂਡ ਕਰ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਟਾਈਮ ਬਾਊਂਡ ਕਰਨ ਨਾਲ ਕੀ ਹੋਵੇਗਾ ਕਿ ਜਿਹੜੇ ਪ੍ਰੋਜੈਕਟ ਵਿਚ ਅਫ਼ਸਰ ਹਨ ਜਾਂ ਜਿਹੜੇ ਇਹ ਮੈਨੇਜ ਕਰਦੇ ਹਨ ਉਨ੍ਹਾਂ ਦੇ ਵਿਚ ਟਾਈਮ ਬਾਊਂਡ ਕੰਮ ਦੇਣ ਕਰਕੇ ਕੋਈ ਚਾਰਮ ਪੈਦਾ ਹੋਵੇਗਾ ਕਿ ਜਿਸ ਪਰਟੀਕੁਲਰ ਪ੍ਰੋਜੈਕਟ ਤੇ ਅਸੀਂ ਕੰਮ ਕਰ ਰਹੇ ਹਾਂ ਇਸ ਨੂੰ ਅੱਗੇ ਲੈ ਕੇ ਵੱਧਣਾ ਹੈ। ਪੰਡਿਤ ਜਵਾਹਰ ਲਾਲ ਨਹਿਰੂ, ਜਦੋਂ ਭਾਖੜਾ ਡੈਮ ਬਣਦਾ ਸੀ ਤਾਂ ਉਹ ਉਸਨੂੰ ਵੇਖਣ ਲਈ ਗਏ। ਮੈਂ ਇਸ ਸਬੰਧੀ ਛੋਟੀ ਜਿਹੀ ਐਗਜ਼ੈਂਪਲ ਦਿਆਂਗਾ। ਉਨ੍ਹਾਂ ਨੇ ਉਥੇ ਇਕ ਲੇਬਰ ਨੂੰ ਪੁਛਿਆ ਕਿ ਤੂੰ ਕੀ ਕਰ ਰਿਹਾ ਹੈਂ, ਉਸ ਨੇ ਕਿਹਾ ਕਿ ਉਹ ਪੱਥਰ ਢੋ ਰਿਹਾ ਹੈ। ਪੰਡਤ ਜੀ ਅਗੇ ਵਧੇ ਤੇ ਇਕ ਦੂਜੇ ਨੂੰ ਪੁੱਛਿਆ ਕਿ ਉਹ ਕੀ ਕਰ ਰਿਹਾ ਹੈ ਤਾਂ ਉਹ ਕਹਿਣ ਲਗਾ ਕਿ ਉਹ ਇਕ ਡੈਮ ਬਣਾ ਰਿਹਾ ਹੈ। ਵੇਖੋ ਦੋਹਾਂ ਦੀ ਸੋਚਣੀ ਵਿਚ ਕਿੰਨਾ ਫਰਕ ਹੈ। 'ਡੈਮ ਬਣਾ ਰਿਹਾ ਹਾਂ' ਇਹ ਸਪਿਰਟ ਹੋਣੀ ਚਾਹੀਦੀ ਹੈ ਪ੍ਰੋਜੈਕਟਸ ਬਣਾਉਣ ਵੇਲੇ ਤਦ ਹੀ ਅਸੀਂ ਪ੍ਰੋਜੈਕਟਸ ਨੂੰ ਬੜੀ ਤੇਜ਼ੀ ਨਾਲ ਅਗੇ ਵਧਾ ਸਕਦੇ ਹਾਂ।

ਅਰਬਨ ਡਿਵੈਲਪਮੈਂਟ ਫੀਲਡ ਵਿਚ ਸਰਕਾਰ ਨੇ ਬੜੇ ਸ਼ਲਾਘਾਯੋਗ ਕਦਮ ਚੁੱਕੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਸਮਾਂ ਨਾ ਲੈਂਦਾ ਹੋਇਆ ਇਸ ਸਬੰਧੀ ਆਪਣੇ ਹਲਕੇ ਪਟਿਆਲਾ ਦੀ ਇਕ ਗਲ ਕਰਨਾ ਚਾਹੁੰਦਾ ਹਾਂ। ਪਟਿਆਲਾ ਪੰਜਾਬ ਦਾ ਮੋਸਟ ਅਰਬਨਾਈਜ਼ਡ ਟਾਊਨ ਹੈ। ਪਟਿਆਲਾ ਵਿਚ 25,30 ਦੇ ਕਰੀਬ ਅਨਅਥੋਰਾਈਜ਼ਡ ਕਾਲੋਨੀਜ਼ ਹਨ। ਮੈਂ ਗੌਰ-ਮਿੰਟ ਨੂੰ ਕਹਿੰਦਾ ਕਿ ਇਨ੍ਹਾਂ ਤੇ ਕੋਈ ਡਿਵੈਲਪਮੈਂਟਲ ਚਾਰਜਿਜ਼ ਲਗਾ ਕੇ ਉਨ੍ਹਾਂ ਨੂੰ ਰਿਕੁਗਨਾਈਜ਼

[ਸ਼੍ਰੀ ਬ੍ਰਹਮ ਮਹਿੰਦਰਾ]

ਕੀਤਾ ਜਾਏ ਤਾਂ ਕਿ ਉਹ ਡਿਵੈਲਪਮੈਂਟ ਦੇ ਸਫੀਅਰ ਵਿਚ ਆ ਸਕਣ। ਮਿਊਂਸਪਲ ਅਥਾਰਿਟੀਜ਼ ਐਨਕਰੋਚਮੈਂਟਸ ਢਾਉਣ ਲਈ ਜਾਂਦੀਆਂ ਹਨ, ਉਹ ਕਹਿੰਦੇ ਹਨ ਕਿ ਇਲਲੀਗਲ ਐਨਕਰੋਚਮੈਂਟਸ ਹਨ। ਪਰ ਕੜਿਕੀ ਵਿਚ ਕਿਹੜੇ ਆਉਂਦੇ ਹਨ, ਰੇਹੜੀ ਵਾਲੇ, ਸਮਾਲ ਸ਼ਾਪਕੀਪਰ ਅਤੇ ਇਸ ਤਰ੍ਹਾਂ ਦੇ ਹੋਰ ਗਰੀਬ ਔਰ ਛੋਟਾ ਤਬਕਾ। ਬੜੇ ਆਦਮੀ ਫਿਰ ਰਹਿ ਜਾਂਦੇ ਹਨ। ਇਸ ਵਲ ਜ਼ਰੂਰ ਧਿਆਨ ਦਿਤਾ ਜਾਏ।

ਡਿਪਟੀ ਸਪੀਕਰ ਸਾਹਿਬ, ਪਟਿਆਲਾ ਵਿਚ ਬਹੁਤ ਜ਼ਿਆਦਾ ਹਿਸਟੋਰੀਕਲ ਬਿਲਡਿੰਗਜ਼ ਹਨ। ਮੈਂ ਟੂਰਿਜ਼ਮ ਡਿਪਾਰਟਮੈਂਟ ਦੇ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਨ੍ਹਾਂ ਬਿਲਡਿੰਗਜ਼ ਨੂੰ ਮੇਨਟੇਨ ਕਰਨ ਵਾਸਤੇ ਸਫੀਸ਼ੈਂਟ ਫੰਡਜ਼ ਪ੍ਰੋਵਾਈਡ ਕੀਤੇ ਜਾਣ ਕਿਉਂਕਿ ਉਨ੍ਹਾਂ ਦੀ ਹਾਲਤ ਦਿਨ ਬਦਿਨ ਖਸਤਾ ਹੁੰਦੀ ਜਾ ਰਹੀ ਹੈ।

ਇਸਦੇ ਨਾਲ ਹੀ ਮੈਂ ਇਹ ਕਹਿਣਾ ਚਾਹੁਦਾ ਹਾਂ ਕਿ ਇਥੇ ਵ੍ਹਾਈਟ ਰੈਵੋਲਿਊਸ਼ਨ ਦੀ ਗਲ ਹੋਈ ਹੈ। ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਜਿਥੇ ਮਿਲਕਫੈਡ ਨੇ ਐਨੇ ਕੰਮ ਕੀਤੇ ਹਨ ਉਥੇ ਮੇਰਾ ਸ਼ਹਿਰ ਬਾਕੀਆਂ ਸ਼ਹਿਰਾਂ ਵਾਂਗ ਮਿਲਕ ਸਕੀਮ ਨਾਲ ਨਹੀਂ ਜੋੜਿਆ ਗਿਆ। ਉਥੇ ਵੀ ਮਿਲਕ ਸਕੀਮ ਚਾਲੂ ਕੀਤੀ ਜਾਵੇ।

ਅੰਤ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹੋਇਆ ਇਹ ਕਹਿੰਦਾ ਹਾਂ ਕਿ ਇਹ ਇਕ ਸੁਲਝਿਆ ਹੋਇਆ, ਸੂਝਵਾਨ ਅਤੇ ਸੰਤੁਲਿਤ ਬਜਟ ਹੈ, ਜਿਹੜਾ ਕਿ ਸਾਡੀ ਸਰਕਾਰ ਨੇ ਇਸ ਹਾਊਸ ਵਿਚ ਪੇਸ਼ ਕੀਤਾ ਹੈ ਤੇ ਮੈਂ ਇਸ ਦੇ ਲਈ ਆਪਣੇ ਚੀਫ ਮਨਿਸਟਰ ਸਰਦਾਰ ਦਰਬਾਰਾ ਸਿੰਘ ਅਤੇ ਡਾਕਟਰ ਕੇਵਲ ਕ੍ਰਿਸ਼ਨ ਜੀ ਨੂੰ ਵਧਾਈ ਦਿੰਦਾ ਹਾਂ ਜੋ ਅੱਜ-ਕਲ ਦੇ ਹਾਲਾਤ ਹਨ ਉਨ੍ਹਾਂ ਤੋਂ ਉਹ ਵਾਕਫ ਹਨ। ਮੈਂ ਆਖਰੀ ਸ਼ੇਅਰ ਕਹਿੰਦਾ ਹੋਇਆ ਆਪਣੀ ਸਪੀਚ ਸਮਾਪਤ ਕਰਦਾ ਹਾਂ:—

'ਵਾਕਫ ਹੈਂ ਹਮ ਯੂੰ ਤੋ ਤੂਫਾਨੋਂ ਕੀ ਜ਼ਦ ਸੇ ਪਰ,
ਬੇਖੌਫ ਹੋ ਗਏ ਹੈਂ ਨਾਖੁਦਾ ਤੁਝੇ ਸ਼ਫੀਨਾ ਸੌਂਪ ਕਰ।'

ਸਰਦਾਰ ਜਗਤ ਸਿੰਘ (ਖਰੜ): ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬੜਾ ਧੰਨਵਾਦੀ ਹਾਂ ਕਿ ਆਪ ਜੀ ਨੇ ਮੈਨੂੰ ਬਜਟ ਤੇ ਬੋਲਣ ਦਾ ਟਾਈਮ ਦਿਤਾ ਹੈ। ਸਭ ਤੋਂ ਪਹਿਲਾਂ ਮੈਂ ਆਪਣੇ ਵਿੱਤ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਕਿਉਂਕਿ ਐਸਾ ਬਜਟ ਅੱਜ ਤਕ ਕਿਸੇ ਸਰਕਾਰ ਨੇ ਪੇਸ਼ ਨਹੀਂ ਕੀਤਾ, ਜਿਹੜਾ ਕਿ ਸਾਡੀ ਪੰਜਾਬ ਸਰਕਾਰ, ਸਰਦਾਰ ਦਰਬਾਰਾ ਸਿੰਘ ਜੀ ਦੀ ਅਗਵਾਹੀ ਹੇਠ, ਇਹ ਬਜਟ ਬਗੈਰਾ ਕਿਸੇ ਟੈਕਸ ਲਗਾਏ ਤੋਂ ਪੇਸ਼ ਹੋਇਆ ਹੈ। ਇਹ ਪਹਿਲੀ ਵਾਰੀ ਹੈ ਔਰ ਇਹ ਹਰ ਪੱਖੋਂ ਅੱਛਾ ਬਜਟ ਹੈ। ਇਸ ਵਿਚ ਹਰ ਗਰੀਬ ਦਾ ਹਿੱਤ ਹੈ। ਜਿਹੜੇ ਗਰੀਬ ਲੋਕ ਹਨ, ਮਜ਼ਦੂਰ ਲੋਕ ਹਨ, ਉਨ੍ਹਾਂ ਨੂੰ ਇਨ੍ਹਾਂ ਨੇ ਪੀਲੇ ਕਾਰਡ ਦਿਤੇ ਹਨ ਅਤੇ ਇਨ੍ਹਾਂ ਵਾਸਤੇ ਡਬਲ ਰਕਮ ਰੱਖੀ ਗਈ ਹੈ। ਗਰੀਬਾਂ ਨੂੰ ਇਸ ਬਜਟ ਰਾਹੀਂ ਜਿਹੜੀਆਂ ਰਾਹਤਾਂ ਦਿੱਤੀਆਂ ਹਨ ਇਸ ਸਰਕਾਰ ਨੇ, ਹਰ ਪਾਸਿਉਂ ਹਰ ਪੇਪਰ ਨੇ ਇਸ ਦੀ ਸ਼ਲਾਘਾ ਕੀਤੀ ਹੈ। ਇਸ ਲਈ ਵੀ ਸਰਦਾਰ ਦਰਬਾਰਾ ਸਿਘ ਜੀ ਦੀ ਸਰਕਾਰ ਵਧਾਈ ਦੀ ਪਾਤਰ ਹੈ। ਪੀਲੇ ਕਾਰਡ ਜਿਹੜੇ ਪਿਛਲੇ ਦੋ ਵਰ੍ਹਿਆਂ ਵਿਚ ਦਿਤੇ, ਕੋਈ ਸਵਾ ਦੋ ਲੱਖ ਦੇ ਕਰੀਬ ਸਨ ਅਤੇ ਫਿਰ 70, 71 ਹਜ਼ਾਰ ਦੇ ਕਰੀਬ ਹੋਰ ਆਦਮੀਆਂ ਨੂੰ ਦੇਣ ਦਾ ਵਾਅਦਾ ਕੀਤਾ ਹੈ। ਇਹ ਸ਼ਲਾਘਾਯੋਗ ਹੈ।

ਹੁਣ ਡਿਪਟੀ ਸਪੀਕਰ ਸਾਹਿਬ, ਮੈਂ ਕੁਝ ਬੇਨਤੀਆਂ ਆਪਣੇ ਹਲਕੇ ਬਾਰੇ ਕਰਨਾ ਚਾਹੁੰਦਾ ਹਾਂ।

12.26 ਬਾਅਦ ਦੁਪਹਿਰ	(ਇਸ ਸਮੇਂ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਸਪੀਕਰ ਸਾਹਿਬ, ਮੇਰਾ ਹਲਕਾ ਚੰਡੀਗੜ੍ਹ ਦੇ ਇਰਦ ਗਿਰਦ ਹੈ। ਇਹ ਜਿਹੜੀ ਸੜਕ ਰੋਪੜ ਤੋਂ ਖਰੜ ਨੂੰ ਗਈ, ਉਸ ਪਾਸੇ ਜਿਹੜੇ ਟੀਚਰਜ਼ ਅਤੇ ਹੋਰ ਕਰਮਚਾਰੀ ਹਨ, ਉਨ੍ਹਾਂ ਨੂੰ $12\frac{1}{2}\%$ ਭੱਤਾ ਮਿਲਦਾ ਹੈ। ਪਰ ਜਿਹੜੇ ਸੜਕ ਦੇ ਖੱਬੇ ਪਾਸੇ ਹਨ, ਉਥੇ ਦੇ ਕਰਮਚਾਰੀਆਂ ਨੂੰ ਉਹ ਭੱਤਾ ਨਹੀਂ ਮਿਲਦਾ। ਮੈਂ ਚਾਹੁੰਦਾ ਹਾਂ ਕਿ ਇਹ ਭੱਤਾ ਉਨ੍ਹਾਂ ਨੂੰ ਵੀ ਮਿਲਣਾ ਚਾਹੀਦਾ ਹੈ ਕਿਉਂਕਿ ਦੋਵਾਂ ਪਾਸੇ ਕੋਈ ਫ਼ਰਕ ਨਹੀਂ। ਇਸ ਵੱਲ ਸਰਕਾਰ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

ਦੂਸਰੇ ਮੇਰੇ ਹਲਕੇ ਵਿਚ ਪਾਣੀ ਦੀ ਬਹੁਤ ਘਾਟ ਹੈ। ਇਥੇ ਕੋਈ ਡੀਪ ਟਿਊਬਵੈਲ ਲਗਾਏ ਜਾਣ ਜਾਂ ਕੋਈ ਹੋਰ ਸਿੰਜਾਈ ਦਾ ਪ੍ਰੋਗਰਾਮ ਬਣਾਉਣਾ ਚਾਹੀਦਾ ਹੈ। ਬਹੁਤ ਪਹਿਲਾਂ ਦੇ ਟਿਊਬ-ਵੈਲਜ਼ ਲਗਾਏ ਸਨ, ਉਹ ਚਲ ਰਹੇ ਹਨ ਪਰ ਜਿਹੜੇ ਬਾਦ ਵਿਚ ਲਗਾਏ ਗਏ ਹਨ ਪਿੰਡਾਂ ਵਿਚ ਉਹ ਫੇਲ੍ਹ ਹੋ ਗਏ ਹਨ। ਮੁੰਡੀ ਖੇੜ ਪਾਣੀ ਦੀ ਇਕ ਟੈਂਕੀ ਬਣਾਈ ਸੀ ਪਿਛਲੇ ਵਾਰੀ ਉਥੇ ਦੇ ਕਰਮਚਾਰੀਆਂ ਨੇ ਨਾਜਾਇਜ਼ ਫ਼ਾਇਦਾ ਉਠਾਇਆ ਤੇ ਮਿੱਟੀ ਦਾ ਤੇਲ ਵੇਚਿਆ ਔਰ ਹੋਰ ਕੁਤਾਹੀਆਂ ਕੀਤੀਆਂ। ਲੱਖਾਂ ਰੁਪਏ ਗੌਰਮਿੰਟ ਦੇ ਲਗੇ ਅਤੇ ਟੈਂਕੀ ਤਿਆਰ ਕੀਤੀ, ਉਸ ਵਿਚ ਇਸ ਵੇਲੇ ਇਕ ਕਤਰਾ ਪਾਣੀ ਨਹੀਂ ਆਉਂਦਾ। ਮੇਰੀ ਬੇਨਤੀ ਹੈ ਕਿ ਇਸ ਵਲ ਵਜ਼ੀਰ ਸਾਹਿਬ ਧਿਆਨ ਦੇਣ ਤਾਕਿ ਪਿੰਡਾਂ ਦੇ ਲੋਕਾਂ ਨੂੰ ਹੋਰ ਨਹੀਂ ਤਾਂ ਪੀਣ ਦਾ ਪਾਣੀ ਮਿਲ ਸਕੇ।

ਸ੍ਰੀ ਆਨੰਦਪੁਰ ਸਾਹਿਬ ਇਕ ਗੁਰੂ ਤੇਗ ਬਹਾਦਰ ਮਿਊਜ਼ੀਅਮ ਬਣਿਆ ਹੋਇਆ ਹੈ। ਬਹੁਤ ਚੰਗੀ ਗਲ ਹੈ। ਉਥੇ ਜਿਹੜੀਆਂ ਤਸਵੀਰਾਂ ਰਖੀਆਂ ਹੋਈਆਂ ਹਨ ਉਹ ਵੀ ਦਸਦੀਆਂ ਹਨ ਕਿ ਪਿਛਲੇ ਜ਼ਮਾਨੇ ਵਿਚ ਕਿਸ ਤਰ੍ਹਾਂ ਬਹਾਦਰ, ਯੋਧੇ ਔਰ ਅਵਤਾਰ ਹੋਏ। ਪਰ ਮੈਂ ਇਸ ਬਾਰੇ ਮਨਿਸਟਰ ਟੂਰਿਜ਼ਮ ਨੂੰ ਬੇਨਤੀ ਕਰਾਂਗਾ ਕਿ ਜਿਹੜੀ ਉਥੇ 50 ਪੈਸੇ ਫ਼ੀਸ ਰਖੀ ਹੈ, ਉਹ ਤੁਰਤ ਬੰਦ ਕਰਨੀ ਚਾਹੀਦੀ ਹੈ। ਉਥੇ ਧਾਰਮਿਕ ਕਿਤਾਬਾਂ ਰਖਣੀਆਂ ਚਾਹੀਦੀਆਂ ਹਨ ਜਿਹੜੀਆਂ ਪਿਛਲਾ ਇਤਿਹਾਸ ਦੱਸਣ। ਇਸ 50 ਪੈਸੇ ਨਾਲ ਕੋਈ ਫ਼ਰਕ ਨਹੀਂ ਪੈਂਦਾ। ਮੈਂ ਸਰਦਾਰ ਦਰਬਾਰਾ ਸਿੰਘ, ਚੀਫ਼ ਮਨਿਸਟਰ ਸਾਹਿਬ, ਨੂੰ ਵੀ ਬੇਨਤੀ ਕਰਾਂਗਾ, ਉਹ ਬਹੁਤ ਜ਼ਿਆਦਾ ਧਾਰਮਿਕ ਔਰ ਬਹੁਤ ਜ਼ਿਆਦਾ ਗੁਰੂ ਘਰ ਦੇ ਪ੍ਰੇਮੀ ਹਨ ਉਹ ਮੇਰੀ ਬੇਨਤੀ ਪ੍ਰਵਾਨ ਕਰਨਗੇ।

ਸਪੀਕਰ ਸਾਹਿਬ, ਪਿਛੇ ਜਿਹੇ 7ਵੀਂ ਨਾਨ-ਅਲਾਈਂਡ ਮੁਲਕਾਂ ਦੀ ਕਾਨਫਰੈਂਸ ਹਿੰਦੁਸਤਾਨ ਦੀ ਕੈਪੀਟਲ ਦਿੱਲੀ ਵਿੱਚ ਸ੍ਰੀਮਤੀ ਇੰਦਰਾ ਗਾਂਧੀ ਦੀ ਅਗਵਾਈ ਹੇਠ ਹੋਈ। ਇਸ ਗਲ ਦਾ ਫ਼ਖਰ ਕੇਵਲ ਹਿੰਦੁਸਤਾਨ ਨੂੰ ਹੀ ਨਹੀਂ ਬਲਕਿ ਸਾਰੇ ਏਸ਼ੀਆ ਨੂੰ ਹੈ ਔਰ 101 ਮੁਲਕਾਂ ਦੀ ਰਹਿਨੁਮਾ 3 ਸਾਲਾਂ ਲਈ ਸ੍ਰੀਮਤੀ ਇੰਦਰਾ ਗਾਂਧੀ ਪ੍ਰੈਜ਼ੀਡੈਂਟ ਚੁਣੀ ਗਈ ਹੈ, ਇਸ ਤੋਂ ਜ਼ਿਆਦਾ ਫ਼ਖਰ ਵਾਲੀ ਗਲ ਸਾਡੇ ਲਈ ਹੋਰ ਕੀ ਹੋ ਸਕਦੀ ਹੈ। ਉਸ ਕਾਨਫਰੰਸ ਨੂੰ ਇਸ ਤਰ੍ਹਾਂ ਨਾਲ ਕੰਟਰੋਲ ਕੀਤਾ ਗਿਆ ਕਿ ਸਾਰੀ ਦੁਨੀਆਂ ਮੰਨ ਗਈ। ਜਿਸ ਤਰ੍ਹਾਂ ਦਿੱਲੀ ਵਿਚ ਕੀਤਾ ਗਿਆ ਹੈ, ਇਹ ਦੁਨੀਆਂ ਵਿਚ ਪਹਿਲੀ ਮਿਸਾਲ ਹੈ। ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਸਾਡੀਆਂ ਸਾਹਮਣੇ ਵਾਲੀਆਂ ਸੀਟਾਂ ਤੇ ਬੈਠਣ ਵਾਲੇ ਅਕਾਲੀ ਵੀਰ ਅੱਜ ਨਰਾਜ਼ ਹੋ ਕੇ ਇਥੇ ਆਏ ਨਹੀਂ ਹਨ। ਮੈਂ ਉਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿਉਂਕਿ ਅਜੇ ਵੀ ਟਾਈਮ ਹੈ, ਉਹ ਮੇਹਰਬਾਨੀ ਕਰਕੇ ਇਥੇ ਆਉਣ ਸਾਡੇ ਨਾਲ

[ਸਰਦਾਰ ਜਗਤ ਸਿੰਘ]

ਖਿਆਲਾਤ ਸਾਂਝੇ ਕਰਨ। ਸਾਡਾ ਉਨ੍ਹਾਂ ਦਾ ਕਿਸੇ ਤਰ੍ਹਾਂ ਦਾ ਫਰਕ ਨਹੀਂ ਹੈ। ਉਹ ਵੀ ਆਪਣੇ ਆਪ ਨੂੰ ਗੁਰ ਸਿੱਖ ਕਹਿੰਦੇ ਹਨ। ਅਸੀਂ ਵੀ ਆਪਣੇ ਆਪ ਨੂੰ ਗੁਰ ਸਿੱਖ ਕਹਿੰਦੇ ਹਾਂ। ਅਸੀਂ ਵੀ ਅੰਮ੍ਰਿਤਧਾਰੀ ਸਿੱਖ ਹਾਂ, ਉਹ ਵੀ ਮਹਾਰਾਜ ਜੀ ਦੇ ਸਿੱਖ ਹਨ, ਸ਼ਾਇਦ ਅੰਮ੍ਰਿਤਧਾਰੀ ਹਨ ਜਾਂ ਨਹੀਂ ਹਨ। ਉਹ ਇਥੇ ਆ ਕੇ ਆਪਣੇ ਖਿਆਲਾਤ ਦਾ ਇਜ਼ਹਾਰ ਕਰਨ। ਸ੍ਰੀਮਤੀ ਇੰਦਰਾ ਗਾਂਧੀ ਨੇ ਕਿਹਾ ਹੈ ਕਿ ਬੈਠ ਕੇ ਗਲ ਕਰੋ ਅਤੇ ਦੱਸੋ ਕਿ ਤੁਹਾਡੀਆਂ ਕਿਹੜੀਆਂ ਮੰਗਾਂ ਨਹੀਂ ਮੰਨੀਆਂ ਹਨ, ਕਿਹੜੀਆਂ ਬਾਕੀ ਹਨ ਅਤੇ ਕਿਹੜੀਆਂ ਮੰਨ ਲਈਆਂ ਹਨ।

ਸਪੀਕਰ ਸਾਹਿਬ, ਮੈਂ ਗੁਰਦੁਆਰਾ ਬੰਗਲਾ ਸਾਹਿਬ ਵੇਖਿਆ, ਉਥੇ ਇੱਕ ਕਨਾਤ ਲੱਗੀ ਹੋਈ ਹੈ। ਉਸਤੇ ਮੋਟੇ ਅੱਖਰਾਂ ਵਿੱਚ ਪੰਜਾਬੀ ਵਿੱਚ ਲਿਖਿਆ ਹੋਇਆ ਹੈ ਕਿ ਖਾਲਸਾ ਜੀ ਧਰਮਯੁੱਧ ਲਈ ਮਾਇਆ ਭੇਟ ਕਰੋ। ਅੱਜ ਗੁਰਦੁਆਰਿਆਂ ਵਿੱਚ ਇਹੋ ਜਿਹੇ ਧਰਮ ਯੁੱਧ ਲਈ ਜਿਹੋ ਜਿਹਾ ਕੱਲ੍ਹ ਹੋਇਆ ਹੈ, ਮਾਇਆ ਦੀ ਅਰਦਾਸ ਕਰਾਈ ਜਾਂਦੀ ਹੈ। ਇਹ ਬੜੀ ਸ਼ਰਮ ਦੀ ਗਲ ਹੈ। ਮੈਂ ਕਹਾਂਗਾ ਕਿ ਸਾਡੇ ਵੀਰ ਇਥੇ ਆ ਕੇ ਤਬਾਦਲਾ-ਖਿਆਲਾਤ ਕਰਨ। ਅਗਰ ਸਾਡੇ ਵਿੱਚ ਕੋਈ ਗੁਨਾਹ ਹੈ ਤਾਂ ਦੱਸਣ। ਉਨ੍ਹਾਂ ਦੀਆਂ ਸਾਰੀਆਂ ਧਾਰਮਿਕ ਮੰਗਾਂ ਸ੍ਰੀਮਤੀ ਇੰਦਰਾ ਗਾਂਧੀ ਨੇ ਮੰਨ ਲਈਆਂ ਹਨ। ਸਪੀਕਰ ਸਾਹਿਬ, ਇਸ ਤੋਂ ਦਿੱਲੀ ਵਿੱਚ ਕੋਤਵਾਲੀ ਵਾਲੀ ਜਗ੍ਹਾ ਜਿਹੜੀ ਲੱਖਾਂ ਰੁਪਿਆਂ ਨੂੰ ਨਹੀਂ ਮਿਲ ਸਕਦੀ ਉਹ ਗੁਰਦੁਆਰਾ ਸਾਹਿਬ ਨੂੰ ਦੇ ਦਿੱਤੀ ਹੈ। ਸ੍ਰੀਮਤੀ ਇੰਦਰਾ ਗਾਂਧੀ ਦੀ ਸਿੱਖ ਧਰਮ ਨੂੰ ਇਹ ਬੜੀ ਵੱਡੀ ਦੇਣ ਹੈ। ਇਸ ਨਾਲ ਹਿੰਦੁਸਤਾਨ ਵਿੱਚ ਉਨ੍ਹਾਂ ਨੇ ਇੱਕ ਨਵੀਂ ਮਿਸਾਲ ਪੈਦਾ ਕਰ ਦਿੱਤੀ ਹੈ। ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਨੇ ਆਪਣਾ ਸੀਸ ਦੇ ਕੇ ਧਰਮ ਨੂੰ ਬਚਾਇਆ ਸੀ। ਉਨ੍ਹਾਂ ਨੇ ਕਸ਼ਮੀਰੀ ਪੰਡਿਤਾਂ ਦੀ ਫਰਿਆਦ ਸੁਣੀ, (ਥੰਪਿੰਗ) ਉਦੋਂ ਮੁਗਲ ਰਾਜ ਸੀ। ਉਹ ਮੁਗਲ ਰਾਜਾ ਹਿੰਦੂਆਂ ਦੇ ਸਵਾ ਮਣ ਜਨੇਊ ਉਤਰਾ ਕੇ ਖਾਣਾ ਖਾਂਦਾ ਸੀ। ਉਨ੍ਹਾਂ ਦੀ ਫਰਿਆਦ ਸੁਣਨ ਤੋਂ ਬਾਅਦ ਆਪਣੇ ਨਾਲ ਚਾਰ ਹਿੰਦੂਆਂ ਨੂੰ ਨਾਲ ਲੈ ਕੇ ਉਥੇ ਕੁਰਬਾਨੀ ਦਿੱਤੀ। ਸ੍ਰੀਮਤੀ ਇੰਦਰਾ ਗਾਂਧੀ ਨੇ ਦਿੱਲੀ ਵਿਖੇ ਕਾਨਫਰੰਸ ਦਾ ਉਦਘਾਟਨ ਕਰਨ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦਾ ਨਾਂ ਲਿਆ ਅਤੇ ਉਨ੍ਹਾਂ ਦੇ ਆਸ਼ੀਰਵਾਦ ਨਾਲ ਇਹ ਕੰਮ ਸ਼ੁਰੂ ਕੀਤਾ। ਗੁਰੂ ਨਾਨਕ ਦੇਵ ਜੀ ਦੇ ਸਾਥੀ ਬਾਲਾ ਮਰਦਾਨਾ ਵੀ ਮੁਸਲਮਾਨ ਸਨ। ਗੁਰੂ ਨਾਨਕ ਦੇਵ ਜੀ ਨੂੰ ਮੰਨਣ ਵਾਲੇ ਰਾਏ ਬੁਲਾਰ ਵੀ ਮੁਸਲਮਾਨ ਸਨ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਕੀਤੀ, ਉਨ੍ਹਾਂ ਨੇ ਇਸਦੇ ਵਿੱਚ ਭਗਤਾਂ ਦੀ ਬਾਣੀ ਸ਼ਾਮਲ ਕੀਤੀ। ਜਿਥੇ ਅਸੀਂ ਗੁਰੂਆਂ ਨੂੰ ਨਮਸਕਾਰ ਕਰਦੇ ਹਾਂ ਉਥੇ ਭਗਤ ਰਵੀ ਦਾਸ ਦਾ ਨਾਂ ਵੀ ਲੈਂਦੇ ਹਾਂ।

ਸ੍ਰੀ ਸਪੀਕਰ : ਰਾਮ ਪ੍ਰਕਾਸ਼ ਬਾਲੀ ਜੀ, ਤੁਸੀਂ ਬੋਲੋ।

ਸ੍ਰੀ ਰਾਮ ਪ੍ਰਕਾਸ਼ ਬਾਲੀ (ਨੰਗਲ): ਸਪੀਕਰ ਸਾਹਿਬ, ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਬਜਟ ਸਪੀਚ ਉਪਰ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਐਮ.ਐਲ.ਏ. ਬਣਨ ਤੋਂ ਬਾਅਦ ਪਹਿਲੀ ਦਫਾ ਮੈਨੂੰ ਬਜਟ ਉਪਰ ਬੋਲਣ ਦਾ ਮੌਕਾ ਮਿਲਿਆ ਹੈ। ਇਸ ਲਈ ਮੈਂ ਆਸ ਕਰਦਾ ਹਾਂ ਕਿ ਤੁਸੀਂ ਮੈਨੂੰ ਵੱਧ ਤੋਂ ਵੱਧ ਟਾਈਮ ਦਿਉਗੇ ਅਤੇ ਇਸ ਲਈ ਅਗਰ ਤੁਹਾਨੂੰ 10 ਮਿੰਟ ਇਜਲਾਸ ਦਾ ਸਮਾਂ ਵਧਾਉਣਾ ਪਿਆ ਤਾਂ ਉਹ ਵੀ ਵਧਾਉਗੇ। ਸਪੀਕਰ ਸਾਹਿਬ, ਮੈਂ ਸਰਦਾਰ ਦਰਬਾਰਾ ਸਿੰਘ ਅਤੇ ਖਾਸ ਕਰਕੇ ਖਜ਼ਾਨਾ ਮੰਤਰੀ ਜੀ ਨੂੰ ਧੰਨਵਾਦ ਦਿੰਦਾ ਹਾਂ ਅਤੇ ਮੁਬਾਰਿਕਬਾਦ ਦਿੰਦਾ ਹਾਂ ਕਿ ਉਨ੍ਹ ਨੇ ਇਹੋ ਜਿਹੇ ਹਾਲਾਤ ਵਿੱਚ ਜੋ ਬਜ਼ਟ ਪੇਸ਼ ਕੀਤਾ ਹੈ, ਉਹ ਪਿਛਲੇ ਸਾਰੇ ਬਜਟਾਂ ਤੋਂ ਸ਼ਾਨਦਾਰ ਹੀ ਨਹੀਂ ਬਲਕਿ ਸਾਰੇ ਪੱਖਾਂ

ਨੂੰ ਸਾਹਮਣੇ ਰੱਖ ਕੇ ਉਨ੍ਹਾਂ ਦੀ ਉਨਤੀ ਦਾ ਪੂਰਾ ਪ੍ਰਬੰਧ ਵੀ ਕੀਤਾ ਹੈ। ਇੱਕ ਪਾਸੇ ਪੰਜਾਬ ਵਿੱਚ ਕੁੱਝ ਲੋਕ ਜੋ ਵੱਖਵਾਦੀ ਅਤੇ ਦੂਸਰੀ ਕਿਸਮ ਦੀਆਂ ਸ਼ਰਾਰਤਾਂ ਕਰਕੇ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਨ ਦਾ ਯਤਨ ਕਰ ਰਹੇ ਹਨ ਅਤੇ ਉਨ੍ਹਾਂ ਨੇ ਸਰਕਾਰ ਦੀ ਤਵੱਜੋ ਲਾਅ ਐਂਡ ਆਰਡਰ ਵੱਲ ਦਿਵਾਉਣ ਦੀ ਹੀ ਕੋਸ਼ਿਸ਼ ਨਹੀਂ ਕੀਤੀ ਸਗੋਂ ਰੁਕਾਵਟਾਂ ਖੜੀਆਂ ਕਰਕੇ ਪੰਜਾਬ ਦੀ ਸਥਿਤੀ ਨੂੰ ਖਰਾਬ ਕੀਤਾ। ਸਰਦਾਰ ਦਰਬਾਰਾ ਸਿੰਘ ਮੁਬਾਰਕਬਾਦ ਦੇ ਮੁਸਤਹਿੱਕ ਹਨ, ਜਿਨ੍ਹਾਂ ਨੇ ਆਪਣੀ ਜਾਨ ਦੇ ਉਪਰ ਬਾਜ਼ੀ ਲਗਾ ਕੇ ਮੁਲਕ ਦੀ, ਦੇਸ਼ ਦੀ ਤਰੱਕੀ ਵਿੱਚ ਹਿੱਸਾ ਪਾ ਕੇ ਪੰਜਾਬ ਦੀ ਕਾਇਆ ਕਲਪ ਕਰਨ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਨੇ ਆਪਣੀ ਜ਼ਿੰਦਗੀ ਵਿੱਚ ਹਲਫ ਲਿਆ ਹੈ ਦੇਸ਼ ਦੀ ਸੇਵਾ ਕਰਨ ਦਾ ਅਤੇ ਇਹੋ ਜਿਹੇ ਹਾਲਾਤ ਵਿੱਚ ਵੀ ਉਨ੍ਹਾਂ ਦੇ ਕਦਮ ਨਹੀਂ ਲੜਖੜਾਏ। ਪ੍ਰਾਈਮ ਮਨਿਸਟਰ ਸਾਹਿਬਾ ਦੇ 20-ਪੁਆਇੰਟ ਪ੍ਰੋਗਰਾਮ ਨੂੰ ਸਭ ਤੋਂ ਮੁੱਖ ਰੱਖ ਕੇ ਇਹ ਸ਼ਾਨਦਾਰ ਬਜਟ ਪੇਸ਼ ਕੀਤਾ ਹੈ। ਸਪੀਕਰ ਸਾਹਿਬ, ਅਗਰ ਮੈਂ ਸਾਰੇ ਮਹਿਕਮਿਆਂ ਦੇ ਕੰਮਾਂ ਤੇ ਬੋਲਾਂ ਅਤੇ ਸਾਰੀਆਂ ਫਿਗਰਜ਼ ਨੂੰ ਰੈਫਰ ਕਰਾਂ ਤਾਂ ਬਹੁਤ ਵਕਤ ਲਗੇਗਾ। ਮੇਰੇ ਸਾਥੀਆਂ ਨੇ ਮੇਰੇ ਤੋਂ ਪਹਿਲਾਂ ਕਾਫੀ ਕੁਝ ਇਨ੍ਹਾਂ ਮਹਿਕਮਿਆਂ ਬਾਰੇ ਇਜ਼ਹਾਰ ਕੀਤਾ ਹੈ। ਹਰ ਮਹਿਕਮੇ ਵਿੱਚ ਪਿਛਲੇ ਸਾਲ ਨਾਲੋਂ ਜ਼ਿਆਦਾ ਪੈਸੇ ਰਖੇ ਗਏ ਹਨ। ਮੈਂ ਫਿਗਰ ਵਰਕ ਤੇ ਬੋਲਣ ਤੋਂ ਸੰਕੋਚ ਕਰਾਂਗਾ ਕਿਉਂਕਿ ਇਸਤੇ ਬਹੁਤ ਸਮਾਂ ਲਗੇਗਾ।

ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਹ ਬਜਟ ਇੱਕ ਸੋਸ਼ਲਿਸਟ ਪੈਟਰਨ ਤੇ ਬਣਾਇਆ ਗਿਆ ਹੈ। ਇਹ ਬੜਾ ਬੈਲੈਂਸਡ ਬਜਟ ਹੈ। ਟੈਕਸ ਤੋਂ ਬਗੈਰ ਬਜਟ ਪੇਸ਼ ਕਰਕੇ ਵੀ ਪਿਛਲੇ ਸਾਲ ਨਾਲੋਂ ਹਰ ਮਹਿਕਮੇਂ ਲਈ ਜ਼ਿਆਦਾ ਪੈਸੇ ਦੇ ਕੇ ਡਾਕਟਰ ਕੇਵਲ ਕ੍ਰਿਸ਼ਨ ਨੇ ਆਪਣੀ ਕਾਬਲੀਅਤ ਅਤੇ ਸੁਚੱਜੇ ਢੰਗ ਦਾ ਇਜ਼ਹਾਰ ਕੀਤਾ ਹੈ। ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ ਕਿਉਂਕਿ ਉਨ੍ਹਾਂ ਨੇ ਇਸ ਵਿੱਚ ਮੁਲਾਜ਼ਮਾਂ, ਹਰੀਜਨਾਂ, ਪੱਛੜੇ ਅਤੇ ਗਰੀਬ ਵਰਗਾਂ ਦੀ ਮੱਦਦ ਵੱਲ ਸਭ ਤੋਂ ਜ਼ਿਆਦਾ ਧਿਆਨ ਦਿੱਤਾ ਹੈ। ਇੱਕ ਗਲ ਕਹੇ ਬਗੈਰ ਮੈਂ ਰਹਿ ਨਹੀਂ ਸਕਦਾ। ਉਹ ਇਹ ਹੈ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਸ੍ਰੀ ਹਰਮੰਦਰ ਸਾਹਿਬ ਅਤੇ ਦੁਰਗਿਆਨਾ ਮੰਦਰ ਲਈ 44·71 ਲੱਖ ਰੁਪਿਆ ਲਗਾ ਕੇ ਸਰੋਵਰਾਂ ਦੀ ਸਫਾਈ ਅਤੇ ਹੈਵੀ ਡਿਊਟੀ ਪਾਈਪ ਲਾਈਨ ਲਗਾ ਕੇ ਪਾਣੀ ਦਾ ਪ੍ਰਬੰਧ ਕੀਤਾ ਹੈ। ਇਸ ਤਰ੍ਹਾਂ ਇਨ੍ਹਾਂ ਧਰਮ ਅਸਥਾਨਾਂ ਦੀ ਪਵਿੱਤਰਤਾ ਨੂੰ ਕਾਇਮ ਕਰਨ ਵਾਸਤੇ ਪੈਸੇ ਖਰਚ ਕੀਤੇ ਹਨ, ਇਹ ਸਰਾਹਨਾਯੋਗ ਹਨ। ਇਥੇ ਹੀ ਬੱਸ ਨਹੀਂ, ਡਾਕਟਰ ਕੇਵਲ ਕ੍ਰਿਸ਼ਨ ਜੋ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਵਿੱਚ ਵਿੱਤ ਮੰਤਰੀ ਹਨ, ਉਨ੍ਹਾਂ ਨੇ 1983-84 ਵਿੱਚ ਸਵਾਮੀ ਰਾਮ ਤੀਰਥ ਅਤੇ ਫਤਹਿਗੜ੍ਹ ਸਾਹਿਬ ਦੇ ਪਵਿੱਤਰ ਸਥਾਨਾਂ ਦੇ ਵਿਕਾਸ ਲਈ ਭਰੋਸਾ ਦਿਵਾਇਆ ਹੈ ਅਤੇ ਯਤਨ ਕੀਤਾ ਹੈ। ਜਿਹੜੇ ਪਹਿਲਾਂ ਹੀ ਵਿਕਾਸ ਬੋਰਡ ਬਣੇ ਹਨ, ਉਹ ਵੀ ਬਹੁਤ ਸਰਾਹਨਾਯੋਗ ਕੰਮ ਕਰ ਰਹੇ ਹਨ। ਮੈਂ ਸਮਝਦਾ ਹਾਂ ਕਿ ਇਸ ਬਜਟ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸਰਕਾਰ ਦੀ ਨੀਤੀ ਧਰਮ-ਨਿਰਪੇਖਤਾ ਦੀ ਹੈ, ਸਰਕਾਰ ਦੀ ਨੀਤੀ ਸੈਕੂਲਰਿਜ਼ਮ ਦੀ ਹੈ। ਸਰਕਾਰ ਸਾਰੇ ਧਰਮਾਂ ਦੀ ਰਾਖੀ ਅਤੇ ਸਨਮਾਨ ਕਰਨਾ ਚਾਹੁੰਦੀ ਹੈ। ਇਸ ਤੋਂ ਵੀ ਵੱਡੀ ਗਲ ਇਨ੍ਹਾਂ ਨੇ ਕੀਤੀ ਹੈ। ਇਨ੍ਹਾਂ ਦੀ ਸਰਕਾਰ ਦੀ ਕਾਰਕਰਦਗੀ ਦਾ ਇੱਕ ਬਹੁਤ ਅੱਛਾ ਕਦਮ ਜੋ ਹੈ ਮੈਂ ਉਸਦਾ ਜ਼ਿਕਰ ਕਰਦਾ ਹਾਂ। ਗਿਆਨੀ ਜ਼ੈਲ ਸਿੰਘ ਦੀ ਕਾਂਗਰਸ ਦੀ ਜਦੋਂ ਇਥੇ ਸਰਕਾਰ ਸੀ, ਉਦੋਂ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਮਾਰਗ ਬਣਾਇਆ। 1972 ਤੋਂ 1977 ਤੱਕ ਪੰਜਾਬ ਦੇ ਅੰਦਰ ਕਾਂਗਰਸ ਦੀ ਸਰਕਾਰ ਰਹੀ। ਇਸ ਕੰਮ ਵਿੱਚ ਜੋ ਘਾਟ ਰਹਿ ਗਈ ਸੀ, ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਉਹ ਪੂਰੀ ਕਰ ਦਿੱਤੀ ਹੈ। ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੇ ਮਿਊਜ਼ਿਅਮ ਬਣਾ ਕੇ ਸਿੱਖ ਇਤਿਹਾਸ ਦਾ ਸ਼ਾਨਦਾਰ ਨਕਸ਼ਾ ਪੇਸ਼

[ਸ੍ਰੀ ਰਾਮ ਪ੍ਰਕਾਸ਼ ਬਾਲੀ]

ਕੀਤਾ ਹੈ, ਜਿਸ ਤੋਂ ਸਾਰੇ ਪੰਜਾਬੀਆਂ, ਹਿੰਦੁਸਤਾਨੀਆਂ ਅਤੇ ਸਾਰੇ ਸੰਸਾਰ ਦੇ ਲੋਕਾਂ ਨੂੰ ਪ੍ਰੇਰਣਾ ਮਿਲੇਗੀ। ਸਾਰੇ ਸੰਸਾਰ ਦੇ ਲੋਕ ਨੰਗਲ ਅਤੇ ਭਾਖੜਾ ਡੈਮ ਵੇਖਣ ਆਉਂਦੇ ਹਨ। ਗੁਰੂਆਂ ਦੀ ਇਸ ਧਰਤੀ ਅਨੰਦਪੁਰ ਸਾਹਿਬ ਤੇ ਇੱਕ ਸ਼ਾਨਦਾਰ ਅਤੇ ਸਰਾਹਨਾਯੋਗ ਕਾਰਿਆ ਇਸ ਸਰਕਾਰ ਨੇ ਕੀਤਾ ਹੈ। ਉਸ ਇਲਾਕੇ ਦਾ ਵਾਸੀ ਹੋਣ ਦੇ ਨਾਤੇ ਮੈਂ ਉਨ੍ਹਾਂ ਦਾ ਧੰਨਵਾਦ ਵੀ ਕਰਦਾ ਹਾਂ ਅਤੇ ਇਸ ਦੇ ਲਈ ਮੁਬਾਰਕਬਾਦ ਵੀ ਦਿੰਦਾ ਹਾਂ। ਉਸ ਅਨੰਦਪੁਰ ਸਾਹਿਬ ਦੀ ਇਤਿਹਾਸਿਕ ਧਰਤੀ ਨੂੰ ਨੇੜੇ ਲਿਆਉਣ ਵਾਸਤੇ ਤਾਂ ਕਿ ਪੰਜਾਬ ਦੇ ਯਾਤਰੀ ਉਥੇ ਜਲਦੀ ਤੋਂ ਜਲਦੀ ਪਹੁੰਚ ਸਕਣ ਅਤੇ ਉਨ੍ਹਾਂ ਦਾ ਘੱਟ ਤੋਂ ਘੱਟ ਕਿਰਾਇਆ ਖਰਚ ਆਵੇ 3½ ਕਰੋੜ ਰੁਪਿਆ ਲਾਕੇ ਜਿਹੜਾ ਉਥੇ ਪੁਲ ਬਣਾਇਆ ਜਾ ਰਿਹਾ ਹੈ ਉਸ ਲਈ ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ। ਇਸ ਪੁਲ ਦੇ ਬਣਨ ਨਾਲ ਗੁਰੂ ਮਹਾਰਾਜ ਦੇ ਚਰਨਾਂ ਨੂੰ ਜਿਹੜਾ ਰਾਹ ਆਉਂਦਾ ਸੀ ਉਹ ਘੱਟ ਜਾਵੇਗਾ ਔਰ ਲੋਕ ਅਸਾਨੀ ਨਾਲ ਗੁਰੂ ਮਹਾਰਾਜ ਦੇ ਚਰਨਾਂ ਵਿਚ ਆ ਸਕਣਗੇ। ਇਸ ਦੇ ਨਾਲ ਹੀ ਇਸ ਪੁਲ ਦੇ ਬਣਨ ਨਾਲ ਜਿਹੜਾ ਨੈਣਾਂ ਦੇਵੀ ਦਾ ਮੰਦਰ ਹੈ ਉਸ ਦਾ ਰਸਤਾ ਵੀ ਘੱਟ ਜਾਵੇਗਾ। ਸਮੇਂ ਦੀ ਵੀ ਬੱਚਤ ਹੋਵੇਗੀ ਔਰ ਕਰਾਇਆ ਵੀ ਘੱਟ ਲਗੇਗਾ। ਇਸ ਲਈ ਮੈਂ ਇਨ੍ਹਾਂ ਦਾ ਬਹੁਤ ਧੰਨਵਾਦ ਕਰਦਾ ਹਾਂ। ਡਾਕਟਰ ਕੇਵਲ ਕ੍ਰਿਸ਼ਨ ਦੀ ਕਾਬਲਿਅਤ ਦੇ ਮੈਂ ਕਿਹੜੇ ਕਿਹੜੇ ਗੁਣ ਦਸਾਂ ਇਨ੍ਹਾਂ ਨੇ ਬਹੁਤ ਹੀ ਸੂਝ ਬੂਝ ਨਾਲ ਇਹ ਬਜਟ ਪੇਸ਼ ਕੀਤਾ ਹੈ। 440 ਕਰੋੜ ਰੁਪਏ ਦਾ ਇਹ ਪਲਾਨ ਲਿਆਕੇ ਇਕ ਰਿਕਾਰਡ ਕਾਇਮ ਕੀਤਾ ਹੈ ਜਦ ਕਿ ਪਿਛਲੇ ਸਾਲ ਇਹ 385 ਕਰੋੜ ਰੁਪਏ ਦਾ ਸੀ। ਇਤਨੀ ਮਹਿੰਗਾਈ ਦੇ ਬਾਵਜੂਦ ਔਰ ਪੰਜਾਬ ਦੇ ਹਾਲਾਤ ਖਰਾਬ ਹੋਣ ਦੇ ਬਾਵਜੂਦ ਇਨ੍ਹਾਂ ਨੇ ਇਹ ਪਲਾਨ 55 ਕਰੋੜ ਦਾ ਵਧਾ ਲਿਆ ਹੈ, ਇਸ ਲਈ ਮੈਂ ਸਮਝਦਾ ਹਾਂ ਕਿ ਇਹ ਸਰਕਾਰ ਵਧਾਈ ਦੀ ਪਾਤਰ ਹੈ। ਇਕ ਜਿਹੜਾ ਇਨ੍ਹਾਂ ਨੇ ਹਰੀਜਨਾਂ ਦੀ ਆਮਦਨ ਵਜ਼ੀਫਾ ਲੈਣ ਲਈ 6 ਹਜ਼ਾਰ ਤੋਂ ਵਧਾ ਕੇ 9 ਹਜ਼ਾਰ ਕਰ ਦਿੱਤੀ ਹੈ, ਇਸ ਨਾਲ ਹਰੀਜਨਾਂ ਦੇ ਬੱਚਿਆਂ ਨੂੰ ਵਜ਼ੀਫੇ ਵਿਚ ਬਹੁਤ ਫਾਇਦਾ ਹੋਇਆ ਹੈ ਔਰ ਅਸੀਂ ਇਨ੍ਹਾਂ ਦਾ ਧੰਨਵਾਦ ਕਰਦੇ ਹਾਂ। ਇਸ ਦੇ ਨਾਲ ਹੀ ਜਿਹੜਾ ਇਨ੍ਹਾਂ ਨੇ ਬੁੜ੍ਹਾਪਾ ਪੈਨਸ਼ਨ ਲੈਣ ਲਈ ਆਮਦਨ ਦੀ ਹੱਦ ਵਿਚ 15 ਰੁਪਏ ਤੋਂ 50 ਰੁਪਏ ਦਾ ਵਾਧਾ ਕੀਤਾ ਹੈ, ਇਸ ਨਾਲ ਸਾਡੀ ਸਰਕਾਰ ਨੇ ਗਰੀਬਾਂ ਦੀ ਮੱਦਦ ਕਰਕੇ ਬਹੁਤ ਹੀ ਚੰਗਾ ਕੰਮ ਕੀਤਾ ਹੈ (ਘੰਟੀ)। ਇਸ ਦੇ ਨਾਲ ਹੀ ਜਿਹੜਾ ਅਨਇੰਪਲਾਏਮੈਂਟ ਅਲਾਊਂਸ ਵਿਚ ਵਾਧਾ ਕੀਤਾ ਹੈ, ਇਹ ਵੀ ਬਹੁਤ ਚੰਗਾ ਕੀਤਾ ਹੈ। ਇਸ ਨਾਲ ਉਨ੍ਹਾਂ ਦਾ ਬਹੁਤ ਫਾਇਦਾ ਹੋਇਆ ਹੈ। (ਘੰਟੀ) ਬਸ ਜੀ ਮੈਂ ਖਤਮ ਹੀ ਕਰਨ ਵਾਲਾ ਹਾਂ। ਪੀਲੇ ਕਾਰਡਾਂ ਵਾਸਤੇ ਵੀ ਜਿਹੜਾ ਸਾਡੇ ਵਿੱਤ ਮੰਤਰੀ ਸਾਹਿਬ ਨੇ ਹਰੀਜਨਾਂ ਦੀ ਆਮਦਨ 3,600 ਰੁਪਏ ਤੋਂ ਵਧਾ ਕੇ 6,000 ਰੁਪਏ ਤਕ ਕਰਨ ਦਾ ਫੈਸਲਾ ਕੀਤਾ ਹੈ, ਇਹ ਬਹੁਤ ਹੀ ਸ਼ਲਾਘਾਯੋਗ ਕਦਮ ਹੈ ਔਰ ਅਸੀਂ ਇਨ੍ਹਾਂ ਦਾ ਧੰਨਵਾਦ ਕਰਦੇ ਹਾਂ। ਸਪੀਕਰ ਸਾਹਿਬ, ਇਸ ਦੇ ਨਾਲ ਹੀ ਮੈਂ ਥੋੜੀ ਜਿਹੀ ਸੁਜੈਸ਼ਨ ਦੇਣੀ ਚਾਹੁੰਦਾ ਹਾਂ ਕਿ ਵਿੱਡੋ ਔਰ ਓਲਡ ਏਜ਼ ਪੈਨਸ਼ਨ ਵਿਚ ਜਿਹੜਾ ਫ਼ਰਕ ਰਖਿਆ ਹੈ ਇਸ ਨੂੰ ਖਤਮ ਕਰਨਾ ਚਾਹੀਦਾ ਹੈ। ਵਿਡੋ ਦੀ ਪੈਨਸ਼ਨ 60 ਸਾਲ ਤੇ ਖਤਮ ਹੋ ਜਾਂਦੀ ਹੈ, ਇਸ ਨਾਲ ਉਸ ਨੂੰ ਫਿਰ ਓਲਡ ਏਜ ਪੈਨਸ਼ਨ ਵਾਸਤੇ ਕਾਗਜ਼ ਤਿਆਰ ਕਰਨੇ ਪੈਂਦੇ ਹਨ ਔਰ ਕਾਫੀ ਸਮਾਂ ਲਗ ਜਾਂਦਾ ਹੈ। ਇਸ ਲਈ ਜੇ ਇਹ ਫਰਕ ਖਤਮ ਕਰਕੇ ਉਸਨੂੰ ਪੈਨਸ਼ਨ ਮਿਲਦੀ ਰਹੇ ਤਾਂ ਇਸ ਨਾਲ ਉਨ੍ਹਾਂ ਨੂੰ ਮੁਸ਼ਕਲ ਨਹੀਂ ਰਹੇਗੀ।

ਸਪੀਕਰ ਸਾਹਿਬ, ਸਾਡੇ ਵਿੱਤ ਮੰਤਰੀ ਸਾਹਿਬ ਨੇ ਜਿਹੜੀ ਮੁਲਾਜ਼ਮਾਂ ਨੂੰ ਮਹਿੰਗਾਈ ਦੀ ਕਿਸ਼ਤ ਦਿੱਤੀ ਹੈ, ਇਹ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਇਹ ਮਾਰਚ, 1983 ਤੋਂ ਮੁਲਾਜ਼ਮਾਂ

ਨੂੰ ਦੇ ਦਿੱਤੀ ਹੈ, ਇਸ ਦੇ ਨਾਲ ਹੀ ਰਿਟਾਇਰਮੈਂਟ ਅਤੇ ਡੈਥ ਗਰੈਚੂਅਟੀ 30 ਹਜ਼ਾਰ ਤੋਂ ਵਧਾ ਕੇ 36 ਹਜ਼ਾਰ ਕੀਤੀ ਹੈ, ਇਸ ਨਾਲ ਮੁਲਾਜ਼ਮਾਂ ਨੂੰ ਬਹੁਤ ਫਾਇਦਾ ਹੋਵੇਗਾ। ਇਹ ਕੰਮ ਡਾਕਟਰ ਸਾਹਿਬ ਦੇ ਸਾਰੇ ਹੀ ਸਹਾਰਨਯੋਗ ਹਨ ਅਤੇ ਮੈਂ ਇਸ ਲਈ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ। ਇਸ ਤੋਂ ਇਲਾਵਾ ਮੇਰੇ ਹਲਕੇ ਵਿਚ ਜਿਹੜਾ ਹਿੱਲ ਕੰਪਨਸੇਟਰੀ ਅਲਾਊਂਸ ਵਧਾਇਆ ਹੈ ਅਤੇ $6\frac{1}{2}\%$ ਤੋਂ $12\frac{1}{4}\%$ ਕਰਕੇ ਡਿਸਪੈਰਿਟੀ ਖ਼ਤਮ ਕੀਤੀ ਹੈ। ਇਹ ਬਹੁਤ ਹੀ ਸ਼ਲਾਘਾਯੋਗ ਕੰਮ ਹੈ। ਇਹ ਮੁਲਾਜ਼ਮਾਂ ਦੀ ਕਾਫ਼ੀ ਸਮੇਂ ਦੀ ਮੰਗ ਸੀ। ਇਸ ਲਈ ਅਸੀਂ ਸਰਦਾਰ ਦਰਬਾਰਾ ਸਿੰਘ ਜੀ ਨੂੰ ਮੁਬਾਰਕਬਾਦ ਅਤੇ ਦਿੱਲੀ ਧੰਨਵਾਦ ਦਿੰਦੇ ਹਾਂ ਕਿ ਇਨ੍ਹਾਂ ਨੇ ਉਨ੍ਹਾਂ ਮੁਲਾਜ਼ਮਾਂ ਦਾ ਖਿਆਲ ਰਖਿਆ ਹੈ। ਇਸ ਦੇ ਨਾਲ ਹੀ ਮੈਂ ਇਕ ਅਰਜ਼ ਮੁੱਖ ਮੰਤਰੀ ਜੀ ਨੂੰ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜਾ ਪਿਛੇ ਇਨ੍ਹਾਂ ਨੇ ਸਿਟੀ ਕੰਪਨਸੇਟਰੀ ਅਲਾਊਂਸ 75 ਰੁਪਏ ਤੋਂ 100 ਰੁਪਏ ਕੀਤਾ ਸੀ, ਇਹ ਮੁਲਾਜ਼ਮਾਂ ਨੂੰ ਨਵੇਂ ਗਰੇਡ ਨਾਲ ਦਿੱਤਾ ਗਿਆ ਹੈ। ਇਸ ਲਈ ਮੇਰਾ ਸੁਝਾਵ ਹੈ ਕਿ ਹੁਣ ਕਿਉਂਕਿ ਨਵੇਂ ਗਰੇਡ ਲਾਗੂ ਹੋ ਚੁੱਕੇ ਹਨ ਇਸ ਲਈ ਸਬ ਮਾਊਂਟੇਨ ਏਰੀਏ ਦੇ ਮੁਲਾਜ਼ਮਾਂ ਨੂੰ $6\frac{1}{4}\%$ ਤੋਂ $12\frac{1}{2}\%$ ਕੀਤਾ ਹੈ। ਇਸ ਲਈ ਉਨ੍ਹਾਂ ਨੂੰ ਨਵੇਂ ਗਰੇਡ ਦੇ ਮੁਤਾਬਿਕ ਹੀ ਇਹ ਅਲਾਊਂਸ ਦੇਣਾ ਚਾਹੀਦਾ ਹੈ ਤਾਂਕਿ ਇਹ ਵੀ ਡਿਸਪੈਰਿਟੀ ਖਤਮ ਹੋ ਜਾਵੇ।

ਸ੍ਰੀ ਸਪੀਕਰ : ਤੁਸੀਂ ਬੈਠੋ ਜੀ। ਕਾਮਰੇਡ ਸਰਵਣ ਸਿੰਘ ਜੀ ਨੂੰ ਬੋਲ ਲੈਣ ਦਿਓ।

(ਇਸ ਵੇਲੇ ਕਾਮਰੇਡ ਸਰਵਣ ਸਿੰਘ ਜੀ ਨੇ ਬੋਲਣਾ ਸ਼ੁਰੂ ਕੀਤਾ।)

ਸ੍ਰੀ ਰਾਮ ਪ੍ਰਕਾਸ਼ ਬਾਲੀ : ਬਸ ਜੀ, ਮੈਨੂੰ ਇਕ ਮਿੰਟ ਦੇ ਦਿਓ।

ਸ੍ਰੀ ਸਪੀਕਰ : ਕਾਮਰੇਡ ਸਾਹਿਬ, ਤੁਸੀਂ ਬੈਠੋ, ਇਨ੍ਹਾਂ ਨੂੰ ਇਕ ਮਿੰਟ ਵਿਚ ਖਤਮ ਕਰ ਲੈਣ ਦਿਓ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਚਾਹੁੰਦਾ ਸੀ ਕਿ ਸਾਰੇ ਮਹਿਕਮਿਆਂ ਦੇ ਬਾਰੇ ਥੋੜ੍ਹਾ ਥੋੜ੍ਹਾ ਕਹਾਂ। ਇਹ ਜਿਹੜੀ ਕੋਆਪਰੇਟਿਵ ਮੂਵਮੈਂਟ ਬਾਰੇ ਸਰਦਾਰ ਬੀਰਪਾਲ ਸਿੰਘ ਜੀ ਨੇ ਕਿਹਾ ਹੈ; ਇਹ ਬਹੁਤ ਹੀ ਸਰਾਹਨਾਯੋਗ ਕੰਮ ਹੈ, ਟ੍ਰਾਂਸਪੋਰਟ ਵਿਚ ਵੀ ਜੋ ਵਾਧਾ ਹੋਇਆ ਹੈ, ਇਸ ਨਾਲ ਲੋਕਾਂ ਦੀਆਂ ਤਕਲੀਫਾਂ ਘੱਟੀਆਂ ਹਨ, ਇਸ ਲਈ ਮੈਂ ਟ੍ਰਾਂਸਪੋਰਟ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ। ਸਰਦਾਰੀ ਲਾਲ ਕਪੂਰ ਜੀ ਨੇ ਵੀ ਬੜਾ ਹੀ ਸ਼ਲਾਘਾਯੋਗ ਕੰਮ ਕੀਤਾ ਹੈ। ਇਸ ਦੇ ਨਾਲ ਹੀ ਮੈਂ ਇਹ ਸੁਝਾਵ ਦਿੰਦਾ ਹਾਂ ਕਿ ਅਨੰਦਪੁਰ ਸਾਹਿਬ ਤੋਂ ਲੈ ਕੇ ਭਾਖੜਾ ਡੈਮ ਤਕ ਦਾ ਜਿਹੜੇ ਮੇਰੇ ਨੰਗਲ ਦੇ ਹਲਕੇ ਵਿਚ ਪਿੰਡ ਤੇ ਸ਼ਹਿਰ ਆਉਂਦੇ ਹਨ ਇਸ ਨੂੰ ਤਰੱਕੀ ਦੇ ਹਰ ਪੱਖ ਵਿਚ ਵਾਧਾ ਕਰਕੇ ਇਹੋ ਜਿਹਾ ਡਿਵੈਲਪ ਕੀਤਾ ਜਾਵੇ ਜਿਸ ਤੋਂ ਭਾਰਤ ਦਾ ਸੁੰਦਰ ਨਕਸ਼ਾ ਨਜ਼ਰ ਆਵੇ। ਕਿਉਂਕਿ ਇਥੇ ਸਿਰਫ਼ ਹਿੰਦੁਸਤਾਨ ਤੋਂ ਹੀ ਨਹੀਂ ਬਲਕਿ ਸਾਰੇ ਸੰਸਾਰ ਤੋਂ ਲੋਕ ਆਉਂਦੇ ਹਨ। ਪੰਡਿਤ ਨਹਿਰੂ ਨੇ ਇਸ ਮਕਾਮ ਨੂੰ ਇਕ ਤੀਰਥ ਅਸਥਾਨ ਦਾ ਨਾਮ ਦਿੱਤਾ ਸੀ। ਇਸ ਲਈ ਅੱਜ ਜਿਹੜਾ ਵੀ ਬੰਦਾ ਸੰਸਾਰ ਤੋਂ ਭਾਰਤ ਆਉਂਦਾ ਹੈ ਉਹ ਇਥੇ ਭਾਖੜਾ ਡੈਮ ਦੇਖਣ ਜ਼ਰੂਰ ਆਉਂਦਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਏਰੀਆ ਨੂੰ ਇਕ ਸ਼ਾਨਦਾਰ ਨਮੂਨੇ ਦੇ ਤੌਰ ਤੇ ਬਣਾ ਦੇਣਾ ਚਾਹੀਦਾ ਹੈ ਤਾਂ ਕਿ ਭਾਰਤ ਦੇ ਪਿੰਡਾਂ ਦੇ ਵਿਕਾਸ ਦਾ ਉਹ ਇਕ ਸੁੰਦਰ ਅਕਸ ਦੇਖ ਸਕਣ ਅਤੇ ਇਥੇ ਦੇ ਲੋਕ ਵੀ ਇਸ ਡੈਮ ਦੀਆਂ ਪ੍ਰਾਪਤੀਆਂ ਤੋਂ ਲਾਭ ਉਠਾਉਣ ਇਸ ਦੇ ਨਾਲ ਹੋਰ ਵੀ ਜਿਹੜੇ ਸਾਡੇ ਸਰਕਾਰ ਨੇ ਕੰਮ ਕੀਤੇ ਹਨ ਔਰ ਜੋ ਬਜਟ ਪੇਸ਼ ਕੀਤਾ ਹੈ, ਉਹ ਬਹੁਤ ਹੀ ਚੰਗਾ ਬਜਟ ਹੈ। ਐਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਕਾਮਰੇਡ ਸਰਵਣ ਸਿੰਘ ਧਰਮਕੋਟ : (ਧਰਮਕੋਟ, ਐਸ. ਸੀ.) : ਸਪੀਕਰ ਸਾਹਿਬ, ਇਹ ਜੋ ਕਿਹਾ ਗਿਆ ਹੈ ਕਿ ਇਹ ਟੈਕਸ ਰਹਿਤ ਬਜਟ ਹੈ, ਮੈਂ ਦਸਦਾ ਹਾਂ ਕਿ ਇਹ ਕਿਸ ਤਰ੍ਹਾਂ ਦਾ ਬਜਟ ਹੈ। ਮੈਂ ਸਾਰੀ ਬਜਟ ਸਪੀਚ ਵੀ ਪੜ੍ਹੀ ਹੈ ਅੌਰ ਸਾਰਾ ਗਵਰਨਰ ਐਡਰੈਸ ਵੀ ਪੜ੍ਹਿਆ ਸੀ ਇਸ ਵਿਚ ਕਿਤੇ ਵੀ ਜ਼ਮੀਨੀ ਸੁਧਾਰ ਤਕ ਦਾ ਨਾਂ ਨਹੀਂ ਆਉਂਦਾ। ਇਹ ਜ਼ਮੀਨੀ ਸੁਧਾਰ 20 ਪੁਆਇੰਟ ਪ੍ਰੋਗਰਾਮ ਦੀ ਮੁਢਲੀ ਬੁਨਿਆਦ ਹੈ। ਫਿਰ ਕਿਸਾਨਾਂ ਤੇ ਇਨ੍ਹਾਂ ਨੇ ਹੋਰ ਬੋਝ ਪਾਇਆ ਹੈ। ਇਹ ਕਹਿੰਦੇ ਤਾਂ ਹਨ ਕਿ ਟੈਕਸ ਤੋਂ ਬਿਨਾਂ ਬਜਟ ਹੈ, ਪਰ ਅਸਲ ਵਿਚ ਇਨ੍ਹਾਂ ਨੇ ਕਿਸਾਨਾਂ ਤੇ ਮਾਰਕਿਟ ਫੀਸ ਦੇ ਰਾਹੀਂ 60 ਰੁਪਏ ਕਿੱਲੇ ਦੇ ਹਿਸਾਬ ਨਾਲ ਟੈਕਸ ਲਾ ਦਿੱਤਾ ਹੈ। ਜਿਸ ਕਿਸਾਨ ਨੇ ਇਸ ਪੰਜਾਬ ਦੀ ਕਾਇਆ ਪਲਟ ਦਿੱਤੀ ਸੀ, ਉਸ ਤੇ ਇਨ੍ਹਾਂ ਨੇ ਟੈਕਸ ਲਾਇਆ ਹੈ। ਇਹ ਜਿਹੜੀ ਕਾਇਆ ਪਲਟੀ ਹੈ ਇਹ ਸਰਕਾਰ ਦੇ ਫਾਰਮੂਲੇ ਨਾਲ ਨਹੀਂ ਪਲਟੀ ਗਈ, ਇਹ ਤਾਂ ਕਿਸਾਨ ਦੀ ਮੇਹਨਤ ਨਾਲ ਜਿਸ ਨੇ 24-24 ਘੰਟੇ ਆਪਣੇ ਬੀਵੀ ਬੱਚਿਆਂ ਸਮੇਤ ਖੇਤ ਵਿਚ ਮਿੱਟੀ ਨਾਲ ਮਿੱਟੀ ਹੋ ਕੇ ਦੇਸ਼ ਦੀ ਕਾਇਆ ਪਲਟੀ ਗਈ ਹੈ। ਹੁਣ ਮੈਂ 20 ਪੁਆਇੰਟ ਪ੍ਰੋਗਰਾਮ ਵਲ ਆਉਂਦਾ ਹਾਂ। ਸਪੀਕਰ ਸਾਹਿਬ, ਬੁਢ਼ਾਪਾ ਪੈਨਸ਼ਨ 20 ਪੁਆਇਟ ਪ੍ਰੋਗਰਾਮ ਦਾ ਹਿੱਸਾ ਹੈ, ਪਰ ਇਨ੍ਹਾਂ ਨੇ ਜਿਹੜਾ 15 ਰੁਪਏ ਤੋਂ 50 ਰੁਪਏ ਤਕ ਦਾ ਵਾਧਾ ਕੀਤਾ ਹੈ, ਇਹ ਬਹੁਤ ਥੋੜ੍ਹਾ ਹੈ ਇਹ ਸਰਕਾਰ ਨੂੰ 100 ਰੁਪਏ ਕਰ ਦੇਣਾ ਚਾਹੀਦਾ ਹੈ। ਇਸ ਦੇ ਨਾਲ ਜਿਹੜਾ ਇਹ ਜ਼ਿਲ੍ਹਿਆਂ ਵਿਚ ਦਫ਼ਤਰ ਲੈ ਗਏ ਹਨ, ਉਹ ਜਿਹੜੇ ਜ਼ਿਲ੍ਹਿਆਂ ਵਿਚ ਗਏ ਹਨ, ਉਹ ਕੋਈ ਕੰਮ ਨਹੀਂ ਕਰਦੇ। ਸਾਰਾ ਦਿਨ ਸਾਈਕਲਾਂ ਤੇ ਤੁਰੇ ਫਿਰਦੇ ਰਹਿੰਦੇ ਹਨ ਅੌਰ ਲੋਕਾਂ ਨੂੰ 3-3 ਮਹੀਨੇ ਪੈਨਸ਼ਨ ਨਹੀਂ ਮਿਲਦੀ। ਇਸ ਵਲ ਵੀ ਸਰਕਾਰ ਨੂੰ ਜਲਦੀ ਧਿਆਨ ਦੇਣਾ ਚਾਹੀਦਾ ਹੈ।

ਇਥੇ ਹੀ ਬਸ ਨਹੀਂ ਇਥੇ ਕਿਹਾ ਗਿਆ ਹੈ ਕਿ 20 ਲੱਖ 28 ਹਜ਼ਾਰ ਪਲਾਟ ਲੋਕਾਂ ਵਿਚ ਵੰਡੇ ਗਏ ਹਨ। ਮੈਂ ਤੁਹਾਨੂੰ ਦੱਸਣਾ ਚਾਹਵਾਂਗਾ ਕਿ ਇਹ ਕਿਥੇ ਪਲਾਟ ਦਿੱਤੇ ਗਏ ਹਨ। ਮੇਰੇ ਹਲਕੇ ਵਿਚ ਫਤਹਿਗੜ੍ਹ ਪਿੰਡ ਤੋਂ ਇਕ ਮੀਲ ਦੂਰ ਜਾਕੇ ਪਲਾਟ ਦਿੱਤੇ ਹਨ ਜਿਥੇ ਕੋਈ ਜਾਣਾ ਨਹੀਂ ਚਾਹੁੰਦਾ। ਮੰਗਆਣੀ ਛਾਉਣੀ ਵਿਚ ਉਨ੍ਹਾਂ ਗਰੀਬਾਂ ਨੂੰ ਸਿਵਿਆਂ ਵਿਚ ਜਾਕੇ ਪਲਾਟ ਦਿੱਤੇ ਹਨ। ਕੋਈ ਮਰੇ ਤਾਂ ਉਨ੍ਹਾਂ ਨੂੰ ਉਥੇ ਛੋੜ ਆਉਂਦਾ ਹੈ ਪਰ ਇਨ੍ਹਾਂ ਨੇ ਤਾਂ ਉਨ੍ਹਾਂ ਨੂੰ ਜੀਉਂਦੇ ਹੋਇਆਂ ਨੂੰ ਵੀ ਸਿਵਿਆਂ ਵਿਚ ਬੈਠਾ ਦਿੱਤਾ ਹੈ। ਕਈਆਂ ਨੂੰ ਤਾਂ ਛੱਪੜਾਂ ਵਿਚ ਪਲਾਟ ਦਿੱਤੇ ਹਨ, ਮੇਰੇ ਹਲਕੇ ਵਿਚ ਜਿਨ੍ਹਾਂ ਨੂੰ ਛਪੜਾਂ ਵਿਚ ਪਲਾਟ ਦਿਤੇ ਹਨ ਉਥੇ ਰਾਮਦਾਸੀਆਂ ਦੇ ਲੜਕੇ ਦਾ ਕਤਲ ਹੋਇਆ ਸੀ। ਇਸੇ ਤਰ੍ਹਾਂ ਮਾਨਰਵਾ ਵਿਚ ਪਿੰਡ ਤੋਂ ਡੇਢ ਕਿਲੋਮੀਟਰ ਤੇ ਜਾਕੇ ਪਲਾਟ ਦਿੱਤੇ ਹਨ। ਫਿਰ ਸਪੀਕਰ ਸਾਹਿਬ, ਕਾਲੋਨੀਆਂ ਦਾ ਮਸਲਾ ਹੈ ਜਿਹੜੀਆਂ ਕਲੋਨੀਆਂ ਬਣਾਈਆਂ ਹਨ, ਉਹ ਇਸ ਤਰ੍ਹਾਂ ਹਨ ਕਿ ਜਿਵੇਂ ਤੁਸੀਂ ਚੰਡੀਗੜ੍ਹ ਤੋਂ ਜਾਂਦੇ ਹੋਏ ਦੇਖਦੇ ਹੋ ਕਿ ਕੁੱਕੜਖਾਨੇ ਬਣੇ ਹੋਏ ਹਨ। ਉਹ ਕਾਲੋਨੀਆਂ ਇਨਸਾਨਾਂ ਦੇ ਰਹਿਣ ਵਾਸਤੇ ਨਹੀਂ। ਉਥੇ ਤਾਂ ਕੁੱਕੜਾਂ ਦੀ ਤਰ੍ਹਾਂ ਉਨ੍ਹਾਂ ਨੂੰ ਰਖਿਆ ਗਿਆ ਹੈ। ਸਰਕਾਰ ਨੇ ਪੱਛੜੇ ਵਰਗਾਂ ਦੇ ਲੋਕਾਂ ਲਈ 5-5 ਕਿਲੇ ਜ਼ਮੀਨਾਂ ਕਾਰਪੋਰੇਸ਼ਨ ਦੇ ਰਾਹੀਂ ਲੈ ਕੇ ਦੇਣੀਆਂ ਹਨ ਪਰ ਕਾਰਪੋਰੇਸ਼ਨ ਦੇ ਰਾਹੀਂ ਉਨ੍ਹਾਂ ਨੂੰ ਕਰਜ਼ਾ 35 ਹਜ਼ਾਰ ਰੁਪਿਆ ਮਿਲਣਾ ਹੈ, ਜਦ ਕਿ ਇਕ ਕਿਲੇ ਦੀ ਕੀਮਤ 90 ਹਜ਼ਾਰ ਰੁਪਏ ਤੋਂ ਘੱਟ ਨਹੀਂ ਹੈ। ਇਸ ਦਾ ਮਤਲਬ ਇਹ ਹੋਇਆ ਕਿ ਨਾ ਉਹ 5 ਕਿਲੇ ਜ਼ਮੀਨ ਖਰੀਦ ਸਕੇ ਅਤੇ ਨਾ ਕਾਰਪੋਰੇਸ਼ਨ ਤੋਂ ਕਰਜ਼ਾ ਲੈ ਸਕੇ। 'ਨਾ ਨੌ ਮਣ ਤੇਲ ਹੋਵੇ ਨਾ ਰਾਧਾ ਨੱਚੇਗੀ'। ਦੂਜੀ ਗੱਲ ਸਰਕਾਰ ਨੇ ਜਿਹੜਾ 3 ਕਿਲੇ ਜ਼ਮੀਨ ਖਰੀਦੇਗਾ ਉਸ ਨੂੰ 5 ਹਜ਼ਾਰ ਰੁਪਏ ਦੀ ਗਰਾਂਟ ਦੇਣੀ ਹੈ, ਪਰ ਇਹ ਤਾਂ ਗਰੀਬ ਅਤੇ ਕਮਜ਼ੋਰ ਵਰਗਾਂ ਦੇ ਨਾਲ ਇਕ ਮਜ਼ਾਕ ਵਾਲੀ ਗਲ ਹੈ। ਸਰਕਾਰ ਅਗਰ ਉਨ੍ਹਾਂ ਦੀ ਮੱਦਦ ਕਰਨਾ ਚਾਹੁੰਦੀ ਹੈ ਤਾਂ ਉਨ੍ਹਾਂ ਨੂੰ ਅੱਧੋ ਅਧੀ ਗ੍ਰਾਂਟ ਦਿਤੀ ਜਾਵੇ। ਪੀਲੇ ਕਾਰਡਾਂ ਵਾਲਿਆਂ

ਨੂੰ ਇਥੇ ਕਿਹਾ ਗਿਆ ਹੈ ਕਿ ਬੜੀਆਂ ਸਸਤੀਆਂ ਚੀਜ਼ਾਂ ਮਿਲਦੀਆਂ ਹਨ। ਪਰ ਮੈਂ ਦਸਦਾ ਹਾਂ ਕਿ ਉਨ੍ਹਾਂ ਨੂੰ ਗਲੀ ਸੜੀ ਹੋਈ ਕਣਕ ਦਾ ਆਟਾ 2 ਜਾਂ ਢਾਈ ਰੁਪਏ ਕਿਲੋ ਤੋਂ ਘੱਟ ਨਹੀਂ ਮਿਲਦਾ ਹੈ ਅਤੇ ਕਪੜਾ ਉਹ ਮਿਲਦਾ ਹੈ ਜਿਸਨੂੰ ਕੋਈ ਨਹੀਂ ਚੁਕਦਾ ਅਤੇ ਨਾ ਕਪੜੇ ਧੋਣ ਵਾਸਤੇ ਸਾਬਨ ਮਿਲਦਾ ਹੈ। ਸਾਡੀ ਕੋਆਪਰੇਟਿਵ ਸੋਸਾਇਟੀ ਵਿਚ ਜਿਹੜਾ ਕਪੜਾ ਆਇਆ ਸੀ, ਉਸ ਨੂੰ ਚੂਹੇ ਖਾ ਗਏ, ਗਰੀਬ ਦੇ ਕਪੜੇ ਨੂੰ ਵੀ ਚੂਹੇ ਖਾ ਜਾਂਦੇ ਹਨ। (ਸ੍ਰੀ ਰਾਮ ਪ੍ਰਕਾਸ਼ ਬਾਲੀ ਵਲੋਂ ਵਿਘਨ) ਮੇਰੇ ਹਲਕੇ ਵਿਚ ਪਿੰਡ ਡਬੂਵਾਲ ਹੈ, ਇਹ ਪਿੰਡ ਦੇ ਸਾਰੇ ਲੋਕ ਬਹੁਤ ਸ਼ਰੀਫ ਹਨ ਪਰ ਉਥੇ ਪੁਲਿਸ ਨੇ ਛਾਪੇ ਮਾਰੇ ਅਤੇ ਲੋਕਾਂ ਨੂੰ ਤੰਗ ਕੀਤਾ ਗਿਆ ਔਰ ਇਸ ਦੀ ਇਨਕੁਆਇਰੀ ਹੋਈ ਅਤੇ ਇਨਕੁਆਇਰੀ ਤੋਂ ਬਾਦ ਰਿਪੋਰਟ ਥਾਣੇ ਵਿਚ ਦਰਜ ਕਰਾਈ ਗਈ ਰਿਪੋਰਟ ਦੀ ਕਾਪੀ ਮੇਰੇ ਕੋਲ ਹੈ। ਇਸ ਸਾਰੇ ਮਾਮਲੇ ਨੂੰ ਸਰਕਾਰ ਨੂੰ ਦੇਖਣਾ ਚਾਹੀਦਾ ਹੈ ਅਤੇ ਚੌਂਕੀਦਾਰ ਨੂੰ ਐਵੇਂ ਹੀ ਰਗੜਦੇ ਰਹਿੰਦੇ ਹਨ। ਬੇਟ ਏਰੀਆ ਸਿਧਵਾਂ ਤੋਂ ਲੈ ਕੇ ਹਰੀਕੇ ਤੱਕ ਐਨੀਮਲ ਹਸਬੈਂਡਰੀ ਦਾ ਕੋਈ ਹਸਪਤਾਲ ਨਹੀਂ ਹੈ। ਇਥੇ ਡਿਸਪੈਂਸਰੀਆਂ ਸਰਕਾਰ ਨੂੰ ਖੋਲ੍ਹਣੀਆਂ ਚਾਹੀਦੀਆਂ ਹਨ ਤਾਂ ਕਿ ਉਥੇ ਦੇ ਲੋਕ ਆਪਣੇ ਪਸ਼ੂਆਂ ਦਾ ਇਲਜ ਕਰਵਾ ਸਕਣ ਅਤੇ ਜਿਹੜੀ ਉਥੇ ਪਸ਼ੂਆਂ ਵਾਸਤੇ ਪੂਠੇ ਮਿਲਦੇ ਹਨ ਉਹ ਠੀਕ ਨਹੀਂ ਹੁੰਦੇ ਹਨ ਅਤੇ ਉਸ ਨਾਲ ਪਸ਼ੂ ਬਿਮਾਰ ਪੈ ਜਾਂਦੇ ਹਨ। ਮੇਰੇ ਹਲਕੇ ਵਿਚ ਸਤਲੁਜ ਨਹਿਰ ਦਾ ਬੰਧ ਹੈ ਜਿਸ ਤਰ੍ਹਾਂ ਹੀਰੋ ਸਾਹਿਬ ਨੇ ਪਹਿਲਾਂ ਜ਼ਿਕਰ ਕੀਤਾ ਸੀ ਇਹ ਬੰਧ ਟੁੱਟਣ ਵਾਲਾ ਹੈ। ਅਗਰ ਇਸ ਵਲ ਸਰਕਾਰ ਨੇ ਧਿਆਨ ਨਾ ਦਿਤਾ ਤਾਂ ਫਿਰ ਉਥੇ 1978 ਵਾਲਾ ਹਾਲ ਹੋ ਜਾਣਾ ਹੈ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਬੰਧ ਵਲ ਖਾਸ ਧਿਆਨ ਦੇਵੇ। ਦੂਜਾ ਇਕ ਜੱਸੋਵਾਲ ਡਰੇਨ ਹੈ ਇਥੇ ਇਸ ਪੁਲ ਨੂੰ ਬਣਾ ਦਿਤਾ ਜਾਵੇ ਤਾਂਕਿ ਸਾਡੇ ਖੇਤਾਂ ਨੂੰ ਨੁਕਸਾਨ ਨਾ ਪਹੁੰਚੇ ਅਤੇ ਸਰਕਾਰ ਦਾ ਨੁਕਸਾਨ ਵੀ ਨਾ ਹੋਵੇ। (ਵਿਘਨ)

ਕਾਮਰੇਡ ਬਲਦੇਵ ਸਿੰਘ ਲੂੰਬਾ (ਸੁਤਰਾਣਾ, ਐਸ. ਸੀ.): ਸਪੀਕਰ ਸਾਹਿਬ ਬਹੁਤ ਅੱਛੀ ਗੱਲ ਹੈ ਕਿ ਸਰਕਾਰ ਨੇ ਇਸ ਬਜਟ ਵਿਚ ਕੁਝ ਰਿਆਇਤਾਂ ਦਾ ਐਲਾਨ ਕੀਤਾ ਹੈ, ਜਿਸ ਤਰ੍ਹਾਂ ਪੈਨਸ਼ਨ ਦੇਣ ਦਾ ਹੈ ਇੰਪਲਾਈਜ਼ ਨੂੰ ਡੀ. ਏ. ਦੀ ਕਿਸ਼ਤ ਦੇਣੀ ਹੈ। ਜਿਹੜੇ ਸ਼ਲਾਘਾਯੋਗ ਕਦਮ ਸਰਕਾਰ ਨੇ ਚੁੱਕੇ ਹਨ, ਉਨ੍ਹਾਂ ਦੇ ਲਈ ਸਰਕਾਰ ਵਧਾਈ ਦੀ ਪਾਤਰ ਹੈ। ਪੰਜਾਬ ਵਿਚ ਜੋ ਪਿਛਲੇ ਕਾਫੀ ਸਮੇਂ ਤੋਂ ਹਾਲਾਤ ਚਲ ਰਹੇ ਹਨ ਉਸ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਇਹ ਭਾਵੇਂ ਪੰਜਾਬ ਦਾ ਮਸਲਾ ਹੋਵੇ ਚਾਹੇ ਆਸਾਮ ਦਾ ਮਸਲਾ ਹੋਵੇ ਜਾਂ ਕਿਸੇ ਹੋਰ ਸੂਬੇ ਦਾ ਮਸਲਾ ਹੋਵੇ, ਇਨ੍ਹਾਂ ਐਜੀਟੇਸ਼ਨਾਂ ਦੇ ਪਿਛੇ ਅਮਰੀਕਨ ਇੰਪੀਰਿਲਲਿਜ਼ਮ ਦਾ ਰੋਲ ਹੁੰਦਾ ਹੈ, ਜਿਹੜਾ ਹਿੰਦੁਸਤਾਨ ਨੂੰ ਕਮਜ਼ੋਰ ਕਰਨਾ ਚਾਹੁੰਦਾ ਹੈ ਅਤੇ ਇਸਦੀ ਤਾਕਤ ਨੂੰ ਘੱਟ ਕਰਨਾ ਚਾਹੁੰਦਾ ਹੈ ਤਾਂਕਿ ਇਸ ਦੇ ਟੁਕੜੇ ਟੁਕੜੇ ਹੋ ਜਾਣ। ਇਨ੍ਹਾਂ ਐਜੀਟੇਸ਼ਨਾਂ ਦੇ ਪਿਛੇ ਜਿਹੜੀਆਂ ਏਜੰਸੀਆਂ ਦੇ ਏਜੰਟ ਕੰਮ ਕਰ ਰਹੇ ਹਨ, ਉਨ੍ਹਾਂ ਦੀ ਮਨਸਾ ਹਿੰਦੁਸਤਾਨ ਨੂੰ ਕਮਜ਼ੋਰ ਕਰਨ ਦੀ ਹੈ। ਮੇਰੀ ਪਾਰਟੀ ਦਾ ਖਿਆਲ ਹੈ ਕਿ ਇਨ੍ਹਾਂ ਤਾਕਤਾਂ ਦੇ ਵਿਰੁੱਧ ਸਖਤੀ ਤੋਂ ਕੰਮ ਲੈਣਾ ਚਾਹੀਦਾ ਹੈ ਔਰ ਇਨ੍ਹਾਂ ਦੀ ਕਮਰ ਨੂੰ ਤੋੜਨਾ ਚਾਹੀਦਾ ਹੈ। ਕਾਫੀ ਸਮੇਂ ਪਹਿਲੇ ਇਸ ਅਸੈਂਬਲੀ ਨੇ ਟਰਾਂਸਪੋਰਟ ਨੂੰ ਨੇਸ਼ਨੇਲਾਈਜ਼ ਕਰਨ ਦਾ ਮਤਾ ਸਰਬ ਸੰਮਤੀ ਨਾਲ ਪਾਸ ਕੀਤਾ ਸੀ, ਜਿਹੜਾ ਹਾਲੇ ਤਕ ਫਾਈਲਾਂ ਵਿਚ ਹੀ ਹੈ ਅਤੇ ਉਸ ਤੇ ਅਮਲ ਨਹੀਂ ਕੀਤਾ ਗਿਆ ਹੈ। ਇਸ ਪੰਜਾਬ ਦੀ ਐਜੀਟੇਸ਼ਨ ਵਿਚ ਉਹ ਤਾਕਤਾਂ ਕੰਮ ਕਰ ਰਹੀਆਂ ਹਨ, ਜਿਹੜੀਆਂ ਟਰਾਂਸਪੋਰਟ ਦਾ ਬਿਜ਼ਨੈਸ ਕਰਦੇ ਹਨ ਅਤੇ ਕਰੋੜਾਂ ਰੁਪਏ ਕਮਾ ਰਹੇ ਹਨ ਅਤੇ ਉਹ ਇਸ ਐਜੀਟੇਸ਼ਨ ਵਿਚ ਪੈਸਾ ਲਗਾ ਰਹੇ ਹਨ ਔਰ ਅਗਰ ਨੈਸ਼ਨੇਲਾਈਜੇਸ਼ਨ ਆਫ ਟਰਾਂਸਪੋਰਟ ਕਰ ਦਿੱਤੀ ਜਾਵੇ ਤਾਂ ਉਨ੍ਹਾਂ ਦੀ ਤਾਕਤ ਨੂੰ ਕਮਜ਼ੋਰ ਕੀਤਾ ਜਾ ਸਕਦਾ ਹੈ। ਇਸ ਨੂੰ ਨੈਸ਼ਨੇਲਾਈਜ਼ ਕਰਨ ਦੇ ਨਾਲ ਜਿਹੜੇ ਸਰਕਾਰ ਨੂੰ ਗਰੀਬ ਕਿਸਾਨਾਂ ਤੇ ਕਰੋੜਾਂ ਰੁਪਏ ਦੇ ਟੈਕਸ ਲਗਾਉਣ ਦੀ

[ਕਾਮਰੇਡ ਬਲਦੇਵ ਸਿੰਘ ਲੂੰਬਾ]

ਲੋੜ ਪੈਂਦੀ ਹੈ, ਉਹ ਨਹੀਂ ਪਵੇਗੀ। ਇਸ ਦੇ ਨਾਲ ਇਸ ਦੇ ਵਿਚ ਵੱਡੇ ਵੱਡੇ ਜਾਗੀਰਦਾਰ ਸ਼ਾਮਲ ਹਨ, ਜਿਨ੍ਹਾਂ ਕੋਲ 30 ਸਟੈਂਡਰਡ ਏਕੜ ਤੋਂ ਜ਼ਿਆਦਾ ਜ਼ਮੀਨਾਂ ਹਨ ਜਦ ਕਿ 30 ਸਟੈਂਡਰਡ ਏਕੜ ਦਾ ਕਾਨੂੰਨ ਪਾਸ ਹੋ ਚੁੱਕਾ ਹੈ ਅਤੇ ਇਸ ਦੇ ਨਾਲ ਉਨ੍ਹਾਂ ਕੋਲ ਜ਼ਮੀਨਾਂ ਯੂ. ਪੀ., ਹਰਿਆਣਾ, ਰਾਜਸਥਾਨ ਵਗੈਰਾ ਪੰਜਾਬ ਵਿਚ ਵੀ ਹਨ। ਇਹ ਜ਼ਮੀਨਾਂ ਤੇ ਕਬਜ਼ਾ ਸਰਕਾਰ ਕਰ ਸਕਦੀ ਹੈ। ਟਰਾਂਸਪੋਰਟ ਵਿਚ ਜਦ ਹਰਿਆਣਾ ਸਰਕਾਰ ਕਮਾ ਸਕਦੀ ਹੈ, ਫੇਰ ਪੰਜਾਬ ਸਰਕਾਰ ਕਿਉਂ ਘਾਟਾ ਖਾਵੇ। ਸਰਕਾਰ ਇਸ ਤਰ੍ਹਾਂ ਕਦਮ ਚੁੱਕ ਕੇ ਉਨ੍ਹਾਂ ਤੇ ਸੱਟ ਮਾਰ ਸਕਦੀ ਹੈ। ਇਨ੍ਹਾਂ ਜਾਗੀਰਦਾਰਾਂ ਕੋਲ 5/5 ਹਜਾਰ 3–3 ਹਜ਼ਾਰ ਏਕੜ ਜ਼ਮੀਨਾਂ ਹਨ। ਇਹ ਹੀ ਤਾਕਤਾਂ ਹਨ ਜਿਹੜੀਆਂ ਪੰਜਾਬ ਵਿਚ ਇਨ੍ਹਾਂ ਐਜੀਟੇਸ਼ਨਾਂ ਨੂੰ ਸਪੋਰਟ ਕਰ ਰਹੀਆਂ ਹਨ।

ਸਪੀਕਰ ਸਾਹਿਬ, ਉਨ੍ਹਾਂ ਕੋਲ ਪੈਸਿਆਂ ਦੀ ਕੋਈ ਥੁੜ੍ਹ ਨਹੀਂ ਹੁੰਦੀ। ਦੂਜੇ ਪਾਸੇ ਉਹ ਲੋਕ ਕਾਨੂੰਨ ਦੀ ਉਲੰਘਣਾ ਕਰ ਰਹੇ ਹਨ। ਸਪੀਕਰ ਸਾਹਿਬ, ਮੈਂ ਇਹ ਨਹੀਂ ਕਹਿੰਦਾ ਕਿ ਤੁਸੀਂ ਪੀਲੇ ਕਾਰਡ ਵਾਲਿਆਂ ਨੂੰ ਜਾਂ ਛੋਟੇ ਮੋਟੇ ਆਦਮੀਆਂ ਨੂੰ ਛੇੜੋ। ਤੁਸੀਂ ਸਿਰਫ ਪੰਜਾਬ ਵਿਚ 50–55 ਘਰਾਣੇ ਚੁਣ ਲਓ, ਜਿਸ ਤਰ੍ਹਾਂ ਕਿ ਹਰਿਆਣੇ ਵਿਚ ਮੁੱਖ ਮੰਤਰੀ, ਚੋਧਰੀ ਭਜਨ ਲਾਲ ਜੀ ਨੇ ਸਰਸੇ ਵਿਚ ਹੀ ਇਕ ਬੰਦੇ ਕੋਲੋਂ 900 ਕੈਨਾਲ ਜ਼ਮੀਨ ਲੈ ਕੇ ਗਰੀਬਾਂ ਵਿਚ ਵੰਡੀ ਹੈ। ਤੁਹਾਨੂੰ ਵੀ ਇਸੇ ਤਰ੍ਹਾਂ ਪੰਜਾਬ ਵਿਚ ਕਰਨਾ ਚਾਹੀਦਾ ਹੈ। ਸਿਰਫ 40–50 ਘਰ ਚੁਣ ਲਓ ਅਤੇ ਉਨ੍ਹਾਂ ਕੋਲੋਂ ਜ਼ਮੀਨ ਲੈ ਕੇ ਗਰੀਬ ਕਿਸਾਨਾਂ ਦੇ ਵਿਚਕਾਰ ਵੰਡ ਦਿਓ ਤਾਂ ਇਸ ਨਾਲ ਸਾਰੇ ਮਸਲੇ ਹੱਲ ਹੋ ਜਾਣਗੇ ਅਤੇ ਵੱਖਵਾਦੀਆਂ ਦੇ ਹੌਂਸਲੇ ਵੀ ਨਹੀਂ ਵਧਣਗੇ। ਉਹ ਵੱਖਵਾਦੀ ਜਿਹੜੇ ਕਿ ਦੇਸ਼ ਨੂੰ ਵੰਡਣਾ ਚਾਹੁੰਦੇ ਹਨ, ਉਨ੍ਹਾਂ ਦੇ ਹੌਂਸਲੇ ਵੀ ਟੁੱਟ ਜਾਣਗੇ। ਸਪੀਕਰ ਸਾਹਿਬ, 1977 ਵਿਚ ਜਦੋਂ ਸਰਦਾਰ ਬੇਅੰਤ ਸਿੰਘ ਸਾਡੇ ਨਾਲ ਆਪੋਜ਼ੀਸ਼ਨ ਵਿਚ ਬੈਠੇ ਸਨ ਤਾਂ ਇਹ ਉਸ ਵੇਲੇ ਇਸ ਇਸ਼ੂ ਤੇ ਸਾਡੇ ਨਾਲ ਸਨ ਕਿ ਕਿਸਾਨਾਂ ਦੀ ਫਸਲ ਦੀ ਬੀਮਾ ਸਕੀਮ ਚਾਲੂ ਹੋਣੀ ਚਾਹੀਦੀ ਹੈ। ਉਸ ਵੇਲੇ ਸਪੀਕਰ ਸਾਹਿਬ, ਇਹ ਸਾਡੀ ਸਪੋਟ ਕਰਦੇ ਸਨ, ਪਰ ਉਸ ਵੇਲੇ ਅਕਾਲੀ ਨਹੀਂ ਸਨ ਮੰਨਦੇ। ਹੁਣ ਜਦੋਂ ਕਿ ਸਰਦਾਰ ਬੇਅੰਤ ਸਿੰਘ ਜੀ ਖੁਦ ਮਨਿਸਟਰ ਬਣ ਗਏ ਹਨ ਅਤੇ ਕੈਬਨਿਟ ਮੰਤਰੀ ਹਨ, ਪਰ ਹੁਣ ਇਹ ਵੀ ਨਹੀਂ ਮੰਨਦੇ। ਇਸ ਲਈ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਕਹਾਂਗਾ ਕਿ ਤੁਸੀਂ ਕਿਸਾਨਾਂ ਦੀ ਫਸਲ ਬੀਮਾ ਸਕੀਮ ਚਾਲੂ ਕਰੋ। ਪੰਜਾਬ ਦੇ ਗਰੀਬ ਕਿਸਾਨ ਦੀ ਫਸਲ ਹੜ੍ਹਾਂ ਨਾਲ ਤਬਾਹ ਹੋ ਜਾਂਦੀ ਹੈ। ਕਦੇ ਸੋਕੇ ਨਾਲ ਤਬਾਹ ਹੋ ਜਾਂਦੀ ਹੈ। ਕਦੇ ਕੋਈ ਹੋਰ ਦੁਰਘਟਨਾ ਵਾਪਰ ਜਾਂਦੀ ਹੈ। ਜੇਕਰ ਇਹੀ ਫਸਲ ਚਾਰ ਦਿਵਾਰੀ ਵਿਚ ਕਿਸੇ ਹੋਰ ਕੋਲ ਚਲੀ ਜਾਵੇ ਤਾਂ ਉਸ ਨੂੰ ਸਭ ਕੁਝ ਮਿਲ ਜਾਂਦਾ ਹੈ। ਇਸ ਨੂੰ ਪੰਜਾਬ ਸਰਕਾਰ ਨੂੰ ਗੰਭੀਰਤਾ ਦੇ ਨਾਲ ਸੋਚਣਾ ਚਾਹੀਦਾ ਹੈ ਇਸ ਨਾਲ ਕਿਸਾਨਾਂ ਦਾ ਬੜਾ ਹੀ ਜ਼ਿਆਦਾ ਨੁਕਸਾਨ ਹੁੰਦਾ ਹੈ। ਇਸ ਲਈ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਕਹਾਂਗਾ ਕਿ ਕਿਸਾਨਾਂ ਦੀ ਫਸਲ ਦੀ ਬੀਮਾ ਸਕੀਮ ਲਾਗੂ ਹੋਣੀ ਚਾਹੀਦੀ ਹੈ ਤਾਂਕਿ ਜਿਹੜਾ ਕਿਸਾਨ ਦਾ ਨੁਕਸਾਨ ਹੁੰਦਾ ਹੈ, ਉਸ ਤੋਂ ਬਚਾ ਹੋ ਸਕੇ।

ਸਪੀਕਰ ਸਾਹਿਬ, ਸਾਡੀ ਪੰਜਾਬ ਸਰਕਾਰ ਪੀਲੇ ਕਾਰਡ ਵਾਲਿਆਂ ਨੂੰ ਬਿਨਾਂ ਵਿਆਜ ਤੋਂ ਲੋਨ ਦਿੰਦੀ ਹੈ। ਇਹ ਗਵਰਨਰ ਸਾਹਿਬ ਦੇ ਐਡਰੈਸ ਵਿਚ ਵੀ ਜ਼ਿਕਰ ਕੀਤਾ ਗਿਆ ਸੀ ਅਤੇ ਬਜਟ ਵਿਚ ਵੀ ਇਸ ਦਾ ਬਹੁਤ ਜ਼ਿਕਰ ਕੀਤਾ ਗਿਆ ਸੀ। ਬਜਟ ਵਿਚ ਲਿਖਿਆ ਹੈ ਕਿ ਅਸੀਂ ਗਰੀਬਾਂ ਲਈ ਇਤਨੇ ਕਰੋੜ ਰੁਪਿਆ ਵੰਡ ਦਿਤਾ ਹੈ। ਮੈਂ ਸਰਕਾਰ ਦੇ ਧਿਆਨ ਵਿਚ ਇਕ ਚੀਜ਼ ਲਿਆਉਣਾ ਚਾਹੁੰਦਾ ਹਾਂ ਕਿ ਇਹ ਕਰੋੜਾਂ ਰੁਪਏ ਗਰੀਬ ਲੋਕਾਂ ਕੋਲ ਨਹੀਂ ਗਏ। ਇਨ੍ਹਾਂ ਨੇ ਤਾਂ ਰੁਪਿਆ

ਮਨਜ਼ੂਰ ਕਰ ਦਿਤਾ ਪਰ ਜਿਹੜੀਆਂ ਏਜੰਸੀਆਂ ਰੁਪਿਆ ਦਿੰਦੀਆਂ ਹਨ, ਉਨ੍ਹਾਂ ਦਾ ਕੀ ਹਾਲ ਹੈ ਉਹ ਮੈਂ ਦਸਦਾ ਹਾਂ ? ਜਦੋਂ ਗਰੀਬ ਲੋਕ ਬੈਂਕਾਂ ਦੇ ਮਨੇਜਰ ਕੋਲ ਲੋਨ ਲੈਣ ਲਈ ਜਾਂਦੇ ਹਨ ਤਾਂ ਬੈਂਕਾਂ ਦਾ ਮੈਨੇਜਰ ਕਹਿੰਦਾ ਹੋ ਕਿ ਤੂੰ ਮੂੰਹ ਵਿਚ ਇਲੈਚੀ ਪਾਕੇ ਆਇਆ ਹੈਂ । ਭਾਵੇਂ ਸਾਰੇ ਮੈਨੇਜਰ ਤਾਂ ਬੁਰੇ ਨਹੀਂ ਹੁੰਦੇ ਪਰ ਇਕ ਦੋ ਨੂੰ ਛੱਡ ਕੇ ਕੋਈ ਵੀ ਮੈਨੇਜਰ ਰਿਸ਼ਵਤ ਤੋਂ ਬਗੈਰ ਕੰਮ ਨਹੀਂ ਕਰਦਾ। ਇਸ ਲਈ ਸਪੀਕਰ ਸਾਹਿਬ, ਮੇਰੀ ਪੰਜਾਬ ਸਰਕਾਰ ਨੂੰ ਰਾਏ ਹੈ ਕਿ ਇਹ ਰੁਪਿਆ ਸਰਕਾਰ ਸਿਧਾ ਆਪ ਵੰਡੇ। ਇਹ ਰੁਪਿਆ ਸਰਕਾਰ ਵਲੋਂ ਤਾਂ ਮਨਜ਼ੂਰ ਹੋ ਜਾਂਦਾ ਹੈ, ਪਰ ਅਗੇ ਗਰੀਬਾਂ ਤਕ ਇਹ ਰੁਪਿਆ ਨਹੀਂ ਪਹੁੰਚਦਾ। ਮੇਰੀ ਪਾਰਟੀ ਦੀ ਵੀ ਇਹੋ ਰਾਏ ਹੈ ਕਿ ਇਹ ਸਿਸਟਮ ਬੰਦ ਹੋਣਾ ਚਾਹੀਦਾ ਹੈ। ਇਹ ਰੁਪਿਆ ਪੰਜਾਬ ਸਰਕਾਰ ਨੂੰ ਆਪ ਡਿਸਟਰੀਬਿਊਟ ਕਰਨਾ ਚਾਹੀਦਾ ਹੈ। ਇਸ ਲਈ ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ, ਸਰਦਾਰ ਦਰਬਾਰਾ ਸਿੰਘ ਜੀ ਨੂੰ ਕਹਾਂਗਾ ਕਿ ਇਸ ਤਰ੍ਹਾਂ ਕਰਨ ਨਾਲ ਪੰਜਾਬ ਦੇ ਗਰੀਬ ਲੋਕਾਂ ਦਾ ਭਲਾ ਹੋਵੇਗਾ। ਜੇਕਰ ਬੈਂਕਾਂ ਵਾਲਾ ਸਿਸਟਮ ਸਰਕਾਰ ਨੇ ਨਹੀਂ ਬਦਲਿਆ ਤਾਂ ਲੋਕ ਬੈਂਕਾਂ ਵਾਲਿਆਂ ਨੂੰ ਨਹੀਂ ਕਹਿੰਦੇ ਕਿ ਉਹ ਖਰਾਬ ਹਨ ਬਲਿਕ ਲੋਕ ਤਾਂ ਕਹਿੰਦੇ ਹਨ ਕਿ ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ, ਜੀ ਖਰਾਬੀ ਕਰ ਰਹੇ ਹਨ।

ਸ੍ਰੀ ਸਪੀਕਰ : ਤੁਸੀਂ ਵਾਈਂਡ ਅਪ ਕਰੋ ਜੀ।

ਕਾਮਰੇਡ ਬਲਦੇਵ ਸਿੰਘ ਲੁੰਬਾ : ਸਪੀਕਰ ਸਾਹਿਬ, ਮੈਂ ਵਾਈਂਡ ਅਪ ਹੀ ਕਰਦਾ ਹਾਂ। ਮੈਂ ਇਕ ਗਲ ਹੋਰ ਕਹਿਣੀ ਚਾਹੁੰਦਾ ਹਾਂ । ਇਹ ਕਿਸਾਨਾਂ ਨੂੰ ਫਾਰਮ ਦਿੰਦੇ ਹਨ ਕਿ ਤੁਸੀਂ ਜਾਕੇ ਬੀ. ਡੀ. ਓ. ਕੋਲੋਂ, ਐਮ. ਐਲ. ਏਜ਼ ਕੋਲੋਂ ਲਿਖਵਾਓ ਅਤੇ ਫਿਰ ਫਲਾਣੀ ਜਗ੍ਹਾ ਤੋਂ ਜਾਕੇ ਲਿਖਵਾਓ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਪੰਜਾਬ ਸਰਕਾਰ ਕੋਲ ਸਭ ਦਾ ਰਿਕਾਰਡ ਮੌਜੂਦ ਹੈ ਕਿ ਕਿਤਨੀ ਕਿਸੇ ਦੀ ਉਮਰ ਹੈ, ਕਿਤਨੀ ਕਿਸੇ ਦੀ ਤਨਖਾਹ ਹੈ, ਜ਼ਮੀਨ ਵਗੈਰਾ ਕਿਸੇ ਕੋਲ ਹੈ ਜਾਂ ਨਹੀਂ ਅਤੇ ਕੋਈ ਵਿਧਵਾ ਹੈ ਜਾਂ ਨਹੀਂ। ਜਦੋਂ ਸਪੀਕਰ ਸਾਹਿਬ, ਇਹ ਸਾਰੀ ਇਨਫਰਮੇਸ਼ਨ ਸਰਕਾਰ ਕੋਲ ਹੈ ਤਾਂ ਫਿਰ ਸਰਕਾਰ ਆਪਣੇ ਆਪ ਹੀ ਪੈਨਸ਼ਨ ਲਗਾ ਦੇਵੇ। ਕਈ ਲੋਕਾਂ ਨੂੰ ਤਾਂ ਪਤਾ ਵੀ ਨਹੀਂ ਲਗਦਾ ਕਿ ਸਰਕਾਰ ਦੀ ਕਿਹੜੀ ਕਿਹੜੀ ਸਕੀਮ ਹੈ। ਸਰਕਾਰ ਆਪਣੇ ਰਿਕਾਰਡ ਦੇ ਮੁਤਾ-ਬਿਕ ਸਭ ਨੂੰ ਪੈਨਸ਼ਨ ਵਗੈਰਾ ਦੇਵੇ। ਇਹ ਜਿਹੜਾ ਫਾਰਮ ਵਗੈਰਾ ਦੀ ਫਾਰਮੈਲੇਟੀਜ਼ ਰਖੀਆਂ ਹੋਈਆਂ ਹਨ, ਇਨ੍ਹਾਂ ਦੀ ਲੋੜ ਨਹੀਂ ਹੈ। ਇਹ ਬੰਦ ਹੋਣੇ ਚਾਹੀਦੇ ਹਨ।

ਸਪੀਕਰ ਸਾਹਿਬ ਇਕ ਗੱਲ ਮੈਂ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ 1978 ਵਿਚ ਅਕਾਲੀ ਸਰਕਾਰ ਵੇਲੇ ਜਿਹੜੇ ਮੁਲਾਜ਼ਮਾਂ ਨੇ ਹੜਤਾਲ ਨਹੀਂ ਕੀਤੀ ਸੀ, ਉਨ੍ਹਾਂ ਨੂੰ ਇਕ ਇਨਕਰੀਮੈਂਟ ਦਿਤੀ ਗਈ ਸੀ ਔਰ ਜਿਹੜੇ ਮੁਲਾਜ਼ਮਾਂ ਨੇ ਆਪਣੀਆਂ ਮੰਗਾਂ ਵਾਸਤੇ ਹੜਤਾਲ ਕੀਤੀ ਸੀ, ਉਨ੍ਹਾਂ ਨੂੰ ਕੋਈ ਇਨਕਰੀਮੈਂਟ ਨਹੀਂ ਦਿਤੀ ਗਈ। ਉਸ ਨੂੰ ਗੱਦਾਰੀ ਅਲਾਉਂਸ ਵੀ ਕਹਿੰਦੇ ਹਨ। ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਜੀ ਨੇ ਪਿਛੇ ਜਿਹੇ ਕਰਮਚਾਰੀਆਂ ਨੂੰ ਸੰਬੋਧਨ ਕਰਨ ਸਮੇਂ ਕਿਹਾ ਸੀ ਕਿ ਤੁਹਾਨੂੰ ਵੀ ਉਹ ਇਨਕਰੀਮੈਂਟ ਦੇਵਾਂਗੇ ਜਿਨ੍ਹਾਂ ਨੂੰ ਉਹ ਇਨਕਰੀਮੈਂਟ ਨਹੀਂ ਮਿਲੀ ਹੁਣ ਮੁੱਖ ਮੰਤਰੀ ਸਾਹਿਬ, ਹਾਊਸ ਵਿਚ ਅਸ਼ੋਅਰੈਂਸ ਦੇਣ ਕਿ ਜਿਨ੍ਹਾਂ ਕਰਮਚਾਰੀਆਂ ਨੂੰ ਉਹ ਇਨਕਰੀਮੈਂਟ ਨਹੀਂ ਮਿਲੀ ਸੀ, ਉਹ ਹੁਣ ਮਿਲੇਗੀ। ਉਹ ਇਨਕਰੀਮੈਂਟ ਸਪੀਕਰ ਸਾਹਿਬ, ਮੁਲਾਜ਼ਮਾਂ ਨੂੰ ਦੇਣੀ ਚਾਹੀਦੀ ਹੈ। (ਥਪਿੰਗ)

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ): ਸਪੀਕਰ ਸਾਹਿਬ, ਮਾਨਯੋਗ ਮੈਂਬਰਾਂ ਨੇ ਚਾਰ ਦਿਨ ਬਜਟ ਤੇ ਬਹਿਸ ਕੀਤੀ ਹੈ। ਸਪੀਕਰ ਸਾਹਿਬ, 1983-84 ਦਾ ਪੰਜਾਬ ਗੌਰਮਿੰਟ ਦਾ ਇਹ ਚੋਥਾ ਬਜਟ ਹੈ। ਸਪੀਕਰ ਸਾਹਿਬ, ਮੈਂ ਉਨ੍ਹਾਂ ਮੈਂਬਰਾਂ ਦਾ ਮਸ਼ਕੂਰ ਹਾਂ ਜਿਨ੍ਹਾਂ ਨੇ ਬਜਟ ਦੀ ਸ਼ਲਾਘਾ ਕੀਤੀ ਹੈ। ਮੈਂ ਸਪੀਕਰ ਸਾਹਿਬ, ਉਨ੍ਹਾਂ ਮੈਂਬਰਾਂ ਦਾ ਵੀ ਮਸ਼ਕੂਰ ਹਾਂ ਜਿਨ੍ਹਾਂ ਨੇ ਚੰਗੇ ਸੁਝਾਓ ਦਿੱਤੇ ਹਨ ਅਤੇ ਕੰਸਟਰੈਕਟਿਵ ਕ੍ਰਿਟੇਸਿਜ਼ਮ ਕੀਤਾ ਹੈ। (ਥੰਪਿੰਗ) ਕਈ ਮਾਨਯੋਗ ਮੈਂਬਰਾਂ ਨੇ ਸਪੀਕਰ ਸਾਹਿਬ, ਕ੍ਰਿਟੇਸਿਜ਼ਮ ਫਾਰ ਦੀ ਸੇਕ ਆਫ ਕ੍ਰਿਟੇਸਿਜ਼ਮ ਹੀ ਕੀਤਾ ਹੈ ਅਤੇ ਉਨ੍ਹਾਂ ਨੇ ਹਮੇਸ਼ਾ ਨੁਕਤਾ ਚੀਨੀ ਹੀ ਕਰਨੀ ਹੈ। ਉਨ੍ਹਾਂ ਨੂੰ ਹੱਕ ਹੈ ਕਿ ਨੁਕਤਾਚੀਨੀ ਕਰਨ, ਮੈਂ ਸਪੀਕਰ ਸਾਹਿਬ, ਉਨ੍ਹਾਂ ਦਾ ਵੀ ਮਸ਼ਕੂਰ ਹਾਂ। ਸਪੀਕਰ ਸਾਹਿਬ, ਪਿਛਲੇ ਤਿੰਨ ਸਾਲਾਂ ਤੋਂ ਲਗਾਤਾਰ ਪੰਜਾਬ ਗੌਰਮਿੰਟ ਨੂੰ ਆਪਣੇ ਚਾਰ ਬਜਟ ਇਸ ਹਾਊਸ ਵਿਚ ਪੇਸ਼ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਬਜਟਾਂ ਤੇ ਇਮਪਲੀਮੈਂਟੇਸ਼ਨ ਕਰਨ ਦਾ ਵਕਤ ਵੀ ਸਾਨੂੰ ਮਿਲਿਆ ਹੈ। ਜ਼ਰੂਰੀ ਗਲ ਹੈ ਕਿ ਜਿਹੜਾ ਬਜਟ ਸਟੇਟ ਦੀ ਬਿਹਤਰੀ ਵਾਸਤੇ ਰਖਿਆ ਜਾਵੇ, ਉਸ ਦੇ ਵਿੱਚ ਕੁਝ ਐਸੇ ਟੀਚੇ ਹੋਣ, ਉਸ ਦੇ ਵਿੱਚ ਕੁਝ ਐਸੇ ਏਮਜ਼ ਹੋਣ, ਉਸ ਲਈ ਕੁਝ ਐਸੇ ਨਿਸ਼ਾਨੇ ਹੋਣ ਜਿਸ ਦੇ ਵਿੱਚ ਸਮੁੱਚੀ ਸਟੇਟ ਦਾ ਭਲਾ ਹੋਵੇ ਔਰ ਲੋਕਾਂ ਦਾ ਚਾਰ ਪੱਖੀ ਵਿਕਾਸ ਅਤੇ ਤਰੱਕੀ ਹੋਵੇ, ਬੇਹਤਰੀ ਹੋਵੇ, ਸੇਵਾ ਹੋਵੇ। ਜ਼ਰੂਰੀ ਹੈ ਕਿ ਉਨ੍ਹਾਂ ਟੀਚਿਆਂ ਵੱਲ ਦੇਖਿਆ ਜਾਵੇ ਔਰ ਉਨ੍ਹਾਂ ਨੂੰ ਹਾਸਲ ਕੀਤਾ ਜਾਵੇ। ਸਪੀਕਰ ਸਾਹਿਬ, ਮੈਨੂੰ ਇਹ ਕਹਿਣ ਵਿੱਚ ਖੁਸ਼ੀ ਹੈ ਕਿ ਅਸੀਂ ਤਿੰਨਾਂ ਸਾਲਾਂ ਵਿੱਚ ਜਿਹੜੇ ਸ਼ੁਰੂ ਵਿੱਚ ਆਪਣੇ ਨਿਸ਼ਾਨੇ ਰੱਖੇ ਸਨ, ਟੀਚੇ ਰੱਖੇ ਸਨ, ਉਨ੍ਹਾਂ ਨੂੰ ਪ੍ਰਾਪਤ ਕੀਤਾ ਹੈ ਔਰ ਉਸਦੀ ਸ਼ਾਨਦਾਰ ਕਾਮਯਾਬੀ ਪੰਜਾਬ ਸਰਕਾਰ ਨੂੰ ਮਿਲੀ ਹੈ। (ਥੰਪਿੰਗ)

ਸਪੀਕਰ ਸਾਹਿਬ, ਜ਼ਰੂਰੀ ਹੈ ਕਿ ਬਜਟ ਵਿੱਚ ਐਸਾ ਪ੍ਰਬੰਧ ਹੋਵੇ, ਜਿਸਦੇ ਨਾਲ ਸਟੇਟ ਦੀ ਆਰਥਿਕ ਤਰੱਕੀ ਹੋਵੇ, ਉਸਦੀ ਮਾਲੀ ਹਾਲਤ ਸੁਧਰੇ। ਜੇ ਕਿਸੇ ਸਟੇਟ ਦੀ ਮਾਲੀ ਹਾਲਤ ਨਾ ਸੁਧਰੇ ਤਾਂ ਉਸ ਬਜਟ ਦਾ ਕੋਈ ਫਾਇਦਾ ਨਹੀਂ ਔਰ ਉਸ ਬਜਟ ਵਿੱਚ ਰੱਖੇ ਨਿਸ਼ਾਨੇ ਪੂਰੇ ਨਾ ਹੋਣ, ਤਾਂ ਵੀ ਉਸ ਦਾ ਕੋਈ ਫਾਇਦਾ ਨਹੀਂ। ਇਹ ਜ਼ਰੂਰੀ ਹੈ ਕਿ ਮਿੱਥੇ ਗਏ ਟੀਚਿਆਂ ਮੁਤਾਬਿਕ ਸਟੇਟ ਦੀ ਗਰੋਥ ਵਧੇ। ਮੈਂ ਅੱਜ ਇਹ ਕਹਿ ਸਕਦਾ ਹਾਂ ਕਿ ਤਿੰਨਾਂ ਸਾਲਾਂ ਦੀ ਬਜਟ ਇਮਪਲੀ-ਮੈਨਟੇਸ਼ਨ ਤੋਂ ਬਾਅਦ ਜੋ ਅਸੀਂ ਸੋਚਿਆ ਸੀ, ਉਹ ਪੂਰਾ ਹੋਇਆ ਹੈ। ਪਿਛਲੀ ਵੀ ਸਰਕਾਰ ਰਹੀ ਹੈ ਜਿਨ੍ਹਾਂ ਨੇ ਲਗਭਗ ਤਿੰਨ ਸਾਲ ਪੰਜਾਬ ਦੀ ਸੇਵਾ ਕੀਤੀ ਹੈ। ਤਿੰਨ ਸਾਲਾਂ ਵਿੱਚ ਜਿਹੜੀ ਇਕ-ਨਾਮਿਕ ਗਰੋਥ ਹੋਈ ਸੀ ਉਹ 2.8% ਸੀ ਯਾਨੀ ਕਿ 3% ਤੋਂ ਵੀ ਘੱਟ ਸੀ। ਜਿਹੜੀ ਐਗਰੀ-ਕਲਚਰ ਗਰੋਥ ਪ੍ਰੋਡਕਸ਼ਨ ਦੇ ਥਰੂ ਹੋ ਗਈ ਸੀ, ਉਹ ਵਧੀ ਨਹੀਂ ਸੀ। ਲੇਕਿਨ ਮੈਂ ਇਹ ਗੱਲ ਖੁਸ਼ੀ ਨਾਲ ਪੰਜਾਬ ਦੇ ਲੋਕਾਂ ਨੂੰ ਕਹਿ ਸਕਦਾ ਹਾਂ ਕਿ ਅਸੀਂ ਤਿੰਨ ਸਾਲਾਂ ਦੀ ਕੋਸ਼ਿਸ਼ ਦੇ ਨਤੀਜੇ ਦੇ ਤੌਰ ਤੇ 5.45% ਇਕਨਾਮਿਕ ਗਰੋਥ ਹਾਸਲ ਕੀਤੀ ਹੈ, (ਥੰਪਿਗ) ਜਿਹੜਾ ਇਕ ਰਿਕਾਰਡ ਹੈ ਅੱਜ ਤੋਂ ਪਹਿਲਾਂ ਏਨੀ ਇਕਨਾਮਿਕ ਗਰੋਥ ਕਿਸੇ ਸਟੇਟ ਦੀ ਕਦੇ ਨਹੀਂ ਹੋਈ। ਐਗਰੀਕਲਚਰ ਗਰੋਥ 5.52% ਹੋਈ ਹੈ ਅਤੇ ਇੰਡਸਟਰੀਅਲ ਸੈਕਟਰ ਵਿੱਚ ਜਿਸਦੇ ਵਿੱਚ ਅਸੀਂ ਪਛੜੇ ਹੋਏ ਸੀ, ਉਸ ਵਿੱਚ 8.19% ਗਰੋਥ ਹੋਈ ਹੈ ਅਤੇ ਅਸੀਂ ਉਸ ਵਿੱਚ ਕਾਫੀ ਤਰੱਕੀ ਕੀਤੀ ਹੈ। (ਥੰਪਿਗ) ਸਪੀਕਰ ਸਾਹਿਬ, ਇਸ ਗਰੋਥ ਦੇ ਪਿਛੇ ਜਿਥੇ ਸਾਡੇ ਕਿਸਾਨਾਂ ਦਾ ਹੱਥ ਹੈ, ਲੋਕਾਂ ਦਾ, ਕਾਰਖਾਨੇ-ਦਾਰਾਂ ਦਾ, ਮਜ਼ਦੂਰਾਂ ਦਾ ਹਿੱਸਾ ਹੈ, ਉਥੇ ਸਾਡੀ ਸਰਕਾਰ ਦੇ ਕਰਮਚਾਰੀਆਂ ਦਾ ਔਰ ਸਾਡੀ ਸਰਕਾਰ ਦੇ ਬੜ੍ਹ ਚੜ੍ਹ ਕੇ ਕੰਮ ਕਰਨ ਵਾਲੇ ਨੇਤਾ ਜੋ ਹਨ, ਉਨ੍ਹਾਂ ਦਾ ਵੀ ਹਿੱਸਾ ਹੈ ਕਿਉਂਕਿ ਉਨ੍ਹਾਂ ਨੇ ਸਾਰੀ ਦੇਖ ਭਾਲ ਕਰਵਾ ਕੇ, ਹਰ ਚੀਜ਼ ਨੂੰ ਸੋਚ-ਸਮਝ ਕੇ ਚਲਾਇਆ ਹੈ ਜਿਸ ਦੇ ਨਾਲ

ਤਰੱਕੀ ਹੋ ਸਕੇ, ਪ੍ਰਗਤੀ ਹੋ ਸਕੇ। ਔਰ ਇਸ ਸਾਰੀ ਗੱਲ ਦਾ ਮਾਣ ਜ਼ਰੂਰੀ ਤੌਰ ਤੇ ਲੀਡਰ ਨੂੰ ਜਾਂਦਾ ਹੈ ਜਿਸ ਨੇ ਨਿਧੜਕ ਹੋ ਕੇ, ਨਿਡਰਤਾ ਨਾਲ ਚਾਹੇ ਕਿਸੇ ਤਰ੍ਹਾਂ ਦੇ ਵੀ ਹਾਲਾਤ ਆਏ ਉਨ੍ਹਾਂ ਦਾ ਮੁਕਾਬਲਾ ਕੀਤਾ ਔਰ ਪੰਜਾਬ ਨੂੰ ਤਰੱਕੀ ਵੱਲ ਪਾਇਆ। ਇਨ੍ਹਾਂ ਨੇ ਸੌਖਾ ਰਸਤਾ ਨਹੀਂ ਦੇਖਿਆ। ਮੈਨੂੰ ਪਤਾ ਹੈ ਕਿ ਪਿਛਲੀਆਂ ਸਰਕਾਰਾਂ ਸੌਖੇ ਰਸਤੇ ਅਪਣਾਉਂਦੀਆਂ ਰਹੀਆਂ ਹਨ। ਉਨ੍ਹਾਂ ਨੂੰ ਕੋਈ ਕਿਸੇ ਗੱਲ ਦਾ ਫਿਕਰ ਨਹੀਂ ਸੀ ਕਿ ਸਾਧਨ ਵੀ ਜਟਾਉਣੇ ਹਨ, ਉਨ੍ਹਾਂ ਦਾ ਤਾਂ ਇਕੋ ਹੀ ਕਹਿਣਾ ਸੀ ਕਿ ਗੱਡੀ ਲਓ, ਝੰਡੀ ਲਗਾਓ, ਕੋਠੀ ਵਿੱਚ ਰਹੋ ਅਤੇ ਡੰਗ ਟਪਾਓ। ਸਰਦਾਰ ਦਰਬਾਰਾ ਸਿੰਘ ਨੇ ਇਹ ਦੇਖਿਆ ਹੈ ਕਿ ਅਸੀਂ ਅੱਗੇ ਕਿਵੇਂ ਵਧਣਾ ਹੈ ਅਤੇ ਇਹ ਵੀ ਦੇਖਿਆ ਕਿ ਆਉਣ ਵਾਲੇ 25 ਸਾਲਾਂ ਵਿੱਚ ਪੰਜਾਬ ਅੱਗੇ ਕਿਸ ਤਰ੍ਹਾਂ ਵਧ ਸਕਦਾ ਹੈ। ਇਸ ਲਈ ਬੜੀ ਸੇਵਾ ਭਾਵ ਨਾਲ ਅਤੇ ਨਿਡਰਤਾ ਨਾਲ ਕੰਮ ਕੀਤਾ ਅਤੇ ਉਪਰਾਲੇ ਕੀਤੇ ਜਿਸ ਵਿੱਚ ਸੌ ਫੀ ਸਦੀ ਕਾਮਯਾਬੀ ਮਿਲੀ ਹੈ। (ਥੰਪਿੰਗ)

ਸਪੀਕਰ ਸਾਹਿਬ, ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਅਸੀਂ ਮੁੱਖ ਤੌਰ ਤੇ ਇਸ ਮਾਮਲੇ ਵਿੱਚ ਹਾਸਲ ਕੀ ਕੀਤਾ ਹੈ। ਸਪੀਕਰ ਸਾਹਿਬ, ਇਹ ਜ਼ਰੂਰੀ ਗੱਲ ਹੈ ਕਿ ਜਿੱਥੇ ਇਕਨਾਮਿਕ ਗਰੋਥ ਹੋਵੇ, ਉਸਦੇ ਨਾਲ ਨਾਲ ਦੇਖਣਾ ਪਵੇਗਾ ਕਿ ਅਸੀਂ ਸੈਂਟਰ ਗੌਰਮਿੰਟ ਨੂੰ ਦੇਸ਼ ਦੇ ਨਾਲ ਰਹਿੰਦੇ ਹੋਏ ਕਿੰਨਾਂ ਮਜ਼ਬੂਤ ਕੀਤਾ ਹੈ ਅਤੇ ਕਿੰਨੀ ਸੇਵਾ ਕੀਤੀ ਹੈ ਕਿਉਂਕਿ ਸਾਡਾ ਦੇਸ਼ ਇਕ ਹੈ, ਸਾਡਾ ਪੰਜਾਬ ਉਸਦਾ ਇਕ ਹਿੱਸਾ ਹੈ। ਉਸ ਦੇ ਪੂਲ ਵਿੱਚ ਵੀ ਕਿੰਨਾਂ ਜਾਵੇਗਾ, Centre ਦੇ ਅੰਨ ਭੰਡਾਰ ਵਿੱਚ ਜੋ ਹਿੱਸਾ ਪਾਇਆ ਹੈ, ਉਹ ਵੀ ਇਕ record ਹੈ। ਅਸੀਂ ਕਣਕ ਦੀ ਪੈਦਾ-ਵਾਰ ਵਿੱਚ ਰਿਕਾਰਡ ਹਾਸਲ ਕੀਤਾ ਹੈ ਅਤੇ ਪਰੋਕਿਓਰਮੈਂਟ ਵਿੱਚ ਵੀ ਜਿੰਨੀ ਅੱਜ ਤੋਂ ਪਹਿਲਾਂ ਹੁੰਦੀ ਰਹੀ ਹੈ, ਉਸਦੇ ਨਾਲੋਂ ਕਿਧਰੇ ਜ਼ਿਆਦਾ ਪਰੋਕਿਓਰਮੈਂਟ ਕਰਕੇ ਰਿਕਾਰਡ ਕਾਇਮ ਕੀਤਾ ਹੈ। ਅਸੀਂ 48.73 ਲੱਖ ਟਨ ਕਣਕ ਸੈਂਟਰਲ ਪੂਲ ਵਿੱਚ ਦਿੱਤੀ ਜਿਹੜੀ ਸੈਂਟਰਲ ਪੂਲ ਦਾ 59.2% ਬਣਦੀ ਹੈ। (ਥੰਪਿੰਗ) ਅਸੀਂ ਇਹ ਰਿਕਾਰਡ ਪ੍ਰਾਪਤ ਕੀਤਾ ਹੈ। ਇਹੋ ਹੀ ਨਹੀਂ, ਹਾਲਾਂਕਿ ਪੰਜਾਬ ਦੇ ਲੋਕ ਚੌਲ ਬਹੁਤੇ ਪੈਦਾ ਨਹੀਂ ਕਰਦੇ ਅਤੇ ਬਹੁਤ ਖਾਂਦੇ ਵੀ ਨਹੀਂ ਲੇਕਿਨ ਫੇਰ ਵੀ ਅਸੀਂ ਚੌਲ ਪੈਦਾ ਕਰਕੇ 68.3% ਚੌਲ ਸੈਂਟਰਲ ਪੂਲ ਵਿੱਚ ਦਿੱਤੇ ਹਨ ਅਤੇ ਰਿਕਾਰਡ ਹਾਸਲ ਕੀਤਾ ਹੈ। (ਥੰਪਿੰਗ)

ਸਪੀਕਰ ਸਾਹਿਬ, ਇਹ ਜ਼ਰੂਰੀ ਹੈ ਕਿ ਜਿਥੇ ਅਸੀਂ ਇਕਨਾਮਿਕ ਗਰੋਥ ਵਿੱਚ ਸਫਲਤਾ ਹਾਸਲ ਕੀਤੀ ਹੈ, ਕਈ ਚੀਜ਼ਾਂ ਦੀ ਪ੍ਰਾਪਤੀ ਕੀਤੀ ਹੈ, ਉਸਦੇ ਵਿੱਚ ਅਸੀਂ ਜਿਹੜੀ ਸਾਡੀ ਫਿਸਕਲ ਮੈਨੇਜਮੈਂਟ ਹੈ, ਪੈਸੇ-ਧੇਲੇ ਦੀ ਮੈਨੇਜਮੈਂਟ ਹੈ, ਉਸ ਦੇ ਵੱਲ ਵੀ ਖਾਸ ਤੌਰ ਤੇ ਧਿਆਨ ਦੇ ਕੇ ਸਫਲਤਾ ਹਾਸਲ ਕੀਤੀ ਹੈ। ਮੈਨੂੰ ਪਤਾ ਹੈ ਕਿ ਪਹਿਲੀ ਸਰਕਾਰ ਨੇ ਆਪਣਾ ਐਨੂਅਲ ਪਲਾਨ 260 ਕਰੋੜ ਤੋਂ ਵਧਾਇਆ ਨਹੀਂ ਅਤੇ ਤਿੰਨ ਸਾਲ ਵਿੱਚ ਐਨੂਅਲ ਪਲਾਨ ਦੀ ਰਕਮ ਵਿਚੋਂ 90 ਕਰੋੜ ਰੁਪਿਆ ਖਰਚਿਆ ਵੀ ਨਹੀਂ। ਅਸੀਂ ਫਿਸਕਲ ਮੈਨੇਜਮੈਂਟ ਬਾਰੇ ਵੀ ਸੋਚਿਆ ਹੈ ਕਿਉਂਕਿ ਅਗਰ ਬਜਟ ਵਿੱਚ ਪੈਸਾ ਨਹੀਂ, ਅਤੇ ਜੇ ਹੈ ਤਾਂ ਖਰਚਣਾ ਨਹੀਂ ਤਾਂ ਇਸਦਾ ਮਤਲਬ ਹੁੰਦਾ ਹੈ ਕਿ ਕੰਮ ਕੋਈ ਨਹੀਂ ਕਰਨਾ। ਇਸ ਫਿਸਕਲ ਮੈਨੇਜਮੈਂਟ ਵਾਸਤੇ ਅਸੀਂ ਪਲਾਨ ਦਾ ਸਾਈਜ਼ ਹੀ ਨਹੀਂ ਵਧਾਇਆ, ਅਸੀਂ 260 ਕਰੋੜ ਤੋਂ 300 ਕਰੋੜ, ਫੇਰ 340 ਕਰੋੜ ਅਤੇ ਅੱਗੇ 385 ਕਰੋੜ ਤੋਂ 440 ਕਰੋੜ ਹੀ ਨਹੀਂ ਕੀਤਾ ਬਲਕਿ ਪੰਜਾਬ ਗੌਰਮਿੰਟ ਨੇ ਇਕ ਨਵੀਂ ਗੱਲ ਕੀਤੀ ਹੈ। ਜਿਹੜੇ ਸਾਡੇ ਬੈਂਕਸ ਹਨ, ਫਾਈਨਾਂਨਸ਼ਲ ਇਸਟੀਚਿਊਸ਼ਨਜ਼ ਹਨ, ਉਨ੍ਹਾਂ ਵਾਸਤੇ ਇਕ ਵਖਰਾ ਡਾਇਰੈਕੋਟ-ਰੇਟ ਕਾਇਮ ਕੀਤਾ ਹੈ ਤਾਕਿ ਉਨ੍ਹਾਂ ਤੋਂ ਧੰਨ ਪ੍ਰਾਪਤ ਕਰਨ ਲਈ ਫਾਈਨਾਂਨਸ਼ਲ ਇਸਟੀਚਿਊਸ਼ਨਜ਼

[ਵਿੱਤ ਮੰਤਰੀ]

ਤੋਂ ਮੱਦਦ ਲੈ ਕੇ ਇਸ ਪਲਾਨ ਦੀ ਫਿਸਕਲ ਮੈਨੇਜਮੈਂਟ ਨੂੰ ਹੋਰ ਤਕੜਾ ਕਰ ਸਕੀਏ। ਸਾਲਾਨਾ ਯੋਜਨਾਵਾਂ ਵਿੱਚ ਪਹਿਲੇ ਸਾਲ 127 ਕਰੋੜ ਰੁਪਏ ਦਾ, ਦੂਸਰੇ ਸਾਲ 269 ਕਰੋੜ ਦਾ ਅਤੇ ਫਿਰ 500 ਕਰੋੜ ਰੁਪਏ ਦਾ ਅਤੇ ਹੁਣ 1983-84 ਵਾਸਤੇ 550 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਹੈ। (ਥੰਪਿੰਗ) ਜਿਸ ਦੇ ਨਾਲ 440 ਕਰੋੜ ਰੁਪਏ ਨਹੀਂ ਬਲਕਿ ਟੋਟਲ 990 ਕਰੋੜ ਰੁਪਏ ਅਸੀਂ 1983-84 ਵਿੱਚ ਖਰਚ ਕਰ ਰਹੇ ਹਾਂ। (ਥੰਪਿੰਗ)

ਇਹ ਇਕ ਰਿਕਾਰਡ ਹੈ ਕਿ ਛੇਵੀਂ ਪਲਾਨ ਦਾ ਸਾਈਜ਼ ਵੀ ਅਸੀਂ ਦੁਗਣਾ ਕੀਤਾ ਹੈ ਤਾਕਿ ਪ੍ਰਾਪਤੀਆਂ ਵੀ ਦੁਗਣੀਆਂ ਅਤੇ ਉਸ ਤੋਂ ਵੀ ਜ਼ਿਆਦਾ ਹੋਣ। ਸਪੀਕਰ ਸਾਹਿਬ, ਮੈਂ ਇਹ ਗਲ ਜ਼ਰੂਰ ਕਹਾਂਗਾ ਕਿ ਇਸ ਸਭ ਦੇ ਪਹਿਲੇ ਬਿਜਲੀ ਦੀ, ਪਾਵਰ ਦੀ ਪੈਦਾਵਾਰ ਬੜੀ ਜ਼ਰੂਰੀ ਹੈ ਔਰ ਅਸੀਂ ਐਨਰਜੀ ਕ੍ਰਾਈਸਿਜ਼ ਨੂੰ ਅਗਰ ਅੱਜ ਨਹੀਂ ਮਹਿਸੂਸ ਕੀਤਾ ਤਾਂ ਬਹੁਤ ਜ਼ਿਆਦਾ ਗਲਤੀ ਕਰਾਂਗੇ ਅਤੇ ਇਹ ਆਉਣ ਵਾਲੀ ਜੈਨਰੇਸ਼ਨ ਨਾਲ ਵੀ ਬੇਇਨਸਾਫੀ ਹੋਵੇਗੀ। ਇਹ ਸੀ.ਐਮ. ਸਾਹਿਬ ਨੇ ਖਾਸ ਤੌਰ ਤੇ ਫੈਸਲਾ ਕੀਤਾ ਹੈ ਕਿ ਬੇਸ਼ਕ ਅਸੀਂ ਕਿਸੇ ਹੋਰ ਪਾਸੇ ਤੋਂ ਘਟਾ ਕੇ ਇਧਰ ਪਾ ਦੇਈਏ ਪਰ ਇਸ ਪਾਸੇ ਨੂੰ ਪਹਿਲ ਦਿੱਤੀ ਜਾਵੇਗੀ ਕਿਉਂਕਿ ਆਉਣ ਵਾਲੀਆਂ ਨਸਲਾਂ ਸਿਰਫ ਇਸੇ ਗੱਲ ਕਰਕੇ ਹੀ ਸਫਰ ਨਾ ਕਰਨ। ਥੀਨ ਡੈਮ ਦਾ ਪ੍ਰਾਜੈਕਟ ਜਿਸ ਵੇਲੇ ਸ਼ੁਰੂ ਵਿੱਚ ਰਖਿਆ ਗਿਆ ਸੀ, ਤਾਂ 67 ਕਰੋੜ ਰੁਪਏ ਦਾ ਸੀ ਅੱਜ ਉਹ 600 ਕਰੋੜ ਰੁਪਏ ਦਾ ਹੋ ਗਿਆ ਹੈ। ਕਿਧਰੇ 67 ਕਰੋੜ ਅਤੇ ਕਿਧਰੇ 600 ਕਰੋੜ ਰੁਪਏ ਦੀ ਰਕਮ ਹੈ। ਫੇਰ ਵੀ ਅੱਜ ਦੇ ਵਸੀਲਿਆਂ ਨਾਲ ਇਸਨੂੰ ਕੰਪਲੀਟ ਕਰਨਾ ਕੋਈ ਸੌਖਾ ਨਜ਼ਰ ਨਹੀਂ ਆਉਂਦਾ। ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ ਅਤੇ ਚੀਫ-ਮਨਿਸਟਰ ਸਾਹਿਬ ਦੀ ਪੁਰਜ਼ੋਰ ਕੋਸ਼ਿਸ਼ ਹੈ ਕਿ ਕਿਸੇ ਬਾਹਰਲੇ ਮੁਲਕ ਤੋਂ ਸੈਂਟਰਲ ਗੌਰਮਿੰਟ ਦੇ ਥਰੂ ਪੈਸਾ ਹਾਸਲ ਕਰੀਏ ਅਤੇ ਥੀਨ-ਡੈਮ ਨੂੰ ਮੁਕੰਮਲ ਕਰੀਏ। ਇਸ ਨਾਲ ਸਾਨੂੰ ਕਾਫੀ ਫਾਇਦਾ ਹੋਵੇਗਾ ਅਤੇ ਰਾਵੀ ਦਾ ਪਾਣੀ ਵੀ ਜ਼ਾਇਆ ਨਹੀਂ ਜਾਵੇਗਾ। ਫੇਰ ਵੀ ਪਹਿਲ ਅਸੀਂ ਮੁਕੇਰੀਆਂ ਹਾਈਡਲ ਪ੍ਰਾਜੈਕਟ, ਆਨੰਦਪੁਰ ਹਾਈਡਲ ਪ੍ਰਾਜੈਕਟ ਅਤੇ ਰੋਪੜ ਥਰਮਲ ਨੂੰ ਦੇ ਰਹੇ ਹਾਂ ਤਾਕਿ 7-8 ਸੌ ਮੈਗਾਵਾਟ ਬਿਜਲੀ ਹੋਰ ਮਿਲ ਸਕੇ। ਇਨ੍ਹਾਂ ਤੇ ਪੈਸਾ ਪਹਿਲਾਂ ਅਸੀਂ ਆਸਾਨੀ ਨਾਲ ਖਰਚ ਕਰ ਸਕਦੇ ਸੀ। ਪਰ ਉਸ ਦੇ ਨਾਲ ਹੋਣਾ ਕੀ ਸੀ ਹੁਣ ਇਹਨਾਂ ਪ੍ਰਾਜੈਕਟਾਂ ਦੀਆਂ ਕੀਮਤਾਂ ਅਸਮਾਨ ਦੀਆਂ ਸਿਖਰਾਂ ਨੂੰ ਛੂ ਰਹੀਆਂ ਹਨ। ਰੋਪੜ ਥਰਮਲ ਪਲਾਂਟ ਪ੍ਰਾਜੈਕਟ ਦਾ ਜਦੋਂ ਨੀਂਹ ਪੱਥਰ ਰੱਖਿਆ ਗਿਆ ਉਸ ਵੇਲੇ ਇਸਦੀ ਕੀਮਤ 160 ਕਰੋੜ ਰੁਪਏ ਸੀ ਪਰ ਹੁਣ ਇਹ ਵੱਧ ਕੇ 400 ਕਰੋੜ ਰੁਪਏ ਤੱਕ ਹੋ ਗਈ ਹੈ। ਮੁਕੇਰੀਆਂ ਦਾ ਪ੍ਰਾਜੈਕਟ ਕੇਵਲ 67 ਕਰੋੜ ਰੁਪਏ ਦਾ ਸੀ ਅੱਜ ਉਸਦੀ ਕੀਮਤ ਵੀ 200 ਕਰੋੜ ਰੁਪਏ ਤੋਂ ਉਪਰ ਹੋ ਗਈ ਹੈ। ਆਨੰਦਪੁਰ ਸਾਹਿਬ ਦਾ ਪ੍ਰਾਜੈਕਟ ਹੈ ਜਿਸਦੀ ਕੀਮਤ ਉਸ ਵੇਲੇ 46 ਕਰੋੜ ਸੀ ਹੁਣ ਤਿਗਣੀ ਤੋਂ ਵੀ ਵਧ 150 ਕਰੋੜ ਦੇ ਕਰੀਬ ਹੋ ਗਈ ਹੈ। ਇਹਨਾਂ ਸਾਰੇ ਸਾਰੇ ਖੇਤਰਾਂ ਨੂੰ ਧਿਆਨ ਵਿੱਚ ਰੱਖ ਕੇ ਪੰਜਾਬ ਗੌਰਮਿੰਟ ਨੇ ਸ੍ਰੀਮਤੀ ਇੰਦਰਾ ਗਾਂਧੀ ਦੀ ਅਗਵਾਈ ਥੱਲੇ ਇਹਨਾਂ ਪ੍ਰਾਜੈਕਟਾਂ ਨੂੰ ਪਹਿਲ ਦੇ ਕੇ ਪਿਛਲੇ ਸਾਲ ਜਿੱਥੇ ਇਨ੍ਹਾਂ ਵਾਸਤੇ 189 ਕਰੋੜ ਰੁਪਏ ਰੱਖੇ ਸੀ ਇਸ ਸਾਲ ਇਸ ਵਾਸਤੇ 213 ਕਰੋੜ ਰੁਪਏ ਕੇਵਲ power projects ਵਾਸਤੇ ਰੱਖੇ ਹਨ ਤਾਂ ਕਿ ਪੰਜਾਬ ਵਿੱਚ ਕੋਈ ਪਾਵਰ ਕਰਾਈਜ਼ ਨਾ ਰਹੇ ਔਰ ਪੰਜਾਬ ਪਾਵਰ-ਫੁਲ ਬਣ ਸਕੇ। ਅਸੀਂ ਚਾਹੁੰਦੇ ਹਾਂ ਕਿ ਐਨਰਜੀ ਜਿਹੜੀ ਹੈ, ਉਹ ਅਸੀਂ ਵੱਧ ਤੋਂ ਵੱਧ ਪੈਦਾ ਕਰੀਏ। On going ਜਿਹੜੇ ਪ੍ਰਾਜੈਕਟ ਚੱਲ ਰਹੇ ਹਨ, ਉਹਨਾਂ ਨੂੰ ਕੰਪਲੀਟ ਕਰਨਾ ਸਾਡਾ ਈਮਾਨ ਹੈ, ਸਾਡਾ ਧਰਮ ਬਣਦਾ ਹੈ ਔਰ ਅਸੀਂ ਇਹ ਤਹੱਈਆ ਕੀਤਾ ਹੈ ਕਿ ਅਸੀਂ ਬਿਜਲੀ ਪੈਦਾ ਕਰਕੇ ਆਉਣ ਵਾਲੀਆਂ ਨਸਲਾਂ ਨੂੰ ਸਹੂਲਤਾਂ ਦੇਣੀਆਂ ਹਨ ਤਾਂਕਿ

ਪੰਜਾਬ ਇਸ ਮਾਮਲੇ ਵਿੱਚ ਪੱਛੜ ਨਾ ਜਾਏ। ਸਪੀਕਰ ਸਾਹਿਬ, ਬਿਜਲੀ ਦੇ ਨਾਲ ਨਾਲ ਐਗਰੀ-ਕਲਚਰ ਸੈਕਟਰ ਵਿੱਚ, ਇੰਡਸਟਰੀ ਸੈਕਟਰ ਵਿੱਚ, ਅਸੀਂ ਬਹੁਤ ਤਰੱਕੀ ਕਰ ਰਹੇ ਹਾਂ। ਘਰਾਂ ਵਿੱਚ ਵੀ ਹੋਰ ਹਰ ਜਗ੍ਹਾ ਤੇ ਬਿਜਲੀ ਦੀ ਬਹੁਤ ਲੋੜ ਰਹਿੰਦੀ ਹੈ। ਆਉਣ ਵਾਲਾ ਜਿਹੜਾ ਵਕਤ ਹੈ ਜਿਹੜੀ ਮਾਡਰਨ ਲਾਈਫ ਹੈ, ਉਹ ਚਾਹੁੰਦੀ ਹੈ ਕਿ ਅਸੀਂ ਬਿਜਲੀ ਦੇ ਖੇਤਰ ਵਿੱਚ ਸਵੈ-ਨਿਰਭਰ ਹੋਈਏ ਔਰ ਵੱਧ ਤੋਂ ਵੱਧ ਬਿਜਲੀ ਪੈਦਾ ਕਰੀਏ। ਲੇਕਿਨ ਸਪੀਕਰ ਸਾਹਿਬ, ਇਸ ਪੱਖ ਨੂੰ ਅੱਜ ਤੱਕ ਸੰਜੀਦਗੀ ਨਾਲ ਕਿਸੇ ਨੇ ਵੇਖਿਆ ਸੀ, ਇਸ ਵੱਲ ਧਿਆਨ ਦੇਣ ਦੀ ਬੜੀ ਲੋੜ ਹੈ। ਸਾਡੀ ਕੋਸ਼ਿਸ਼ ਹੈ ਕਿ power ਹਾਸਲ ਕਰਕੇ ਅਸੀਂ powerful ਬਣੀਏ ਪਰ ਆਰਥਕ ਤੌਰ ਤੇ ਬੜੇ ਪਰਿਵਾਰ ਏਦਾਂ ਦੇ ਵੀ ਹਨ ਜਿਹੜੇ ਗਰੀਬ ਤੇ powerless ਹਨ। ਉਹ ਗਰੀਬੀ ਦੀ ਰੇਖਾ ਤੋਂ ਥੱਲੇ ਰਹਿ ਰਹੇ ਹਨ। ਉਨ੍ਹਾਂ ਦੀ ਦਸ਼ਾ ਸੁਧਾਰਨ ਵੱਲ ਅਸੀਂ ਵਿਉਂਤ-ਬੰਦ ਤਰੀਕੇ ਨਾਲ ਅਸੀਂ ਆਈਡੈਂਟੀਫਾਈ ਕੀਤਾ ਹੈ ਕਿ ਕੌਣ ਗਰੀਬ ਹੈ ਕਿਸ ਦੀ ਅਸਲੀ ਅਰਥਾਂ ਵਿੱਚ ਮੱਦਦ ਕਰਨੀ ਚਾਹੀਦੀ ਹੈ, ਕੌਣ ਸਰਕਾਰ ਦੀ ਮਦਦ ਜ਼ਰੂਰੀ ਔਰ ਫੌਰੀ ਚਾਹੁੰਦਾ ਹੈ। mess ਬਣਾ ਕੇ ਨਹੀਂ ਕਿ ਗਰੀਬ ਦੀ ਮੱਦਦ ਕਰਨੀ ਚਾਹੀਦੀ ਹੈ। ਸਾਡੀ ਪੰਜਾਬ ਸਰਕਾਰ ਨੇ ਔਰ ਖਾਸ ਤੌਰ ਤੇ ਸਾਡੇ ਮੁੱਖ ਮੰਤਰੀ ਜੀ ਨੇ ਕਿਹਾ ਕਿ ਲੋਕਾਂ ਨੂੰ ਪਹਿਚਾਨੋ ਹਰ ਵਿਤਕਰੇ ਭਾਵ ਤੋਂ ਉਪਰ ਉਠ ਕੇ, ਹਰੀਜਨ ਭਰਾ ਪਛੜੇ ਹੋਏ ਗਰੀਬ ਹਨ, ਬੈਕਵਰਡ ਕਲਾਸਿਜ਼ ਵਾਲੇ ਵੀ ਗਰੀਬ ਹਨ ਲੇਕਿਨ ਇਨ੍ਹਾਂ 30 ਸਾਲਾਂ ਵਿੱਚ ਉਹ ਵੀ ਗਰੀਬ ਬਣੇ ਹਨ, ਜਿਨ੍ਹਾਂ ਨੂੰ ਕਿਹਾ ਜਾਂਦਾ ਰਿਹਾ ਹੈ ਕਿ ਉਪਰਲੀਆਂ ਕਲਾਸਿਜ਼ ਵਿੱਚ ਆਉਂਦੇ ਹਨ, ਲੇਕਿਨ ਗਰੀਬ ਸਨ। ਸਪੀਕਰ ਸਾਹਿਬ, ਸਾਡੀ ਪੰਜਾਬ ਸਰਕਾਰ ਨੇ ਇਨ੍ਹਾਂ ਲੋਕਾਂ ਨੂੰ ਪਹਿਚਾਨਿਆ, ਉਨ੍ਹਾਂ ਨੂੰ ਗਿਣਿਆ ਉਸ ਬਾਰੇ ਸਰਵੇ ਕੀਤਾ ਕਿ ਇਸ ਤਰ੍ਹਾਂ ਦੇ ਕਿਤਨੇ ਪਰਿਵਾਰ ਹਨ, ਜਿਹੜੇ ਬਿਲੋ ਪਾਵਰਟੀ ਲਾਈਨ ਰਹਿੰਦੇ ਹਨ। ਇਸ ਤੋਂ ਪਹਿਲਾਂ ਕਿਸੇ ਨੇ ਇਹ ਉਪਰਾਲਾ ਤੱਕ ਵੀ ਨਹੀਂ ਕੀਤਾ ਸੀ। ਸਪੀਕਰ ਸਾਹਿਬ, ਕਿਸੇ ਨੂੰ ਪਹਿਚਾਨਣਾ ਔਰ ਉਸ ਨੂੰ ਪਹਿਚਾਨ ਕੇ ਛੱਡ ਦੇਣਾ, ਇਸ ਨਾਲ ਕਿਸੇ ਨੂੰ ਮੱਦਦ ਨਹੀਂ ਮਿਲਗੀ। ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਪਤਾ ਕੀਤਾ ਜਾਵੇ ਕੌਣ ਗਰੀਬ ਹੈ, ਕੌਣ ਭੁੱਖ ਨਾਲ ਮਰ ਰਿਹਾ ਹੈ ਕਿਸ ਗਰੀਬ ਨੂੰ ਮਾਲੀ ਸਹਾਇਤਾ ਦੀ ਲੋੜ ਹੈ, ਕੌਣ ਜ਼ਖਮੀ ਹੋ ਕੇ ਗਿਰਿਆ ਪਿਆ ਹੈ, ਉਸ ਨੂੰ ਮੱਦਦ ਦਿੱਤੀ ਜਾਵੇ। ਸਾਡੀ ਸਰਕਾਰ ਨੇ ਇਸ ਪਾਸੇ ਕਦਮ ਉਠਾਇਆ ਹੈ ਔਰ ਮਦਦ ਦਿੱਤੀ ਹੈ।

ਸ੍ਰੀ ਸਪੀਕਰ : ਡਾਕਟਰ ਸਾਹਿਬ ਹੋਰ ਕਿੰਨਾਂ ਸਮਾਂ ਲਉਗੇ ?

ਵਿੱਤ ਮੰਤਰੀ : ਬੱਸ ਜੀ। ਪੰਦਰਾਂ ਕੁ ਮਿੰਟਾਂ ਵਿੱਚ ਸਮਾਪਤ ਕਰ ਦਿਆਂਗਾ।

EXTENSION OF TIME OF THE SITTING

ਸ੍ਰੀ ਸਪੀਕਰ : ਕੀ ਹਾਊਸ ਦੀ ਪਰਮਿਸ਼ਨ ਅਨੁਸਾਰ ਹਾਊਸ ਦਾ ਸਮਾਂ 15 ਮਿੰਟਾਂ ਹੋਰ ਵਧਾ ਦਿਤਾ ਜਾਵੇ ?

(**ਆਵਾਜ਼ਾਂ** : ਹਾਂ ਜੀ, ਹਾਂ ਜੀ ।)

ਸ੍ਰੀ ਸਪੀਕਰ : ਹਾਊਸ ਦਾ ਸਮਾਂ 15 ਮਿੰਟਾਂ ਲਈ ਹੋਰ ਵਧਾਇਆ ਜਾਂਦਾ ਹੈ।

GENERAL DISCUSSION ON THE BUDGET ESTIMATES FOR THE YEAR 1983-84—(*Resumption*)

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਜ਼ਿਕਰ ਕਰ ਰਿਹਾ ਸੀ ਕਿ ਫੈਮਿਲੀਜ਼ ਜਿਨ੍ਹਾਂ ਦੀ ਗਿਣਤੀ 8 ਲੱਖ 23 ਹਜ਼ਾਰ ਸੀ, ਉਨ੍ਹਾਂ ਫੈਮਿਲੀਜ਼ ਨੂੰ ਪਛਾਣ ਕੇ ਉਨ੍ਹਾਂ ਨੂੰ ਪੀਲੇ ਕਾਰਡ ਸਾਡੀ ਸਰਕਾਰ ਨੇ ਦਿਤੇ । ਸਿਰਫ ਏਨਾ ਹੀ ਨਹੀਂ, ਸਪੀਕਰ ਸਾਹਿਬ, ਪੀਲੇ ਕਾਰਡ ਦੇਣ ਦੇ ਬਾਅਦ ਫੈਸਲਾ ਕੀਤਾ ਕਿ ਇਨ੍ਹਾਂ ਨੂੰ ਪੈਰਾਂ ਤੇ ਖੜ੍ਹੇ ਕਰਨ ਵਾਸਤੇ ਇਨ੍ਹਾਂ ਨੂੰ ਇਨ-ਟ੍ਰਸਟ ਫਰੀ ਲੋਨ ਮਿਲਣਾ ਚਾਹੀਦਾ ਹੈ ਔਰ ਜਿਹੜੇ ਪਿੰਡਾਂ ਵਿਚ ਲੋਕ ਰਹਿੰਦੇ ਹਨ ਉਨ੍ਹਾਂ ਨੂੰ ਤੀਸਰਾ ਹਿਸਾ ਸਬਸਿਡੀ ਵਜੋਂ ਮੁਆਫੀ ਚਾਹੀਦੀ ਹੈ । ਇਸ ਹਿਸਾਬ ਨਾਲ ਜਿਸ ਨੇ ਨੌਂ ਹਜ਼ਾਰ ਰੁਪਿਆ ਲਿਆ ਹੈ, ਉਹ ਉਸ ਵਿਚੋਂ ਸਿਰਫ 6 ਹਜ਼ਾਰ ਰੁਪਿਆ ਹੀ ਵਾਪਸ ਕਰੇਗਾ ਔਰ ਤਿੰਨ ਹਜ਼ਾਰ ਰੁਪਿਆ ਉਸ ਨੂੰ ਮੁਆਫ ਕਰ ਦਿਤਾ ਜਾਵੇਗਾ । (ਥੰਪਿੰਗ) ਇਹ ਸਹੂਲਤ ਦੇਣ ਲਈ ਬੜਾ ਵਿਉਂਤ ਬੰਦ ਤਰੀਕੇ ਨਾਲ ਅਭਿਆਨ ਚਲਾਇਆ ਗਿਆ ਹੈ। ਸਪੀਕਰ ਸਾਹਿਬ, ਇਸ ਤੋਂ ਇਲਾਵਾ ਜਿਹੜੀ ਇਨਕਮ ਸੀਲਿੰਗ ਸੀ backward classes ਵਾਸਤੇ ਸੀ, ਗਰੀਬਾਂ ਨੂੰ ਸਹੂਲਤਾਂ ਦੇਣ ਵਾਸਤੇ, ਉਹ ਹੁਣ ਸਾਡੀ ਸਰਕਾਰ ਨੇ 3,600 ਰੁਪਏ ਤੋਂ ਵਧਾ ਕੇ 6,000 ਰੁਪਏ ਕਰ ਦਿਤੀ ਹੈ । ਅਸੀਂ ਮਹਿਸੂਸ ਕੀਤਾ ਹੈ ਕਿ 3,600 ਰੁਪਏ ਸਾਲਾਨਾ ਦੀ ਆਮਦਨ ਦੀ ਹੱਦ ਥੋੜੀ ਹੈ ਔਰ 6,000 ਰੁਪਏ ਸਾਲਾਨਾ ਇਨਕਮ ਦੀ ਹਦ ਕਰ ਦੇਣੀ ਚਾਹੀਦੀ ਹੈ । ਅਸੀਂ ਦੇਖਿਆ ਹੈ ਕਿ ਗਰੀਬ ਕੌਣ ਹੈ ਜਿਸ ਨੂੰ ਮਦਦ ਦੀ ਲੋੜ ਹੈ। ਇਸ ਪਰਕਾਰ ਸਪੀਕਰ ਸਾਹਿਬ ਅਸੀਂ 8 ਲੱਖ 23 ਹਜ਼ਾਰ ਫੈਮਲੀਜ਼ ਵੱਲ ਧਿਆਨ ਦਿਤਾ । ਸਪੀਕਰ ਸਾਹਿਬ. ਇਨ੍ਹਾਂ ਨੂੰ ਪਛਾਣ ਕੇ ਛਡ ਦੇਣਾ ਇਨ੍ਹਾਂ ਨਾਲ ਕੋਈ ਇਨਸਾਫ ਨਹੀਂ ਹੋਵੇਗਾ । ਅਸੀਂ ਇਸ ਵਾਸਤੇ ਸਕੀਮਾਂ ਬਣਾਈਆਂ ਹਨ ਕਿ ਇਨ੍ਹਾਂ ਨੂੰ ਕਰਜ਼ੇ ਮਿਲਣ, ਦਵਾਈਆਂ ਮੁਫਤ ਮਿਲਣ, ਪੜ੍ਹਨ ਦੀਆਂ ਪੂਰੀਆਂ ਸਹੂਲਤਾਂ ਮਿਲਣ ਔਰ ਹਰ ਜਗ੍ਹਾ ਤੇ ਇਨ੍ਹਾਂ ਦਾ ਆਦਰ ਸਤਿਕਾਰ ਹੋਵੇ ਔਰ ਇਨ੍ਹਾਂ ਦੀ ਤਰੱਕੀ ਕਰਨ ਲਈ ਸਾਧਨ ਜੁਟਾਏ ਜਾਣ । ਮੈਨੂੰ ਖੁਸ਼ੀ ਹੈ ਕਿ ਰੂਰਲ ਡਿਵੈਲਪਮੈਂਟ ਏਜੰਸੀ, ਸ਼ਡਿਊਲਡ ਕਾਸਟਸ ਕਾਰਪੋਰੇਸ਼ਨ, ਲੈਂਡ ਡਿਵੈਲਪ-ਮੈਂਟ ਕਾਰਪੋਰੇਸ਼ਨ, ਬੈਕਫਿਨਕੋ ਅਤੇ ਹੋਰ ਜਿਹੜੀਆਂ ਵੀ ਵਿੱਤੀ ਸਹੂਲਤਾਂ ਦੇਣ ਵਾਲੀਆਂ ਸੰਸਥਾਵਾਂ ਹਨ, ਮੈਂ ਸਮੁਚੇ ਤੌਰ ਤੇ ਟੋਟਲ ਕਰ ਕੇ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਕੋਈ ਛੋਟਾ ਜਿਹਾ ਕੰਮ ਨਹੀਂ । ਇਹ ਚੀਜ਼ ਅੱਜ ਤੋਂ ਪਹਿਲਾਂ ਪੰਜਾਬ ਵਿਚ ਨਹੀਂ ਬਲਕਿ ਸਾਰੇ ਹਿੰਦੁਸਤਾਨ ਵਿਚ ਕਿਸੇ ਗੌਰਮਿੰਟ ਨੇ ਨਹੀਂ ਕੀਤੀ ਇੰਨੀ ਅਮਾਉਂਟ ਇਨਟ੍ਰਸਟ ਫਰੀ ਲੋਨ ਦੇ ਤੌਰ ਤੇ ਸਪੀਕਰ ਸਾਹਿਬ, ਕਿਸੇ ਨੇ ਨਹੀਂ ਦਿਤੀ (ਥੰਪਿੰਗ) । ਇਸ ਵੇਲੇ ਇਸ ਅਮਾਉਂਟ ਦੀ ਰਾਸ਼ੀ 97.54 ਕਰੋੜ ਰੁਪਏ ਹੈ। ਇਤਨਾ ਰੁਪਿਆ ਦੇਣਾ ਕੋਈ ਆਸਾਨ ਕੰਮ ਨਹੀਂ। ਇਸ ਵਿਚੋਂ 22 ਕਰੋੜ ਰੁਪਿਆ ਅਜਿਹਾ ਹੈ, ਜਿਹੜਾ ਵਾਪਸ ਹੀ ਨਹੀਂ ਹੋਣਾ ਇਹ ਸਬਸਿਡੀ ਵਜੋਂ ਦਿਤਾ ਗਿਆ ਹੈ ਔਰ ਇਸ ਨਾਲ 3 ਲੱਖ 76 ਹਜ਼ਾਰ ਫੈਮਲੀਜ ਨੂੰ ਜਿਹੜੀਆਂ ਕਿ below ਪਾਵਰਟੀ ਲਾਈਨ ਰਹਿੰਦੀਆਂ ਸਨ ਉਹਨਾਂ ਨੂੰ ਫਾਇਦਾ ਹੋਇਆ ਹੈ, ਉਹ ਆਪਣੇ ਪੈਰਾਂ ਤੇ ਖੜੇ ਹੋਏ ਹਨ। ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਬਾਕੀ ਇਸ ਤਰ੍ਹਾਂ ਦੀਆਂ ਜੋ ਕੋਈ ਫੈਮਲੀਜ਼ ਹਨ ਤਾਂ ਅਸੀਂ ਉਨ੍ਹਾਂ ਦੀ ਮਦਦ ਵੱਧ ਤੋਂ ਵੱਧ ਕਰਨੀ ਹੈ। ਆਉਣ ਵਾਲੇ ਸਾਲਾਂ ਵਿਚ ਔਰ ਅਗਲੇ ਸਾਲਾਂ ਵਿਚ ਉਨ੍ਹਾਂ ਦੀ ਹੋਰ ਮਦਦ ਕੀਤੀ ਜਾਵੇਗੀ। ਇਹ ਪੰਜਾਬ ਸਰਕਾਰ ਨੇ ਤਹੱਈਆ ਕਰ ਲਿਆ ਹੈ ਇਸ ਗੱਲ ਦਾ ਕਿ ਜਿਹੜੇ ਸ਼ਡਿਊਲਡ ਕਾਸਟਸ ਭਰਾ ਹਨ ਕਿਉਂ ਕਿ ਇਨ੍ਹਾਂ ਵਿਚ ਵੀ 2 ਲੱਖ 7 ਹਜ਼ਾਰ ਅਜਿਹੀਆਂ ਫੈਮਲੀਜ਼ ਹਨ ਜਿਹੜੀਆਂ ਸ਼ਡਿਊਲਡ ਕਾਸਟ ਹਨ, ਹਰੀਜਨ ਭਰਾਵਾਂ ਦੇ ਪਰਿਵਾਰਾਂ ਦੀ ਗਿਣਤੀ ਸਰਵੇ ਵਿਚ 55% ਹੈ, ਉਹਨਾਂ ਦੀ ਮਦਦ ਕੀਤੀ ਹੈ ਔਰ ਆਉਣ ਵਾਲੇ ਦੋ ਸਾਲਾਂ ਵਿਚ 1983-84 ਅਤੇ 1984-85 ਵਿਚ ਸਾਡੀ ਸਰਕਾਰ ਪੀਲੇ ਕਾਰਡ ਹੋਲਡਰਜ਼ ਸ਼ਡਿਊਲਡ ਕਾਸਟਸ ਜਿੰਨੇ ਵੀ ਹਨ ਅਸੀਂ ਉਨ੍ਹਾਂ ਨੂੰ 100 ਫੀ ਸਦੀ ਮਦਦ ਕਰਾਂਗੇ, ਸਾਰਿਆਂ ਦੀ ਮਦਦ ਕਰਾਂਗੇ ਤਾਂ ਕਿ ਕੋਈ ਬੰਦਾ ਅਜਿਹਾ ਨਾ ਰਹਿ ਜਾਏ ਜਿਸ ਦੀ ਮਦਦ ਨਾ ਹੋ ਸਕੇ, ਕਿਉਂਕਿ ਉਨ੍ਹਾਂ ਨੂੰ ਉਪਰ ਚੁਕਣਾ ਸਾਡੀ

ਸਰਕਾਰ ਦਾ ਫਰਜ਼ ਹੈ । ਅਸੀਂ ਫੈਸਲਾ ਕਰ ਚੁਕੇ ਹਾਂ ਕਿ ਉਨ੍ਹਾਂ ਦੀ ਮਦਦ ਕੀਤੀ ਜਾਵੇਗੀ । (ਥੰਪਿੰਗ) ਸਪੀਕਰ ਸਾਹਿਬ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਅੱਜ ਬਾਦਲ ਸਾਹਿਬ ਸਾਡੇ ਵਿਚ ਬੈਠੇ ਨਹੀਂ । ਮੈਂ ਸਮਝਦਾ ਹਾਂ ਕਿ ਉਨ੍ਹਾਂ ਲੋਕਾਂ ਦੀ ਇਹ ਮਾੜੀ ਕਿਸਮਤ ਹੈ, ਜਿਨ੍ਹਾਂ ਨੇ ਉਨ੍ਹਾਂ ਨੂੰ ਏਥੇ ਚੁਣ ਕੇ ਭੇਜਿਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਏਥੇ ਬੈਠ ਕੇ ਕਿਹਾ ਸੀ ਕਿ ਜੋ ਵੀ ਹੋਵੇ ਉਹ ਰਿਜ਼ਲਟ ਓਰੀਐਨਟਿਡ ਹੋਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਜੇ ਅੱਜ ਉਹ ਏਥੇ ਹਾਊਸ ਵਿਚ ਹਾਜ਼ਰ ਹੁੰਦੇ ਤਾਂ ਮੈਂ ਉਹਨਾਂ ਨੂੰ ਦਸਦਾ ਕਿ ਅਸੀਂ ਤਿੰਨ ਸਾਲਾਂ ਵਿੱਚ ਤੁਹਾਡੇ ਮੁਕਾਬਲੇ ਕਿੰਨਾ ਕੰਮ ਕੀਤਾ ਹੈ । ਲੇਕਿਨ ਸਪੀਕਰ ਸਾਹਿਬ ਨਮੂਨੇ ਦੇ ਤੌਰ ਤੇ ਮੈਂ ਕੁਝ ਗੱਲਾਂ ਦੱਸਣੀਆਂ ਚਾਹੁੰਦਾ ਹਾਂ । ਸਪੀਕਰ ਸਾਹਿਬ, ਬਿਜਲੀ ਦੇ ਖੇਤਰ ਵਿਚ ਅਸੀਂ ਉਨ੍ਹਾਂ ਨਾਲੋਂ 87% ਜ਼ਿਆਦਾ ਪੈਸਾ ਖਰਚ ਕੀਤਾ ਹੈ ਜਿਹੜੇ ਪ੍ਰਾਜੈਕਟ ਉਨ੍ਹਾਂ ਨੇ ਨਿਗਲੈਕਟ ਕੀਤੇ ਸੀ ਅਸੀਂ 449 ਕਰੋੜ ਰੁਪਏ ਉਨ੍ਹਾਂ ਵਾਸਤੇ ਖਰਚ ਕੀਤੇ ਜਿਥੇ ਉਨ੍ਹਾਂ ਨੇ 200 ਕਰੋੜ ਰੁਪਏ ਦੇ ਕਰੀਬ ਰੱਖੇ ਸੀ। ਇਰੀਗੇਸ਼ਨ ਦੇ ਖੇਤਰ ਵਿਚ ਅਸੀਂ 70% ਉਨ੍ਹਾਂ ਨਾਲੋਂ ਜ਼ਿਆਦਾ ਪੈਸਾ ਖਰਚ ਕਰਾਂਗੇ , ਇਹ ਪ੍ਰਾਜੈਕਟ ਇਹ ਪੱਖ ਉਨ੍ਹਾਂ ਨੇ ਨਿਗਲੈਕਟ ਕੀਤੇ ਸਨ। ਸਪੀਕਰ ਸਾਹਿਬ, ਇਹ ਹੀ ਨਹੀ ਅਸੀ ਹੈਲਥ ਦੇ ਮਾਮਲੇ ਵਿਚ ਵੀ ਇਨ੍ਹਾਂ ਨਾਲੋ 85% ਅੱਗੇ ਵਧੇ ਹਾਂ । ਮੈਂ ਇਹ ਸਾਰਾ ਮੁਕਾਬਲਾ ਤਿੰਨ ਸਾਲਾਂ ਦਾ ਕਰ ਰਿਹਾ ਹਾਂ । ਇਨ੍ਹਾਂ ਨੇ 64 ਕਰੋੜ ਰੁਪਿਆ ਖਰਚ ਕੀਤਾ ਸੀ ਅਸੀਂ 100 ਕਰੋੜ ਰੁਪਏ ਤੋਂ ਵੱਧ ਖਰਚ ਕੀਤਾ । ਸਪੀਕਰ ਸਾਹਿਬ, ਸੇਲਜ਼ ਟੈਕਸ ਦੀ ਕੁਲੈਕਸ਼ਨ ਕਰਨਾ ਆਰਥਕ ਦਸ਼ਾ ਨੂੰ ਸੁਧਾਰਣ ਵਲ ਇਕ ਵੱਡਾ ਕਦਮ ਹੈ। ਅਜਿਹਾ ਰਸਤਾ ਹੋਵੇ ਜਿਸ ਨਾਲ ਕੁਲੈਕਸ਼ਨ ਵਿਚ ਵਾਧਾ ਹੋਵੇ । ਸਾਡੀ ਕੁਲੈਕਸ਼ਨ ਸਪੀਕਰ ਸਾਹਿਬ, 70 ਫੀਸ ਦੀ ਹੈ ਅਸੀ ਇਹ ਵੀ ਇਨ੍ਹਾਂ ਤੋ ਕਾਫੀ ਵੱਧ ਕੀਤੀ ਹੈ । ਐਕਸਾਈਜ਼ ਇਕ ਅਜਿਹਾ ਸਫੀਅਰ ਹੈ, ਜਿਥੇ ਕਿਸੇ ਨੂੰ ਤਕਲੀਫ ਹੀ ਨਹੀਂ ਹੁੰਦੀ ਨਾ ਕੋਈ ਮਹਿਸੂਸ ਕਰਦਾ ਹੈ । ਐਕਸਾਈਜ਼ ਵਿਚ ਅਸੀਂ 56 ਫੀ ਸਦੀ ਇਨ੍ਹਾਂ ਨਾਲੋਂ ਵੱਧ ਪ੍ਰਾਪਤੀਆਂ ਕੀਤੀਆਂ ਹਨ। ਰੈਵੀਨਿਊ ਜਿਹੜਾ ਸੀ ਅਸੀਂ ਅਗੇ ਨਾਲੋਂ 62% ਵੱਧ ਵਸੂਲ ਕੀਤੇ ਹਨ । ਸਪੀਕਰ ਸਾਹਿਬ, ਇਹ ਹੀ ਨਹੀਂ ਬਲਕਿ ਸੈਂਟਰ ਤੋਂ ਵੀ ਅਸੀਂ 43% ਤੋਂ ਵਧੇਰੇ ਗਰਾਂਟਸ ਲਈਆਂ ਹਨ, ਜਿੰਨੀਆਂ ਇਨ੍ਹਾਂ ਨੇ ਲਈਆਂ ਸਨ ਇਹ ਉਸ ਤੋਂ ਵੱਧ ਹਨ। ਇਹਨਾਂ ਨੇ ਸੈਂਟਰ ਤੋਂ ਪਿਛਲੇ ਸਮੇਂ ਵਿਚ 600 ਕਰੋੜ ਰੁਪਿਆ ਪ੍ਰਾਪਤ ਕੀਤਾ ਸੀ ਅਸੀਂ 907 ਕਰੋੜ ਰੁਪਿਆ ਲਿਆ। ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਸੀ ਸੌਖੇ ਸੌਖੇ ਚੱਲਣਾਂ, ਪੋਲੇ ਪੋਲੇ ਚੱਲਣਾ ਬੜਾ ਸੌਖਾ ਹੈ ਪਰ ਪੱਥਰਾਂ ਤੇ ਚੱਲਣਾਂ ਮੁਸੀਬਤਾਂ ਦਾ ਮੁਕਾਬਲਾ ਕਰਦੇ ਹੋਏ ਚੱਲਣਾ, ਔਕੜਾ ਦਾ ਸਾਹਮਣਾ ਕਰਦੇ ਹੋਏ ਚੱਲਣਾ ਬਹੁਤ ਔਖਾ ਕੰਮ ਹੈ। ਇੱਕ ਪਾਸੇ ਤਾਂ ਕਿਹਾ ਜਾਂਦਾ ਹੈ ਕਿ ਟੈਕਸ ਬਜਟ ਵਿੱਚ ਲਾਇਆ ਕੋਈ ਨਹੀਂ। ਪਤਾ ਨਹੀ ਕਦੋ ਲਾਇਆ ਜਾਵੇਗਾ ਔਰ ਇੱਕ ਪਾਸੇ ਕਿਹਾ ਜਾਂਦਾ ਹੈ ਕਿ ਟੈਕਸਾਂ ਤੋਂ ਬਗੈਰ ਬਜਟ ਕੀ ਹੋਇਆ। ਬਜਟ ਦੇ ਰੀਸੋਰਸਿਜ਼ ਕਿੱਥੋਂ ਆਉਣਗੇ , ਇਹ ਕਿਹਾ ਜਾ ਰਿਹਾ ਹੈ ਕਿ ਰੀਸੋਰਸਿਜ਼ ਵੀ ਮੋਬੇਲਾਇਜ਼ ਕਰਨੇ ਹਨ ਇਹ ਵੀ ਮੋਬੇਲਾਈਜ਼ ਕੀਤੇ ਜ਼ਾਣ ਔਰ ਤਰੱਕੀ ਵੀ ਹੋ ਜਾਵੇ ਇਹ ਸਪੀਕਰ ਸਾਹਿਬ ਨਾ-ਮੁਮਕਿਨ ਹੈ । ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ 1977 ਤੋਂ ਲੈਕੇ 1980 ਤਕ ਸਿਰਫ 13 ਕਰੋੜ ਦੇ ਰਿਸੋਰਸਿਜ਼ ਮੋਬੇਲਾਈਜ਼ ਕੀਤੇ ਗਏ ਅਤੇ 1980 ਤੋਂ ਲੈਕੇ 1983 ਤਕ ਇਹ ਤਿੰਨ ਸਾਲਾਂ ਵਿਚ 266. 89 ਕਰੋੜ ਦੇ ਰਿਸੋਰਸਿਜ਼ ਮੋਬੇਲਾਈਜ਼ ਕੀਤੇ ਗਏ ਤਾਕਿ ਸਟੇਟ ਦੀ ਭਲਾਈ ਹੋ ਸਕੇ । ਛੇਵੇਂ ਫਾਈਵ ਯੀਅਰ ਪਲਾਨ ਵਿਚ 600 ਕਰੋੜ ਰੁਪਏ ਦੇ ਰਿਸੋਰਸਿਜ਼ ਮੋਬੇਲਾਈਜ਼ ਕਰਨ ਦਾ ਸਾਨੂੰ ਯਕੀਨ ਹੈ । ਐਨੇ ਰਿਸੋਰਸਿਜ਼ ਮੋਬੇ-ਲਾਇਜ਼ ਕਰਨ ਨਾਲ 653 ਕਰੋੜ ਰੁਪਏ ਪ੍ਰਾਪਤ ਹੋਣਗੇ । ਸਪੀਕਰ ਸਾਹਿਬ, ਇਨ੍ਹਾਂ ਪ੍ਰਾਪਤੀਆਂ ਦੇ ਨਾਲ ਮੈਂ ਇਸ ਬਾਰੇ ਜ਼ਰੂਰ ਜ਼ਿਕਰ ਕਰਨਾ ਚਾਹਵਾਂਗਾ ਕਿ ਇਕ ਇਥੇ ਗਲ ਕੀਤੀ ਗਈ ਸੀ

[ਵਿੱਤ ਮੰਤਰੀ]

ਕਿ ਚੋਰ ਦਰਵਾਜੇ ਦੇ ਰਸਤੇ ਟੈਕਸ ਲਗਾ ਲਏ। ਪਹਿਲਾਂ ਜੋ ਲਗਾ ਲਿਆ ਹੈ ਉਹ 1% ਸੈਸ ਦਾ ਜ਼ਿਕਰ ਕੀਤਾ ਸੀ। ਇਲੈਕਟ੍ਰਿਸਿਟੀ ਬਾਰੇ ਬੜਾ ਸ਼ੋਰ ਹੋਇਆ। ਅੱਜ ਇਸ ਵੇਲੇ ਮਾਸਟਰ ਬਾਬੂ ਸਿੰਘ ਜੀ ਮੇਰੇ ਮੋਹਤਰਮ ਦੋਸਤ ਇਸ ਵੇਲੇ ਇਥੇ ਮੌਜੂਦ ਨਹੀਂ ਹਨ, ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ। ਪਿਛਲੇ ਬਜਟ ਸਪੀਚ ਵਿਚ ਮੇਰੇ ਸੁਝਾਓ ਸਨ ਜਿਨ੍ਹਾਂ ਬਾਰੇ ਇਥੇ ਕਹਾਂਗਾ। ਉਸ ਵਿਚ ਇਹ ਲਿਖਿਆ ਹੋਇਆ ਹੈ ਕਿ :

> "........it is proposed to collect an additional amount of 1 per cent by way of fee/cess on agricultural produce brought to the markets. This is expected to yield an additional revenue of about Rs. 20.00 crores."

ਬਿਜਲੀ ਦੀ ਸਿਕਿਉਰਟੀ ਬਾਰੇ ਬਾਰ ਬਾਰ ਕਿਹਾ ਜਾਂਦਾ ਹੈ ਕਿ ਵਧਾ ਦਿਤੀ ਗਈ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਇਹ ਸਰਵਿਸ ਲਾਈਨਜ਼ ਚਾਰਜਿਜ਼ ਹਨ। ਇਸ ਬਾਰੇ ਵੀ ਪਿਛਲੇ ਸਾਲ ਦੀ ਬਜਟ ਸਪੀਚ ਵਿਚ ਲਿਖਿਆ ਹੋਇਆ ਹੈ :—

> "The present rates of service line charges being charged by the Punjab State Electricity Board are very low and there has been price escalation since these were last revised. In order to bring these charges to a realistic level and to reduce the losses to the Punjab State Electricity Board on this account; it is proposed to suitably increase these charges in respect of new connections with effect from 1st April, 1982. This is expected to yield an additional revenue of Rs. 3.40 crores to the Board."

ਇਸ ਪਿਛਲੇ ਸਾਲ ਦੀ ਮੇਰੀ ਬਜਟ ਸਪੀਚ ਵਿਚ ਦੋਨੋਂ ਚੀਜ਼ਾਂ ਦਾ ਜ਼ਿਕਰ ਹੈ। ਇਹ ਚੀਜ਼ ਨੂੰ ਮੈਂ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਕਦੇ ਵੀ ਕਿਸੇ ਗਲ ਤੋਂ ਝਿਝਕ ਨਹੀਂ ਕੀਤੀ। ਚੋਰ ਦਰਵਾਜਿਆਂ ਰਾਹੀਂ ਦਾਖਲ ਹੋਣ ਦੀ ਕਿਸੇ ਹੋਰ ਨੂੰ ਆਦਤ ਹੋਏਗੀ ਪਰ ਪੰਜਾਬ ਸਰਕਾਰ ਨੂੰ ਨਹੀਂ ਹੈ। ਇਹ ਸਰਕਾਰ ਬਹਾਦਰੀ ਨਾਲ ਹਰ ਮੁਸ਼ਕਿਲ ਦਾ ਸਾਹਮਣਾ ਕਰ ਸਕਦੀ ਹੈ ਅਤੇ ਇਸ ਨੂੰ ਬੁਜ਼ਦਿਲਾਂ ਵਾਂਗ ਚਲਣ ਦੀ ਲੋੜ ਨਹੀਂ ਹੈ।

ਇਥੇ ਕ੍ਰਿਟੇਸਿਜ਼ਮ ਹੋਇਆ ਸੀ ਕਿ **Budget** ਵਿਚ ਖਰਚੇ ਨੂੰ **escape** ਦੀ ਆੜ ਥੱਲੇ ਨਹੀਂ ਦੱਸਿਆ, ਲਕੋ ਲਿਆ ਹੈ ਅਤੇ ਅਸਲ ਗੱਲ ਨੂੰ ਛੁਪਾ ਲਿਆ ਹੈ ਅਤੇ ਇਨ੍ਹਾਂ ਨੇ ਟੈਕਸ ਹੋਰ ਲਗਾਣੇ ਹਨ। 125 ਕਰੋੜ ਦਾ ਜ਼ਿਕਰ ਹੈ ਬਜਟ ਸਪੀਚ ਵਿਚ ਕਿ ਐਫ. ਸੀ. ਆਈ. ਤੋਂ ਲੈਣਾ ਹੈ। ਅਗਰ ਪਿਛਲੇ ਪੈਸੇ ਜਿਹੜੇ ਕਿ ਸਾਡੇ ਖਰਚੇ ਦੇ ਬਣਦੇ ਹੋਣ ਗੌਰਮਿੰਟ ਆਫ ਇੰਡੀਆ ਦੀ ਏਜੰਸੀ ਕੋਲੋਂ ਐਫ. ਸੀ. ਆਈ. ਤੋਂ ਅਸੀਂ ਕਿਉਂ ਨਾ ਕਲੇਮ ਕਰੀਏ। ਪਹਿਲਾਂ ਉਨ੍ਹਾਂ ਨੇ ਪੈਸੇ ਕਲੇਮ ਨਹੀਂ ਕੀਤੇ। ਮੈਨੂੰ ਅੱਜ ਇਹ ਦੱਸਣ ਵਿਚ ਖੁਸ਼ੀ ਹੈ ਕਿ ਜਿਨ੍ਹਾਂ ਚੀਜ਼ਾਂ ਵਲ ਪਹਿਲਾਂ ਧਿਆਨ ਨਹੀਂ ਦਿਤਾ ਗਿਆ ਸੀ, ਉਨ੍ਹਾਂ ਚੀਜ਼ਾਂ ਵਲ ਹੁਣ ਦੀ ਸਰਕਾਰ ਨੇ ਧਿਆਨ ਦਿਤਾ ਹੈ। ਸਾਡੇ ਸੀ. ਐਮ. ਸਾਹਿਬ ਖੁਦ ਕੇਂਦਰ ਸਰਕਾਰ ਨੂੰ ਦਿਲੀ ਜਾਕੇ ਮਿਲੇ ਕੇਂਦਰ ਦੇ **Finance Minister** ਨਾਲ ਭੇਂਟ ਕਰਦੇ ਹੋਏ ਉਨ੍ਹਾਂ ਕਿਹਾ ਕਿ ਅਸੀਂ ਜੋ ਅਨਾਜ ਪੈਦਾ ਕਰਕੇ ਅਤੇ ਸਭ ਤੋਂ ਜ਼ਿਆਦਾ ਕੇਂਦਰ ਦੇ ਅਨਾਜ ਭੰਡਾਰ ਵਿਚ ਹਿਸਾ ਪਾਉਂਦੇ ਹਾਂ ਇਹ ਕੋਈ ਅਸੀਂ ਜੁਰਮ ਨਹੀਂ ਕਰਦੇ, ਮੁਲਕ ਦੀ ਸੇਵਾ ਕਰਦੇ ਹਾਂ। ਸਾਨੂੰ ਇਹ ਪੈਸਾ ਜਿਹੜਾ **F. C. I.** ਵੱਲ ਨਿਕਲਦਾ ਹੈ, ਉਸ ਨੂੰ ਰੋਕ ਕੇ ਸਾਨੂੰ **financial crisis** ਵੱਲ ਨਾ ਧਕੇਲੋ ਸਗੋਂ ਇਸਨੂੰ ਦਬਾ ਕੇ ਸਾਡੀ ਮਦਦ ਕਰੋ। ਸੈਂਟਰ ਦੇ ਐਫ. ਐਮ. ਸਾਹਿਬ ਨੇ ਇਨ੍ਹਾਂ ਦੀ ਗੱਲ ਸੁਣ ਕੇ ਇਨ੍ਹਾਂ ਨੂੰ ਯਕੀਨ ਦਿਲਾਇਆ ਕਿ ਤੁਹਾਡੇ ਜੋ ਪੈਸੇ ਏਰੀਅਰਜ਼ ਵਿਚ ਪਏ ਹਨ, ਉਹ ਜਲਦੀ ਤੋਂ ਜਲਦੀ ਤੁਹਾਨੂੰ ਦਿਵਾਵਾਂਗੇ। ਤੁਹਾਡੇ ਨਾਲ ਪੂਰਾ ਇਨਸਾਫ ਕਰਾਂਗੇ (ਥੰਪਿੰਗ) ਇਨ੍ਹਾਂ ਨੇ ਕਿਹਾ ਹੈ ਕਿ ਇੰਟਰਸਟ ਵੀ ਸਾਨੂੰ ਦੇਣਾ ਚਾਹੀਦਾ ਹੈ। ਕੁਆਲਿਟੀ ਕੱਟ ਨਹੀਂ ਲਗਾਉਣੀ ਚਾਹੀਦੀ। ਸਾਡੇ ਚੀਫ ਮਨਿਸਟਰ ਸਾਹਿਬ ਨੇ

ਬੜੀ ਦਲੇਰੀ ਨਾਲ ਉਨ੍ਹਾਂ ਨਾਲ ਗਲ ਕੀਤੀ ਹੈ। ਅਗਰ ਸਾਨੂੰ ਪੈਸੇ ਮਿਲਦੇ ਹਨ ਤਾਂ ਸਾਡੇ ਤੇ ਇਸ ਪ੍ਰਤੀ ਨੁਕਤਾਚੀਨੀ ਕਰਨ ਵਾਲਿਆਂ ਨੂੰ ਕੋਈ ਕਸ਼ਟ ਨਹੀਂ ਹੋਣਾ ਚਾਹੀਦਾ। ਮੈਂ ਇਸ ਬਾਰੇ ਇਥੇ ਜ਼ਿਕਰ ਕਰਨਾ ਚਾਹੁੰਦਾ ਹਾਂ ਕਿਉਂਕਿ ਇਥੇ ਰੌਲਾ ਪਿਆ ਹੈ ਕਿ ਇਹ ਆਪਣਾ ਘਰ ਬਾਰ ਵੇਚਣਾ ਚਾਹੁੰਦੇ ਹਨ। ਇਹ ਆਪਣਾ ਮਾਲ ਵੇਚ ਕੇ ਪੈਸਾ ਇਕੱਠਾ ਕਰਨਾ ਚਾਹੁੰਦੇ ਹਨ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਬਜਟ ਪ੍ਰੋਪੋਜ਼ਲਜ਼ ਵਿਚ 10 ਕਰੋੜ ਰੁਪਏ ਅਜਿਹੇ ਹਨ ਜਿਹੜੇ ਕਿ ਕਈ ਸਾਧਨਾਂ ਤੋਂ ਇਕੱਠੇ ਕਰਨੇ ਹਨ। ਇਕ ਰੀਹੈਬੀਲੀਟੇਸ਼ਨ ਦੇ ਮਹਿਕਮੇਂ ਦੀ ਜ਼ਮੀਨ ਹੈ ਜਿਹੜੀ ਕਿ ਅੱਜ ਅਸੀਂ ਨਵੀਂ ਨਹੀਂ ਵੇਚਣ ਲਗੇ। ਮੇਰੇ ਕੋਲ 1956 ਦਾ ਫੈਸਲਾ ਹੈ ਜਿਸ ਬਾਰੇ ਅਜ ਬਜਟ ਬਾਰੇ ਹੁਣ ਮੈਨਸ਼ਨ ਕੀਤਾ ਹੈ ਔਰ ਗੌਰਮਿੰਟ ਦਾ ਹਮੇਸ਼ਾ ਧਿਆਨ ਇਸ ਗਲ ਵਲ ਹੁੰਦਾ ਹੈ ਕਿ ਜਿਹੜੀਆਂ ਚੀਜ਼ਾਂ ਫਾਲਤੂ ਪਈਆਂ ਹਨ, ਉਨ੍ਹਾਂ ਤੋਂ ਅਗਰ ਸਟੇਟ ਦੇ ਰਿਸੋਰਸਿਜ਼ ਮੋਬੇਲਾਈਜ਼ ਹੋ ਸਕਦੇ ਹਨ ਤਾਂ ਕਿਉਂ ਨਾ ਕੀਤੇ ਜਾਣ। ਇਹ ਮਈ, 1956 ਦਾ ਫੈਸਲਾ ਹੈ। ਇਸ ਨਾਲ ਐਡੀਸ਼ਨਲ ਰਿਸੋਰਸਿਜ਼ ਮੋਬੇਲਾਈਜ਼ ਕਰਨੇ ਸਨ ਸੈਕਿੰਡ ਫਾਈਵ ਯੀਅਰ ਪਲੈਨ ਲਈ। ਉਦੋਂ ਦਾ ਫੈਸਲਾ ਅਸੀਂ ਹੁਣ ਇੰਪਲੀਮੈਂਟ ਕਰਨ ਲਗੇ ਹਾਂ। ਉਸ ਜ਼ਮੀਨ ਤੇ ਲੋਕਾਂ ਦੇ ਨਜਾਇਜ਼ ਕਬਜ਼ੇ ਹੋਏ ਹੋਏ ਹਨ। ਸਟੇਟ ਦਾ ਨੁਕਸਾਨ ਹੋ ਰਿਹਾ ਹੈ। ਇਹ ਵੇਚ ਕੇ ਸਟੇਟ ਦਾ ਫਾਇਦਾ ਹੋਏਗਾ। 1956 ਤੋਂ ਬਾਅਦ 1978 ਵਿਚ ਅਕਾਲੀ ਸਰਕਾਰ ਸੀ, ਇਹ ਉਨ੍ਹਾਂ ਨੇ ਫੈਸਲਾ ਕੀਤਾ ਸੀ :—

"The progress of implementation reviewed by the High Level Committee on 15th December, 1978 :—

(a) Disposal of surplus lands and buildings through public auction was re-iterated ;

(b) Nazul lands in rural areas to be allotted to Co-operative Farming Society of Members of Scheduled Castes ;

(c) Follow up action for disposal of the properties is to be taken up by the Administrative Department concerned."

ਇਹ ਸਾਰੀਆਂ ਚੀਜ਼ਾਂ ਜਿਹੜੀਆਂ ਕਿ 1978 ਵਿਚ ਰੀਵੀਊ ਕੀਤੀਆਂ ਗਈਆਂ ਹਨ, ਉਨ੍ਹਾਂ ਬਾਰੇ ਅਸੀਂ ਹੁਣ ਫੈਸਲਾ ਲਿਆ ਹੈ। ਉਸ ਨੂੰ ਇੰਪਲੀਮੈਂਟ ਕਰਨ ਲਈ ਡੀਸੀਜ਼ਨ ਲਿਆ ਹੈ। ਇਨ੍ਹਾਂ ਰਿਸੋਰਸਿਜ਼ ਨਾਲ ਜ਼ਿਆਦਾ ਆਮਦਨ ਕਰਾਂਗੇ। ਮੈਂ ਤੁਹਾਡੀ ਸੇਵਾ ਵਿਚ ਪ੍ਰਾਰਥਨਾ ਕਰਨਾ ਚਾਹੁੰਦਾ ਹਾਂ ਕਿ ਜਿਸ ਵੇਲੇ ਪੈਕੇਜ਼ ਡੀਲ ਹੋਇਆ ਰੀਹੈਬੀਲੀਟੇਸ਼ਨ ਦੀ ਜ਼ਮੀਨ ਮਿਲੀ ਇਹ 20 ਸਾਲ ਪਹਿਲਾਂ ਦੀ ਗੱਲ ਹੈ। ਇਹ ਉਦੋਂ 25.23 ਕਰੋੜ ਦੀ ਪਰਾਪਰਟੀ ਸੀ। ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਇਹ ਅੱਜ ਕਿੰਨੇ ਦੀ ਪਰਾਪਰਟੀ ਹੋਏਗੀ। ਅੱਜ ਇਹ 200 ਕਰੋੜ ਦੀ ਪਰਾਪਰਟੀ ਹੋਵੇਗੀ। ਅਸੀਂ ਕੋਈ ਬਹੁਤੀ ਛਾਲ ਨਹੀਂ ਮਾਰੀ। ਅਸੀਂ ਦੇਖਿਆ ਹੈ ਕਿ ਡਿਸਪੋਜ਼ਲ ਕਿੰਨੀ ਹੈ। ਉਸ ਦੀ ਡਿਸਪੋਜ਼ਲ ਸਿਰਫ ਦਸ ਕਰੋੜ ਦੀ ਹੈ। ਅਗਰ ਪੰਜ ਕਰੋੜ ਦੀ ਜ਼ਮੀਨ ਵੇਚੀ ਜਾਏ ਤਾਂ ਇਸ ਵਿਚ ਕੋਈ ਗੁਨਾਹ ਨਹੀਂ ਕੀਤਾ ਗਿਆ ਹੈ। ਇਹ ਅਸੀਂ ਫੈਕਟਸ ਰਖੇ ਹਨ। ਇੱਕ ਹੋਰ ਸਕਰੈਪ ਵੇਚਣ ਦਾ ਨਵਾਂ ਢੰਗ ਹੈ। ਇਹ ਸਕਰੈਪ ਜ਼ਾਇਆ ਹੋ ਜਾਏ ਤਾਂ ਉਸ ਦਾ ਕੀ ਫਾਇਦਾ ਹੈ। ਮੋਟਰਾਂ ਜ਼ਾਇਆ ਹੋ ਜਾਣ, ਇਸ ਦਾ ਕੀ ਫਾਇਦਾ ਹੈ। ਅਕਾਲੀ ਰਿਜੀਮ ਵਿਚ ਮੈਂ ਜਦੋਂ ਆਪੋਜ਼ੀਸ਼ਨ ਵਿਚ ਬੈਠਦਾ ਸੀ ਤਾਂ ਉਦੋਂ ਵੇਖਿਆ ਕਿ ਇੱਕ ਜਗ੍ਹਾਂ ਤੇ ਰੋਡ ਰੋਲਰ ਖੜ੍ਹਾ ਸੀ। ਮੈਂ ਉਸ ਵੇਲੇ ਦੀ ਸਰਕਾਰ ਦੇ ਨੋਟਿਸ ਵਿਚ ਵੀ ਇਹ ਚੀਜ਼ ਲਿਆਂਦੀ ਕਿ ਉਸ ਨੂੰ ਠੀਕ ਕਰੋ। ਪਰ ਕੋਈ ਐਕਸ਼ਨ ਨਹੀਂ ਲਿਆ ਗਿਆ ਔਰ ਮੇਰੇ ਦੇਖਦੇ ਦੇਖਦੇ ਹੀ ਉਹ ਰੋਲਰ ਦੋ ਸਾਲਾਂ ਵਿਚ ਗਾਇਬ ਹੋ ਗਿਆ। ਇੱਕ ਇੱਕ ਪੁਰਜ਼ਾ ਉਸਦਾ ਲੋਕ ਚੁੱਕ ਕੇ ਲੈ ਗਏ। ਅਗਰ ਇਸ ਤਰ੍ਹਾਂ ਨਾਲ

[ਵਿੱਤ ਮੰਤਰੀ]

ਚੀਜ਼ਾਂ ਨੂੰ ਜ਼ਾਇਆ ਹੋਣ ਤੋਂ ਰੋਕਿਆ ਜਾਏ ਤਾਂ ਇਸ ਵਿਚ ਕਿਹੜੀ ਮਾੜੀ ਗੱਲ ਹੈ। ਜੇਕਰ ਇਸ ਵਿਚ ਗਫਲਤ ਕੀਤੀ ਜਾਏ ਤਾਂ ਕਿਸੇ ਵੀ ਸਰਕਾਰ ਲਈ ਇਹ ਠੀਕ ਨਹੀਂ ਹੈ ਅਤੇ ਇਸ ਲਈ ਉਹ ਕਸੂਰਵਾਰ ਹੈ ਇਨ੍ਹਾਂ ਹਾਲਾਤ ਵਿਚ ਫਿਰ ਕਿਉਂ ਨਾ ਸਕਰੈਪ ਟੁੱਟ ਭੱਜ ਦਾ ਸਮਾਨ ਕਿਉਂ ਨਾ ਆਕਸ਼ਨ ਕੀਤੀ ਜਾਏ। ਇਹ ਪੰਜਾਬ ਸਰਕਾਰ ਦਾ ਵਾਜਬ ਫੈਸਲਾ ਹੈ।

ਸਮਾਲ ਸੇਵਿੰਗਜ਼ ਵਾਸਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇੱਕ ਹਜ਼ਾਰ ਰੁਪਿਆ ਛੇ ਸਾਲਾਂ ਬਾਅਦ ਦੁਗਣਾ ਹੋ ਜਾਂਦਾ ਹੈ ਅਤੇ ਇਹ ਰਕਮ ਦਸ ਸਾਲਾਂ ਬਾਅਦ ਤਿਗਣੀ ਹੋ ਜਾਣੀ ਹੈ। ਲੋਕਾਂ ਦੇ ਪੈਸੇ ਦਾ 2/3 ਹਿੱਸਾ ਪ੍ਰਦੇਸ਼ ਦੇ ਕੰਮ ਆਉਣਾ ਹੈ, ਕਿਉਂ ਜੋ ਲੰਬੇ ਸਮੇਂ ਦੇ ਕਰਜ਼ੇ ਦੇ ਤੌਰ ਤੇ ਥੋੜੇ ਸੂਦ ਤੇ ਉਸ ਪ੍ਰਦੇਸ਼ ਨੂੰ ਮਿਲ ਜਾਂਦਾ ਹੈ। ਪੰਜਾਬ ਦੀ ਪਰ ਕੈਪਿਟਾ ਇਨਕਮ ਸਭ ਤੋਂ ਜ਼ਿਆਦਾ ਹੈ। ਅਗਰ ਸਾਰੇ ਪਰਿਵਾਰ ਔਸਤਨ 5-5 ਸੌ ਰੁਪਿਆ ਸਾਰੇ ਸਾਲ ਵਿਚ ਇਸ ਸਕੀਮ ਵਿਚ ਜਮ੍ਹਾਂ ਕਰਵਾ ਦੇਣ ਤਾਂ 195 ਕਰੋੜ ਰੁਪਿਆ ਸਮਾਲ ਸੇਵਿੰਗਜ਼ ਵਿਚ ਜਮਾਂ ਹੋ ਜਾਂਦਾ ਹੈ। ਜਿਹੜਾ 2/3 ਹਿਸਾ ਲਗ ਭਗ 130 ਕਰੋੜ ਪ੍ਰਦੇਸ਼ ਨੂੰ ਮਿਲ ਸਕਦਾ ਹੈ ਔਰ ਇਸ ਨਾਲ ਪ੍ਰਦੇਸ਼ ਦੀ ਤਰੱਕੀ ਵਾਸਤੇ ਬਹੁਤ ਵੱਡੀ ਮੱਦਦ ਮਿਲੇਗੀ। ਐਸੇ ਲੋਕ ਵੀ ਹਨ ਜਿਹੜੇ ਕਿ 10-10 ਹਜ਼ਾਰ, 20-20 ਹਜ਼ਾਰ ਰੁਪਿਆ ਜਮ੍ਹਾਂ ਕਰਵਾ ਸਕਦੇ ਹਨ। ਇਸ ਤਰ੍ਹਾਂ ਜਮ੍ਹਾਂ ਕਰਵਾਈ ਗਈ ਰਕਮ 6 ਸਾਲਾਂ ਬਾਅਦ ਦੁੱਗਣੀ ਅਤੇ 10 ਸਾਲਾਂ ਬਾਦ ਤਿੱਗਣੀ ਹੋ ਜਾਂਦੀ ਹੈ। ਜੋ ਇਸ ਤਰ੍ਹਾਂ ਦੇ ਰਿਸੋਰਸਿਜ਼ ਮੋਬੇਲਾਈਜ਼ ਕਰਕੇ ਅਤੇ ਸਟੇਟ ਨੂੰ ਟੈਕਸ ਫਰੀ ਬਜਟ ਦਿਤਾ ਹੈ ਤਾਂ ਇਸ ਦੀ ਤਾਰੀਫ ਕਰਨੀ ਚਾਹੀਦੀ ਹੈ ਅਤੇ ਕਹਿਣਾ ਚਾਹੀਦਾ ਹੈ ਕਿ ਇਹ ਠੀਕ ਗੱਲ ਹੈ। (ਥੰਪਿੰਗ) ਸਪੀਕਰ ਸਾਹਿਬ, ਮੈਂ ਯਕੀਨ ਦਿਵਾਉਂਦਾ ਹਾਂ ਕਿ ਸਾਡਾ ਮਨਸ਼ਾ ਪੰਜਾਬ ਦੇ ਲੋਕਾਂ ਨੂੰ ਪਰੇਸ਼ਾਨ ਕਰਨ ਦਾ ਬਿਲਕੁਲ ਨਹੀਂ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿੰਨੇ ਟੈਕਸ ਲੱਗੇ ਹੋਏ ਹਨ ਅਗਰ ਉਹ ਠੀਕ ਢੰਗ ਨਾਲ ਵਸੂਲ ਹੋ ਜਾਣ, ਉਨ੍ਹਾਂ ਦੀ ਚੋਰੀ ਨਾ ਹੋਵੇ ਅਤੇ ਟੈਕਸ ਪੂਰੇ ਆ ਜਾਣ ਤਾਂ ਫਿਰ ਸਾਨੂੰ ਹੋਰ ਟੈਕਸ ਲਗਾਉਣ ਦੀ ਕੱਤਈਅਨ ਜ਼ਰੂਰਤ ਨਹੀਂ ਹੈ।

ਸਪੀਕਰ ਸਾਹਿਬ, ਕੁਝ ਗਲਾਂ ਦਾ ਜ਼ਿਕਰ ਮੈਂ ਹੋਰ ਕਰਨਾ ਚਾਹੁੰਦਾ ਹਾਂ। ਇਥੇ ਮਾਸਟਰ ਬਾਬੂ ਸਿੰਘ ਨੇ ਬੱਜਟ ਐਟ ਏ ਗਲਾਂਸ ਦਾ ਜ਼ਿਕਰ ਕਰਦੇ ਹੋਏ ਕੁਝ ਗਲਾਂ ਕੀਤੀਆਂ। ਉਨ੍ਹਾਂ ਨੇ ਪਲਾਨ ਐਕਸਪੈਂਡੀਚਰ ਬਾਰੇ ਕਿਹਾ। ਠੀਕ ਹੈ, ਇਸ ਬਜਟ ਐਟ ਏ ਗਲਾਂਸ ਵਿਚ ਲਿਖਿਆ ਹੈ ਕਿ ਪਲਾਨ ਐਕਸਪੈਂਡੀਚਰ 385 ਕਰੋੜ ਰੁਪਏ ਹੋ ਗਈ। ਇਹ ਠੀਕ ਹੈ। ਲੇਕਿਨ ਉਨ੍ਹਾਂ ਨੂੰ ਉਹ ਗੱਲ ਵੀ ਪੜ੍ਹਨੀ ਚਾਹੀਦੀ ਸੀ ਜਿਹੜੇ ਫਾਇਦੇ ਵਾਲੀ ਹੈ। ਪੰਜਾਬ ਸਰਕਾਰ ਪਲਾਨ ਵਿਚੋਂ ਪਰ ਕੈਪਿਟਾ ਐਕਸਪੈਂਡੀਚਰ ਕਿੰਨਾ ਕਰਦੀ ਹੈ? ਅਗਰ ਇਹ ਫਿੱਗਰਜ਼ ਉਹ ਪੜ੍ਹ ਲੈਂਦੇ ਹਨ ਤਾਂ ਉਨ੍ਹਾਂ ਨੂੰ ਸਾਰਾ ਪਤਾ ਲੱਗ ਜਾਣਾ ਸੀ। ਮੈਂ ਦੱਸਦਾ ਹਾਂ ਕਿ 613 ਕਰੋੜ ਰੁਪਿਆ ਪਰ ਕੈਪਿਟਾ ਸਰਕਾਰ ਇਸ ਉਤੇ ਖਰਚ ਕਰਦੀ ਹੈ। (ਥੰਪਿੰਗ) ਅਗਰ ਉਹ ਦੋਨਾਂ ਚੀਜ਼ਾਂ ਨੂੰ ਮਿਲਾਕੇ ਦੇਖ ਲੈਂਦੇ ਤਾਂ ਉਨ੍ਹਾਂ ਨੂੰ ਸਾਰਾ ਪਤਾ ਲੱਗ ਜਾਣਾ ਸੀ। ਪਰ ਉਨ੍ਹਾਂ ਨੇ ਇਹ ਚੀਜ਼ ਨਹੀਂ ਦੇਖੀ। ਅਸੀਂ ਟੈਕਸਾਂ ਵੱਲ ਬਹੁਤਾ ਨਹੀਂ ਜਾਣਾ ਚਾਹੁੰਦੇ। ਅਸੀਂ ਚਾਹੁੰਦੇ ਹਾਂ ਕਿ ਪਹਿਲੇ ਲੱਗੇ ਟੈਕਸਾਂ ਦੀ ਵਸੂਲੀ ਅਗਰ ਠੀਕ ਤਰ੍ਹਾਂ ਹੋ ਜਾਵੇ ਤਾਂ ਉਸ ਨਾਲ ਸਭ ਕੁਝ ਮਿਲ ਸਕੇਗਾ। (ਥੰਪਿੰਗ)

ਹੁਣ ਮੈਂ ਇੰਡਸਟਰੀਅਲ ਸੈਕਟਰ ਦੀ ਗੱਲ ਕਰਨਾ ਚਾਹੁੰਦਾ ਹਾਂ।

ਸ੍ਰੀ ਸਪੀਕਰ : ਤੁਸੀਂ ਕਿੰਨਾ ਸਮਾਂ ਹੋਰ ਲਵੋਗੇ?

ਵਿੱਤ ਮੰਤਰੀ : ਮੈਂ ਦੋ ਤਿੰਨ ਹੋਰ ਗੱਲਾਂ ਕਹਿਕੇ ਖਤਮ ਕਰਾਂਗਾ। ਇਥੇ ਕਿਹਾ ਗਿਆ ਕਿ ਮਿਲਕ ਫੈਡ ਕਿਉਂ ਬਣਾ ਦਿਤੀ ਗਈ ਹੈ। ਪਹਿਲਾਂ ਮਾਰਕਫੈਡ ਹੈ ਅਤੇ ਫਿਰ ਮਿਲਕਫੈਡ ਬਣਾ ਦਿਤੀ, ਇਹ ਇਕੋ ਹੀ ਹੋਣੀ ਚਾਹੀਦੀ ਹੈ। ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ

EXTENSION OF TIME OF THE SITTING

Mr. Speaker : Is it the pleasure of the House that the time of the sitting of the House be extended for another 10 minutes ?

(*Voices Yes, Yes.*)

Mr. Speaker : The time of the sitting of the House is extended upto 1.55 P.M.

GENERAL DISCUSSION ON THE BUDGET ESTIMATES FOR THE YEAR 1983-84 (*Resumption*)

ਵਿੱਤ ਮੰਤਰੀ : ਅਗਰ ਪੰਜਾਬ ਵਿਚ ਵ੍ਹਾਈਟ ਰੈਵੋਲਿਊਸ਼ਨ ਆਉਂਦਾ ਹੈ ਤਾਂ ਇਹ ਬੜੀ ਅੱਛੀ ਗੱਲ ਹੈ। ਪਹਿਲੇ ਡੇਅਰੀ ਡਿਵੈਲਪਮੈਂਟ ਵੀ ਬਣੀ ਹੋਈ ਸੀ ਅਤੇ ਇਕ ਮਿਲਕ ਫੈਡ ਵੀ ਹੈ। ਇਸ ਤਰ੍ਹਾਂ duplicacy ਹੋ ਗਈ। ਇਸ ਬਾਰੇ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਇਸ ਨੂੰ ਇਕ ਕੀਤਾ ਜਾਵੇ। ਹੁਣ ਮਿਲਕਫੈਡ ਇਕ ਹੋ ਗਈ ਅਤੇ ਡੇਅਰੀ ਡਿਵੈਲਪਮੈਂਟ ਖਤਮ ਹੋ ਗਈ ਹੈ। ਪਹਿਲਾਂ ਜਿਹੜਾ ਇਸ ਬਾਰੇ ਸਾਢੇ 4 ਕਰੋੜ ਰੁਪਿਆ ਖਰਚ ਆ ਜਾਂਦਾ ਸੀ ਉਸ ਦੇ ਲਈ ਹੁਣ 58 ਕਰੋੜ ਰੁਪਿਆ ਖਰਚਕੇ ਪੰਜਾਬ ਵਿਚ ਸਫੈਦ ਇਨਕਲਾਬ ਲਿਆਂਦਾ ਜਾਵੇਗਾ ਤਾਂਕਿ ਪੰਜਾਬ ਵਿਚ ਦੁੱਧ ਦੀਆਂ ਨਦੀਆਂ ਵਹਾ ਦਿਤੀਆਂ ਜਾਣ। ਜਿਸ ਤਰ੍ਹਾਂ ਅਸੀਂ ਪਹਿਲਾਂ ਚਾਵਲ ਅਤੇ ਕਣਕ ਸਾਰੇ ਹਿਦੁਸਤਾਨ ਵਿਚ ਭੇਜਦੇ ਹਾਂ ਇਸੇ ਤਰ੍ਹਾਂ ਹੁਣ ਅਸੀਂ ਵ੍ਹਾਈਟ ਰੈਵੋਲਿਊਸ਼ਨ ਲਿਆਉਣ ਨਾਲ ਦੁੱਧ ਵੀ ਹਿੰਦੋਸਤਾਨ ਦੇ ਦੂਜਿਆਂ ਸੂਬਿਆਂ ਵਿਚ ਭੇਜ ਸਕਾਂਗੇ। ਫਿਰ ਇਥੇ ਕਿਹਾ ਗਿਆ ਕਿ 58 ਕਰੋੜ ਰੁਪਏ ਦੀਆਂ ਮਸ਼ੀਨਾਂ ਖਰੀਦ ਲੈਣੀਆਂ ਹਨ। ਠੀਕ ਹੈ, ਮਸ਼ੀਨਾਂ ਵੀ ਜ਼ਰੂਰ ਚਾਹੀਦੀਆਂ ਹਨ। ਪਰ ਮੈਂ ਦੱਸਣਾ ਚਾਹੁਦਾ ਹਾਂ ਕਿ ਇਸ 58 ਕਰੋੜ ਰੁਪਏ ਵਿਚੋਂ 11 ਕਰੋੜ ਰੁਪਏ ਦੀਆਂ ਮਸ਼ੀਨਾਂ, ਬਾਕੀ ਦਾ ਰੁਪਿਆ ਪਸ਼ੂਆਂ ਦੀ ਨਸਲ ਸੁਧਾਰ, ਉਨ੍ਹਾਂ ਦੀ ਸਿਹਤ ਸੰਭਾਲ ਆਦਿ ਤੇ ਖਰਚ ਹੋਵੇਗਾ। ਦੁੱਧ ਇਕੱਠਾ ਕਰਨ ਵਾਲੇ centres ਦੀ ਉਸਾਰੀ ਤੇ ਵੀ ਖਰਚਾ ਕੀਤਾ ਜਾਵੇਗਾ। ਦੁੱਧ ਦੇਣ ਵਾਲੇ ਪਸ਼ੂਆਂ ਦੀ ਗਿਣਤੀ ਵਧਾਉਣ ਤੇ ਵੀ ਰੁਪਿਆ ਖਰਚ ਕੇ ਵਿਸ਼ੇਸ਼ ਧਿਆਨ ਦਿਤਾ ਜਾਵੇਗਾ।

ਇਥੇ ਯੈਲੋ ਕਾਰਡਾਂ ਦਾ ਜ਼ਿਕਰ ਕੀਤਾ ਗਿਆ। ਜਿੰਨੇ ਯੈਲੋ ਕਾਰਡ ਬਣ ਗਏ ਹਨ ਮੈਂਬਰ ਸਾਹਿਬਾਨ ਮੇਰੇ ਨਾਲ ਮੁਤਫਿਕ ਹੋਣਗੇ ਕਿ ਅਗਰ 8 ਲੱਖ 23 ਹਜ਼ਾਰ ਲੋਕਾਂ ਨੂੰ ਇਹ ਕਾਰਡ ਪਹੁੰਚਾ ਦਿਤੇ ਗਏ ਹਨ ਤਾਂ ਵੀ ਲੋਕ ਕਹਿੰਦੇ ਕਿ ਸਾਡੇ ਯੈਲੋ ਕਾਰਡ ਬਣੇ ਨਹੀਂ। ਮੈਨੂੰ ਨਜ਼ਰ ਆਉਂਦਾ ਹੈ ਕਿ ਜੇ ਅਸੀਂ ਇਸੇ ਤਰ੍ਹਾਂ ਚਲਦੇ ਰਹੇ ਅਤੇ ਪੀਲੇ ਕਾਰਡ ਬਣਾਉਂਦੇ ਗਏ ਤਾਂ ਫਿਰ 2 ਸਾਲਾਂ ਵਿਚ ਸਾਰਾ ਪੰਜਾਬ ਯੈਲੋ ਹੋ ਜਾਵੇਗਾ। ਫਿਰ ਕੋਈ ਨਹੀਂ ਕਹੇਗਾ ਕਿ ਮੈਂ ਰੈਡ ਹਾਂ। ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਆਈਡੈਂਟੀਫਾਈਡ ਫੈਮਿਲੀਜ਼ ਨੂੰ ਹੀ ਇਸ ਵਿਚ ਕਵਰ ਕਰਨਾ ਹੈ।

[ਵਿੱਤ ਮੰਤਰੀ]

ਚਤਰੱਥ ਜੀ ਨੇ ਪ੍ਰਾਈਵੇਟ ਸਕੂਲਾਂ ਦੇ ਟੀਚਰਾਂ ਦਾ ਪ੍ਰਾਵੀਡੈਂਟ ਫੰਡ ਜਮ੍ਹਾਂ ਕਰਕੇ ਉਨ੍ਹਾਂ ਨੂੰ ਪੈਨਸ਼ਨ ਦੇਣ ਬਾਰੇ ਗੱਲ ਕੀਤੀ ਸੀ। ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਦੂਜੀਆਂ ਸਟੇਟਾਂ ਦੇ ਪੈਟਰਨ ਨੂੰ ਵੀ ਦੇਖਾਂਗੇ ਅਤੇ ਪੰਜਾਬ ਸਰਕਾਰ ਇਸ ਤੇ ਬੜੀ ਹਮਦਰਦੀ ਨਾਲ ਵਿਚਾਰ ਕਰੇਗੀ। ਅਗਰ ਪ੍ਰਾਵੀਡੈਂਟ ਫੰਡ ਜ਼ਮ੍ਹਾਂ ਕਰਕੇ ਪੈਨਸ਼ਨ ਦੇਣ ਵਾਸਤੇ ਕੋਈ ਫਾਈਨੈਂਸ਼ਲ ਇੰਪਲੀ-ਕੇਸ਼ਨ ਨਾ ਹੋਈ ਤਾਂ ਅਸੀਂ ਜ਼ਰੂਰ ਇਸ ਨੂੰ ਮੰਨ ਜਾਵਾਂਗੇ। (ਥੰਪਿੰਗ)

ਓਲਡ ਏਜ ਪੈਨਸ਼ਨ ਦੇ ਬਾਰੇ ਬੈਂਕਾਂ ਵਿਚ ਆਰਡਰ ਚਲੇ ਗਏ ਹਨ ਕਿ ਅਗਰ ਕੋਈ ਵੀ ਵਿਡੋ ਜਾਂ ਕੋਈ ਬਜ਼ੁਰਗ ਬੈਂਕ ਤੋਂ ਪੈਨਸ਼ਨ ਲੈਣਾ ਚਾਹੁੰਦਾ ਹੋਵੇ ਤਾਂ ਉਹ ਲੈ ਲਵੇ ਜਾਂ ਮਨੀ ਆਰਡਰ ਦੇ ਰਾਹੀਂ ਬੈਂਕਾਂ ਵਿਚੋਂ ਅਸੀਂ ਮਹੀਨੇ ਦੀ ਮਹੀਨੇ Pension ਦੇਣ ਦਾ ਇੰਤਜ਼ਾਮ ਕਰਾਂਗੇ। ਪੈਸੇ ਐਨੇ ਅਸੀਂ ਜਮ੍ਹਾਂ ਕਰਵਾ ਦਿਆਂਗੇ ਤਾਂਕਿ ਉਹ ਆਸਾਨੀ ਨਾਲ ਲੈ ਸਕਣ। ਬਾਕੀ ਇਹ ਜਿਹੜੀ ਸਰਕਾਰ ਨੇ ਪੈਨਸ਼ਨ ਵਾਸਤੇ 15 ਰੁਪਏ ਦੀ ਆਮਦਨ ਤੋਂ 50 ਰੁਪਏ ਦੀ ਆਮਦਨ ਕੀਤੀ ਹੈ ਇਹ ਕੋਈ ਛੋਟੀ ਗਲ ਨਹੀਂ ਹੈ। ਇਹ ਉਨ੍ਹਾਂ ਲੋਕਾਂ ਦੀ ਮੰਗ ਨੂੰ ਪੂਰਾ ਕੀਤਾ ਹੈ।

ਇਥੇ ਜ਼ਿਕਰ ਕੀਤਾ ਗਿਆ ਕਿ ਪਤਾ ਨਹੀਂ Asiad ਵਿਚ ਖੇਲ੍ਹੇ ਹੋਏ Gold Medal ਪ੍ਰਾਪਤ ਕੀਤੇ ਖਿਲਾੜੀਆਂ ਨੂੰ ਇਨਾਮ ਦੇਣਾ ਹੈ ਜਾਂ ਨਹੀਂ। ਸੀ. ਐਮ. ਸਾਹਿਬ ਨੇ ਜੋ ਐਲਾਨ ਕੀਤਾ ਉਸ ਮੁਤਾਬਿਕ ਪੰਜਾਬ ਦੇ ਪਲੇਅਰਜ਼ ਨੂੰ ਜ਼ਰੂਰ ਦੇਣੇ ਹਨ ਅਤੇ ਅਸੀਂ ਇਸ ਬਾਰੇ ਕਮਿੱਟਡ ਹਾਂ।

ਸ਼ਹਿਰੀ ਲੋਕਾਂ ਨੂੰ ਸਹੂਲਤਾਂ ਦੇਣ ਬਾਰੇ ਇਸ ਵਿਚ ਬੜਾ ਜ਼ਿਕਰ ਕੀਤਾ ਗਿਆ ਹੈ ਕਾਰਪੋਰੇਸ਼ਨਾਂ ਜਿਹੜੀਆਂ ਬੱਸਾਂ ਚਲਾਉਂਦੀਆਂ ਸੀ, ਉਸ ਦੇ ਵਿਚ ਘਾਟਾ ਪੈਂਦਾ ਸੀ। ਪਹਿਲੇ ਕਈ ਗੌਰਮਿੰਟਾਂ ਆਈਆਂ ਅਤੇ ਕਈ ਗਈਆਂ ਲੇਕਿਨ ਇਹ ਪਹਿਲੀ ਸਰਕਾਰ ਹੈ ਜਿਸ ਨੇ ਉਨ੍ਹਾਂ ਲੋਕਾਂ ਦੇ ਇਸ ਜ਼ਖਮ ਨੂੰ ਉਨ੍ਹਾਂ ਦੀ ਇਸ ਤਕਲੀਫ ਨੂੰ ਦੇਖਿਆ ਹੈ ਕਿ ਕਾਰਪੋਰੇਸ਼ਨਾਂ ਕਿਤੇ ਦੀਵਾਲੀਆ ਨਾ ਹੋਣ। ਹਰ ਕਾਰਪੋਰੇਸ਼ਨ ਨੂੰ ਜਿਹੜਾ 15-20 ਲੱਖ ਰੁਪਏ ਦਾ ਘਾਟਾ ਹੈ, ਉਸ ਨੂੰ ਰੋਕਣ ਲਈ 75% ਬਤੌਰ ਅਸੀਂ Passenger ਅਤੇ Toll tax ਵਿਚ ਰਿਆਇਤ ਦੇਣ ਦਾ ਫੈਸਲਾ ਕੀਤਾ ਹੈ ਤਾਂਕਿ ਕਾਰਪੋਰੇਸ਼ਨਾਂ ਇਨ੍ਹਾਂ ਬਸਾਂ ਨੂੰ ਠੀਕ ਚਲਾ ਸਕਣ।

ਸਾਡੀ ਕੋਸ਼ਿਸ਼ ਇਹ ਹੈ ਕਿ ਟੈਕਸਾਂ ਦੀ ਉਗਰਾਹੀ ਵਿਚ ਕੋਈ ਲੂਪ ਹੋਲਜ਼ ਨਾ ਹੋਣ ਉਹ ਠੀਕ ਤਰ੍ਹਾਂ ਆ ਜਾਣ। ਬਾਕੀ ਮਿਉਂਸਪੈਲਟੀਆਂ ਵਾਸਤੇ ਜਿਹੜਾ ਆਕਟਰਾਏ ਹੈ, ਉਹ ਅਸੀਂ excise policy ਵਿਚ ਸ਼ਾਮਲ ਕੀਤਾ ਹੈ। ਜਿਥੇ ਦੋ ਕਰੋੜ ਦੀ ਸਾਰੀਆਂ ਮਿਉਂਸ-ਪੈਲਟੀਆਂ ਨੂੰ ਇਨਕਮ ਸੀ ਅਸੀਂ ਉਨ੍ਹਾਂ ਨੂੰ ਪਿਛਲੇ ਸਾਲ 4 ਕਰੋੜ ਰੁਪਿਆ ਦਿਤਾ ਅਤੇ ਆਉਣ ਵਾਲੇ ਸਾਲ ਵਿਚ ਅਸੀਂ ਹੋਰ ਉਸਨੂੰ ਵਧਾਵਾਂਗੇ। ਇਸ ਤਰ੍ਹਾਂ ਅਸੀਂ ਮਿਉਂਸ-ਪੈਲਟੀਆਂ ਦੀ ਬਹੁਤ ਮੱਦਦ ਕੀਤੀ ਹੈ। (ਥੰਪਿੰਗ)।

ਸੀਵਰੇਜ ਅਤੇ ਵਾਟਰ ਸਪਲਾਈ ਸਕੀਮ ਦਾ ਇਸ ਬਜਟ ਵਿਚ ਜ਼ਿਕਰ ਕੀਤਾ ਗਿਆ ਹੈ। ਇਸ ਤਰ੍ਹਾਂ ਲੋਕਾਂ ਨੂੰ ਹੋਰ ਸਹੂਲਤਾਂ ਐਕਸਟੈਂਡ ਕਰਾਂਗੇ।

ਸਪੀਕਰ ਸਾਹਿਬ, ਮੈਨੂੰ ਇਹ ਵੀ ਕਹਿਣ ਵਿਚ ਖੁਸ਼ੀ ਹੈ ਜਿਥੇ ਅਸੀਂ ਇਹ ਚੀਜ਼ਾਂ ਕਰਦੇ ਹਾਂ ਉਥੇ ਸਾਡੇ ਜਿਹੜੇ ਇਤਿਹਾਸਕ ਮਹੱਤਤਾ ਦੇ ਧਾਰਮਿਕ ਅਸਥਾਨ ਹਨ, ਉਹ ਵੀ ਸਾਡੀ ਨਜ਼ਰ ਤੋਂ ਔਝਲ ਨਹੀਂ ਹਨ। ਆਨਰੇਬਲ ਮੈਂਬਰ ਸਾਹਿਬ ਨੇ ਇਸ ਗਲ ਦਾ ਜ਼ਿਕਰ ਵੀ ਕੀਤਾ ਹੈ ਕਿ ਫਤਹਿਗੜ੍ਹ ਸਾਹਿਬ ਅਤੇ ਰਾਮ ਤੀਰਥ ਬੋਰਡ ਵਾਸਤੇ ਇਸ ਸਾਲ ਵਾਸਤੇ ਪੈਸਾ ਦਿਤਾ ਗਿਆ ਹੈ ਤਾਂਕਿ ਇਨ੍ਹਾਂ ਧਾਰਮਿਕ ਅਸਥਾਨਾਂ ਦੀ ਤਰੱਕੀ ਹੋ ਸਕੇ।

ਮੈਂ ਇਥੇ ਇਸ ਗਲ ਦਾ ਵੀ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਇਹ ਸਾਡੇ ਜਿਹੜੇ ਸਮਾਚਾਰ ਪੱਤਰ ਹਨ, ਇਹ ਬੜੀ ਸੇਵਾ ਕਰਦੇ ਹਨ ਔਰ ਡੈਮੋਕਰੈਟਿਕ ਢੰਗ ਨਾਲ ਇਨ੍ਹਾਂ ਦੀ ਸੇਵਾ ਦੀ ਮੈਂ ਸ਼ਲਾਘਾ ਕਰਨੀ ਚਾਹੁੰਦਾ ਹਾਂ। ਲੇਕਿਨ ਕਈ ਵਾਰ ਦਰੁਸਤ ਖਬਰਾਂ ਨਹੀਂ ਦਿੰਦੇ। ਮੈਂ ਦੱਸਦਾ ਹਾਂ ਕਿ ਕੱਲ੍ਹ ਮੈਂ ਹਾਊਸ ਵਿਚ ਇਨਫਰਮੇਸ਼ਨ ਦਿਤੀ ਸੀ। ਉਸ ਦੇ ਬਾਰੇ ਹਿੰਦ ਸਮਾਚਾਰ ਵਿਚ ਆਇਆ ਹੈ, ਉਸ ਦਾ ਹੈਡਿੰਗ ਮੈਂ ਪੜ੍ਹਕੇ ਸੁਣਾਉਂਦਾ ਹਾਂ ਤਾਂਕਿ ਗਲਤ ਫਹਿਮੀ ਦੂਰ ਹੋ ਜਾਵੇ। ਖਬਰ ਦਾ ਹੈਡਿੰਗ ਦਿੱਤਾ ਹੈ: "14 ਮਾਹ ਮੇਂ ਪੰਜਾਬ ਮੇਂ 575 ਕਤਲ ਮਗਰ ਸਿਰਫ 69 ਮੁਕੱਦਮੇਂ ਦਰਜ" ਇਹ ਹਿੰਦ ਸਮਾਚਾਰ ਵਿਚ ਛਪਿਆ ਹੈ ਮੈਂ ਇਸ ਤਰ੍ਹਾਂ ਦੀਆਂ ਖਬਰਾਂ ਤੇ ਚਿੰਤਾ ਪਰਗਟ ਕਰਦਾ ਹਾਂ। ਮੈਂ ਚਾਹਵਾਂਗਾ ਕਿ ਅਖਬਾਰ ਵਾਲੇ ਇਸ ਖਬਰ ਨੂੰ ਦਰੁਸਤ ਕਰ ਲੈਣ ਕਿਉਂਕਿ ਜਿਹੜਾ ਵੀ ਮਰਡਰ ਹੁੰਦਾ ਹੈ ਉਸ ਦਾ ਮੁਕੱਦਮਾ ਫੌਰਨ ਦਰਜ ਹੁੰਦਾ ਹੈ ਅਤੇ ਇਸ ਲਈ ਇਤਨੇ ਘੱਟ ਮੁਕੱਦਮੇਂ ਦਰਜ ਹੋਣ ਦਾ ਤਾਂ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। ਇਨ੍ਹਾਂ ਨੂੰ ਅਜਿਹੇ ਡਿਸਟੋਰਟਿਡ ਫਿਗਰਜ਼ ਨਹੀਂ ਦੇਣੇ ਚਾਹੀਦੇ। "ਇੰਡੀਅਨ ਐਕਸਪ੍ਰੈਸ" ਨੇ ਖਬਰ ਠੀਕ ਦਿਤੀ ਹੈ।

ਬਿਜਲੀ ਦੀ ਸਪਲਾਈ ਅਤੇ ਲਾਈਨ ਸਰਵਿਸਿਜ਼ ਠੀਕ ਕਰਨ ਵਾਸਤੇ ਵੀ ਧਿਆਨ ਰਖਿਆ ਗਿਆ ਹੈ। ਸਮਾਲ ਅਤੇ ਮਾਰਜਿਨਲ ਫਾਰਮਰਜ਼ ਨੂੰ ਬਹੁਤ ਸਹੂਲਤਾਂ ਦਿੱਤੀਆਂ ਗਈਆਂ ਹਨ। ਇਸ ਸਬੰਧ ਵਿਚ ਅਸੀਂ ਪ੍ਰਜ਼ੀਸ਼ਨ ਰਿਵਿਊ ਕਰਾਂਗੇ ਤਾਂ ਕਿ ਕਿਸਾਨ ਨੂੰ ਕੋਈ ਤਕਲੀਫ ਨਾ ਹੋਵੇ (ਥੰਪਿੰਗ)।

ਪਿੰਡਾਂ ਦੀਆਂ ਗਲੀਆਂ ਨਾਲੀਆਂ ਬਣਾਉਣ ਵਾਸਤੇ ਜੋ ਕੁਝ ਕੀਤਾ ਜਾ ਰਿਹਾ ਹੈ, ਉਸ ਦੀ ਮਾਨਯੋਗ ਮੈਂਬਰਾਂ ਨੇ ਭਰਪੂਰ ਸ਼ਲਾਘਾ ਕੀਤੀ ਹੈ। ਪਿੰਡਾਂ ਦੀ ਨੁਹਾਰ ਬਦਲਣ ਵੱਲ ਇਹ ਇਕ ਇਨਕਲਾਬੀ ਕਦਮ ਹੈ। ਜਿਸ ਵੇਲੇ ਅਸੀਂ ਪਿੰਡਾਂ ਵਿਚ ਜਾਂਦੇ ਹਾਂ ਤਾਂ ਪਿੰਡਾਂ ਦੇ ਲੋਕ ਕਹਿੰਦੇ ਹਨ ਕਿ ਪਹਿਲਾਂ ਤਾਂ ਇਥੇ ਕਿਸੇ ਨੇ 5 ਹਜ਼ਾਰ ਵੀ ਰੁਪਿਆ ਨਹੀਂ ਦਿਤਾ ਸੀ ਪਰ ਹੁਣ ਲੱਖਾਂ ਦੇ ਹਿਸਾਬ ਨਾਲ ਖਰਚਾ ਹੋ ਰਿਹਾ ਹੈ। ਇਸ ਕੰਮ ਵਾਸਤੇ ਪਿਛਲੇ ਦੋ ਸਾਲਾਂ ਵਿਚ 19 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ, ਜਦ ਕਿ ਉਸ ਤੋਂ ਪਿਛਲੇ 32 ਸਾਲਾਂ ਵਿਚ ਕੇਵਲ 3 ਕਰੋੜ ਰੁਪਏ ਹੀ ਖਰਚ ਕੀਤੇ ਗਏ ਸਨ। ਇਸ ਸਾਲ ਦੇ ਬਜਟ ਵਿਚ ਇਸ ਕੰਮ ਵਾਸਤੇ ਅਸੀਂ 10 ਕਰੋੜ ਰੁਪਿਆ ਰਖਿਆ ਹੈ।

EXTENSION OF TIME OF THE SITTING

Mr. Speaker : Is it the pleasure of the House that the time of the sitting of the House be extended by 10 minutes, i.e., upto 2.05 P.M. ?

(*Voices : Yes, Yes*)

Mr. Speaker : The time of the sitting of the House is extended upto 2.05 P.M.

GENERAL DISCUSSION ON THE BUDGET ESTIMATES FOR THE YEAR 1983-84 (*Resumption*)

ਵਿੱਤ ਮੰਤਰੀ : ਸੀ. ਐਮ. ਸਾਹਿਬ ਨੇ ਹੁਣੇ ਜਿਹੇ ਇਕ ਚਿਟ ਮੈਨੂੰ ਭੇਜੀ ਹੈ ਜਿਸ ਵਿਚ ਉਨ੍ਹਾਂ ਨੇ ਕਿਹਾ ਹੈ ਕਿ ਇਹ ਰਕਮ ਹੋਰ ਵਧਾ ਦਿੱਤੀ ਜਾਵੇ। (ਥੰਪਿੰਗ)

ਆਵਾਜ਼ਾਂ : 20 ਕਰੋੜ ਰੁਪਏ ਕਰ ਦਿਓ।

ਵਿੱਤ ਮੰਤਰੀ : ਮਾਨਯੋਗ ਮੈਂਬਰਾਂ ਦੀ ਖਾਹਸ਼ ਨੂੰ ਮੁੱਖ ਰਖਦੇ ਹੋਏ ਮੈਂ ਇਹ ਰਕਮ ਹੁਣੇ ਹੀ ਵਧਾ ਦਿੰਦਾ ਪਰ ਸੀ. ਐਮ. ਸਾਹਿਬ ਨੇ ਚਿੱਟ ਵਿਚ ਰਕਮ ਨਹੀਂ ਦੱਸੀ। ਚਲੋ, ਸੀ. ਐਮ. ਸਾਹਿਬ ਦੀ ਇਜਾਜ਼ਤ ਨਾਲ ਇਸ ਕੰਮ ਵਾਸਤੇ ਮੈਂ ਹੋਰ 5 ਕਰੋੜ ਰੁਪਏ ਵਧਾਉਣ ਦਾ ਐਲਾਨ ਕਰ ਦਿੰਦਾ ਹਾਂ। ਹੁਣ ਕੁਲ ਐਲੋਕੇਸ਼ਨ 15 ਕਰੋੜ ਰੁਪਏ ਦੀ ਹੋ ਗਈ ਹੈ। ਇਸ ਸਬੰਧ ਵਿਚ ਅਸੀਂ ਕੁਝ ਹੋਰ ਰਿਆਇਤਾਂ ਵੀ ਦੇ ਰਹੇ ਹਾਂ। ਡੰਗਰਾਂ ਦੀ ਮੂੰਹ ਖੁਰ ਦੀ ਬਿਮਾਰੀ ਦਾ ਟੀਕਾ ਸਾਨੂੰ 8 ਰੁਪਏ ਵਿਚ ਪੈਂਦਾ ਹੈ। ਪਹਿਲਾਂ ਇਸ ਟੀਕੇ ਉਤੇ 4 ਰੁਪਏ ਸਬਸਿਡੀ ਦਿਤੀ ਜਾਂਦੀ ਸੀ ਪਰ ਹੁਣ ਇਹ ਸਬਸਿਡੀ 7 ਰੁਪਏ ਦਿਤੀ ਜਾਵੇਗੀ। ਇਸ ਤਰ੍ਹਾਂ ਇਹ ਟੀਕਾ ਕਿਸਾਨ ਨੂੰ ਇਕ ਰੁਪਏ ਵਿਚ ਪਵੇਗਾ। ਇਕ ਰੁਪਏ ਵਿਚ ਇਹ ਟੀਕਾ ਕਿਸਾਨ ਨੂੰ ਮਿਲੇਗਾ। ਨੈਸ਼ਨਲ ਲੈਵਲ ਤੇ ਜੇ ਵੇਖਿਆ ਜਾਵੇ ਤਾਂ ਹਰ 10,000 ਦੀ ਆਬਾਦੀ ਮਗਰ ਇਕ ਵੈਟਰੀਨਰੀ ਡਿਸਪੈਂਸਰੀ ਹੈ, ਜਦ ਕਿ ਪੰਜਾਬ ਵਿਚ ਹਰ 5,000 ਪਸ਼ੂਆਂ ਦੀ ਆਬਾਦੀ ਮਗਰ ਇਕ ਵੈਟਰੀਨਰੀ ਡਿਸਪੈਂਸਰੀ ਬਣ ਗਈ ਹੈ। ਮੈਂ ਗਲਤ ਬਿਆਨੀ ਨਹੀਂ ਕਰ ਰਿਹਾ ਬਲਿਕ ਦਰੁਸਤ ਕਹਿ ਰਿਹਾ ਹਾਂ ਕਿ ਇਸ ਹਿਸਾਬ ਨਾਲ ਪੰਜਾਬ ਦੀ ਪੁਜ਼ੀਸ਼ਨ ਸਾਰੀਆਂ ਸਟੇਟਾਂ ਨਾਲੋਂ ਅੱਗੇ ਹੈ।

ਐਜੂਕੇਸ਼ਨ ਡਿਪਾਰਟਮੈਂਟ ਅਤੇ ਪ੍ਰਾਈਵੇਟ ਕਾਲਜਿਜ਼ ਦੇ ਟੀਚਰ, ਹੈਲਥ ਡਿਪਾਰਟਮੈਂਟ ਦੇ ਮੁਲਾਜ਼ਮ ਅਤੇ ਦੂਜੇ ਵਿਭਾਗਾਂ ਦੇ ਇੰਜੀਨੀਅਰ ਆਪਣੀਆਂ ਮੰਗਾਂ ਦੇ ਸਬੰਧ ਵਿਚ ਕੁਝ ਚਿੰਤਤ ਹਨ। ਇਸ ਸਬੰਧ ਵਿਚ ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਅਤੇ ਅਜਿਹੇ ਦੂਸਰੇ ਸਾਰੇ ਮੁਲਾਜ਼ਮਾਂ ਪ੍ਰਤੀ ਇਹ ਸਰਕਾਰ ਬੜੀ ਸਿੰਪੇਥੈਟਿਕ ਹੈ। ਮੈਂ ਸਮਝਦਾ ਹਾਂ ਕਿ ਇਸ ਤੋਂ ਪਹਿਲਾਂ ਕੋਈ ਵੀ ਸਰਕਾਰ ਇੰਨੀ ਸਿੰਪੇਥੈਟਿਕ ਨਹੀਂ ਸੀ। ਇਹ ਡੀ. ਏ. ਦੀ ਕਿਸ਼ਤ ਦੇ ਕੇ ਹੁਣ ਤਕ ਕੁੱਲ 12 ਕਿਸ਼ਤਾਂ ਹੋ ਜਾਂਦੀਆਂ ਹਨ ਅਤੇ ਇਨ੍ਹਾਂ ਤੇ ਖਰਚ 48 ਕਰੋੜ ਰੁਪਏ ਹੋ ਜਾਂਦਾ ਹੈ। ਪੰਜਾਬ ਵਿਚ ਤਕਰੀਬਨ 2,68,000 ਮੁਲਾਜ਼ਮ ਹਨ, ਉਨ੍ਹਾਂ ਵਿਚੋਂ 93% ਮੁਲਾਜ਼ਮਾਂ ਦੀਆਂ ਤਨਖਾਹ ਸਕੇਲਾਂ ਦੀਆਂ ਅਨਾਮਲੀਜ਼ ਦੂਰ ਕਰ ਦਿਤੀਆਂ ਗਈਆਂ ਹਨ ਅਤੇ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਬਾਕੀ ਰਹਿੰਦੀਆਂ ਕੈਟਾਗਰੀਜ਼ ਦੀਆਂ ਅਨਾਮਲੀਜ਼ ਵੀ 31 ਮਾਰਚ ਤੋਂ ਪਹਿਲਾਂ ਪਹਿਲਾਂ ਦੂਰ ਕਰ ਦੇਈਏ। ਵੈਟਰੀਨਰੀ ਐਮਪਲਾਈਜ਼ ਦੀਆਂ ਵੀ ਕੁਝ ਅਨਾਮਲੀਜ਼ ਹਨ। ਅਧਿਆਪਕ ਵੀ ਕੁਝ ਹੋਰ ਮੰਗਦੇ ਹਨ। ਅਸੀਂ ਉਨ੍ਹਾਂ ਦੀਆਂ ਮੰਗਾਂ ਮੰਨਣ ਦਾ ਪੂਰਾ ਯਤਨ ਕਰਾਂਗੇ।

ਅਖੀਰ ਵਿਚ, ਸਪੀਕਰ ਸਾਹਿਬ ਮੈਂ ਇਹ ਜ਼ਰੂਰ ਕਹਿਣਾ ਚਾਹਵਾਂਗਾ ਕਿ ਸਾਡੀ ਸਰਕਾਰ ਨੇ ਅੱਗੇ ਵਧਣ ਅਤੇ ਹੋਰ ਜ਼ਿਆਦਾ ਤਰੱਕੀ ਕਰਨ ਦਾ ਸੰਕਲਪ ਕੀਤਾ ਹੋਇਆ ਹੈ। ਕੋਈ ਰੁਕਾਵਟ ਸਾਨੂੰ ਇਸ ਕੰਮ ਤੋਂ ਰੋਕ ਨਹੀਂ ਸਕਦੀ ਚਾਹੇ ਉਹ ਇੰਤਹਾ ਪਸੰਦੀ ਹੋਵੇ ਜਾਂ ਫਿਰ ਫਿਰਕਾ-ਪ੍ਰਸਤੀ ਹੋਵੇ। ਸਾਡੇ ਮੁੱਖ ਮੰਤਰੀ ਨੇ ਆਪਣੀ ਛਾਤੀ ਉਤੇ ਬੰਬ ਵੀ ਸੁਟਵਾਏ। ਅਸੀਂ ਹੋਰ ਮਜ਼ਬੂਤੀ ਨਾਲ ਪੰਜਾਬ ਨੂੰ ਅਗੇ ਲਿਜਾਵਾਂਗੇ ਅਤੇ ਪੰਜਾਬ ਦੀ ਪਰ ਕੈਪਿਟਾ ਇਨਕਮ ਵਿਚ ਪਹਿਲੇ ਨੰਬਰ ਤੇ ਰਹਿਣ ਵਾਲਾ ਮੁਕਾਮ ਨਾ ਸਿਰਫ ਬਰਕਰਾਰ ਰੱਖਾਂਗੇ ਬਲਕਿ ਇਸ ਨੂੰ ਹੋਰ ਸ਼ਾਨਦਾਰ ਬਣਾਵਾਂਗੇ। ਇਨ੍ਹਾਂ ਸ਼ਬਦਾਂ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ (ਥੰਪਿੰਗ)।

ਕਾਮਰੇਡ ਸਰਵਣ ਸਿੰਘ ਚੀਮਾ : ਆਨ ਏ ਪੁਆਇੰਟ ਆਫ ਕਲੈਰੀਫਿਕੇਸ਼ਨ, ਸਰ। ਜਿਹ-ੜੀਆਂ ਜ਼ਮੀਨਾਂ ਨਿਲਾਮ ਕਰਨ ਦਾ ਜਾਂ ਵੇਚਣ ਦਾ ਪਰੋਗਰਾਮ ਬਣਾਇਆ ਗਿਆ ਹੈ; ਉਹ ਜ਼ਮੀਨਾਂ

ਹਰੀਜਨ ਅਤੇ ਹੋਰ ਕਮਜ਼ੋਰ ਤਬਕੇ ਦੇ ਲੋਕ ਵਾਹੁੰਦੇ ਹਨ। ਉਹ ਲੋਕ ਇਹੋ ਜ਼ਮੀਨਾਂ ਖਰੀਦ ਨਹੀਂ ਸਕਦੇ। ਜੇ ਇਹ ਜ਼ਮੀਨਾਂ ਨਿਲਾਮ ਕਰ ਦਿਤੀਆਂ ਗਈਆਂ ਜਾਂ ਵੇਚ ਦਿਤੀਆਂ ਗਈਆਂ ਤਾਂ ਉਨ੍ਹਾਂ ਲੋਕਾਂ ਦਾ ਕੀ ਇੰਤਜ਼ਾਮ ਕਰਨਗੇ ? ਦੂਸਰਾ, ਜਿਹੜੇ ਐਡਹਾਕ ਬੇਸਿਜ਼ ਤੇ ਮੁਲਾਜ਼ਮ ਕੰਮ ਕਰ ਰਹੇ ਹਨ, ਡੀ. ਏ. ਦੀ ਕਿਸ਼ਤ ਬਾਰੇ ਉਨ੍ਹਾਂ ਦਾ ਕੀ ਕਰਨਗੇ, ਉਨ੍ਹਾਂ ਦੀ ਕਿਸ਼ਤ ਕਿਹੜੇ ਖਾਤੇ ਵਿਚ ਪਾਈ ਜਾਵੇਗੀ ?

ਕਾਮਰੇਡ ਕੁਲਵੰਤ ਸਿੰਘ : ਮੈਂ ਇਕ ਗਲ ਦੀ ਕਲੈਰੀਫਿਕੇਸ਼ਨ ਚਾਹੁੰਦਾ ਹਾਂ। ਬਜਟ ਵਿਚ ਇਹ ਦਸਿਆ ਗਿਆ ਹੈ ਕਿ ਕੁਰੱਪਸ਼ਨ ਦੀ ਜੜ੍ਹ ਪੁੱਟ ਦਿੱਤੀ ਗਈ ਹੈ। ਕੀ ਸਰਕਾਰ ਕੋਈ ਪਰਮਾ-ਨੈਂਟ ਇਨਕੁਆਇਰੀ ਕਮਿਸ਼ਨ ਬਣਾਉਣ ਨੂੰ ਤਿਆਰ ਹੈ ਤਾਂਕਿ ਹਾਈ ਲੈਵਲ ਦੇ ਜਿਹੜੇ ਲੋਕ ਬਚ ਜਾਂਦੇ ਹਨ, ਉਨ੍ਹਾਂ ਦੀ ਵੀ ਇਨਕੁਆਇਰੀ ਹੋ ਸਕੇ ?

ਸ੍ਰੀ ਸੇਵਾ ਰਾਮ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਫਾਈਨੈਂਸ ਮਨਿਸਟਰ ਸਾਹਿਬ ਨੂੰ ਵਜ਼ਾਹਤ ਕਰਨੀ ਚਾਹੁੰਦਾ ਹਾਂ ਕਿ ਸ਼ਹਿਰਾਂ ਵਿਚ ਜਿਹੜੇ ਵਾਟਰ ਟੈਕਸ ਅਤੇ ਸੀਵਰੇਜ ਟੈਕਸ ਬਰਾਬਰ ਕਰ ਦਿਤੇ ਗਏ ਹਨ, ਕੀ ਉਨ੍ਹਾਂ ਨੂੰ ਇਹ ਅਲਹਿਦਾ ਕਰਨਗੇ ?

ਪੰਡਿਤ ਸਰਵਣ ਰਾਮ : ਸਪੀਕਰ ਸਾਹਿਬ, ਫਾਈਨਾਂਸ ਮਨਿਸਟਰ ਨੇ ਪਿੰਡਾਂ ਦੀ ਭਲਾਈ ਵਾਸਤੇ 10 ਕਰੋੜ ਰੁਪਏ ਤੋਂ 15 ਕਰੋੜ ਰੁਪਏ ਕਰ ਦਿਤੇ ਹਨ। ਇਹ ਇਨ੍ਹਾਂ ਦੀ ਬੜੀ ਮਿਹਰਬਾਨੀ ਹੈ ਪਰ ਕੀ ਇਹ ਕੰਡੀ ਏਰੀਏ ਵਿਚ ਜ਼ਿਆਦਾ ਸਹੂਲਤਾਂ ਮੁਹੱਈਆ ਕਰਨ ਲਈ ਚੋਥਾ ਹਿੱਸਾ ਮੁਆਫ ਕਰਨ ਦੀ ਕੋਸ਼ਿਸ਼ ਕਰਨਗੇ ? (ਹਾਸਾ)

ਸ੍ਰੀ ਬ੍ਰਹਮ ਮਹਿੰਦਰਾ : ਸਪੀਕਰ ਸਾਹਿਬ, ਪੰਜਾਬ ਵਿਚ ਚੰਡੀਗੜ੍ਹ ਤੋਂ ਬਾਦ ਪਟਿਆਲਾ ਮੁਲਾਜ਼ਮਾਂ ਵਾਸਤੇ ਸਭ ਤੋਂ ਵੱਡਾ ਰੈਜ਼ੀਡੈਂਸ਼ੀਅਲ ਸਿਟੀ ਹੈ। ਜਿਸ ਤਰ੍ਹਾਂ ਚੰਡੀਗੜ੍ਹ ਵਿਚ ਕੰਪਨਸੇਟਰੀ ਅਲਾਉਂਸ ਦਿੱਤਾ ਜਾਂਦਾ ਹੈ, ਕੀ ਇਹ ਪਟਿਆਲੇ ਵਿਚ ਵੀ ਦੇਣਗੇ ?

ਸਰਦਾਰ ਗੁਰਨੈਬ ਸਿੰਘ ਬਰਾੜ : ਸਪੀਕਰ ਸਾਹਿਬ, ਇਨ੍ਹਾਂ ਨੇ ਪੀ ਸੀ. ਐਸ. ਜੁਡੀਸ਼ੀਅਲ ਅਤੇ ਡੀ. ਐਸ. ਪੀਜ਼ ਦੇ ਸਕੇਲ ਵਧਾ ਕੇ ਉਨ੍ਹਾਂ ਨੂੰ ਪੀ. ਸੀ. ਐਸ. (ਕਾਰਜਕਾਰੀ ਸ਼ਾਖਾ) ਨਾਲ ਬਰਾਬਰ ਕਰ ਦਿੱਤਾ ਹੈ।

I would like to know from the Minister as to what is the selection grade of PCS (Executive) and PCS (Judicial). I think there is some difference. If there is any difference, that must be removed.

ਇਸ ਤੋਂ ਇਲਾਵਾ ਪੀ. ਸੀ. ਐਸ (ਕਾਰਜਕਾਰੀ ਸ਼ਾਖਾ) ਨੂੰ ਫਰੀ ਅਕਮੋਡੇਸ਼ਨ ਵੀ ਦਿਤੀ ਜਾਂਦੀ ਹੈ, ਇਸੇ ਤਰ੍ਹਾਂ ਕੀ ਪੀ. ਸੀ. ਐਸ. (ਜੁਡੀਸ਼ੀਅਲ) ਅਤੇ ਡੀ. ਐਸ. ਪੀਜ਼ ਨੂੰ ਵੀ ਫਰੀ ਅਕਮੋਡੇਸ਼ਨ ਦਿੱਤੀ ਜਾਵੇਗੀ ?

ਪ੍ਰੋਫੈਸਰ ਦਰਬਾਰੀ ਲਾਲ : ਬਜਟ ਵਿਚ ਦਸਿਆ ਗਿਆ ਹੈ ਕਿ ਇਸ ਸਾਲ ਸਰਮਾਇਆ ਹਾਸਲ ਕਰਨ ਦਾ ਨਿਸ਼ਾਨਾ 550 ਕਰੋੜ ਰੁਪਏ ਰਖਿਆ ਗਿਆ ਹੈ। ਸਾਡੀ ਸਰਕਾਰ ਇਸ ਵੱਲ ਕਾਫੀ ਚਿੰਤਤ ਹੈ। ਕੀ ਸਰਕਾਰ ਕਿਸ ਇੰਟਰਨੈਸ਼ਨਲ ਏਜੰਸੀ ਦੇ ਥਰੂ ਇਹ ਰੁਪਿਆ ਮੋਬੇਲਾਈਜ਼ ਕਰਨ ਦਾ ਯਤਨ ਕਰੇਗੀ ? ਇਸ ਤੋਂ ਇਲਾਵਾ ਕੀ ਅੰਮ੍ਰਿਤਸਰ ਵਿਚ ਰਹਿਣ ਵਾਲੇ ਮੁਲਾਜ਼ਮਾਂ ਨੂੰ ਬਾਰਡਰ ਅਲਾਉਂਸ ਦੇਣ ਬਾਰੇ ਸਰਕਾਰ ਵਿਚਾਰ ਕਰੇਗੀ ?

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਮੁਲਾਜ਼ਮਾਂ ਵਿਚੋਂ ਚੌਂਕੀਦਾਰ ਤਨਖਾਹ ਦੇ ਹਿਸਾਬ ਨਾਲ ਸਭ ਤੋਂ ਜ਼ਿਆਦਾ ਗਰੀਬ ਹਨ। ਕੀ ਸਰਕਾਰ ਉਨ੍ਹਾਂ ਉਤੇ ਹਮਦਰਦੀ ਨਾਲ ਗੌਰ ਕਰਕੇ 10 ਰੁਪਏ ਪ੍ਰਤੀ ਮਹੀਨਾ ਹੋਰ ਦੇਣ ਨੂੰ ਤਿਆਰ ਹੈ ?

ਚੌਧਰੀ ਮਾਤੂ ਰਾਮ : ਸਪੀਕਰ ਸਾਹਿਬ, ਮੈਂ ਤਾਂ ਸਿਰਫ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਡਾਕਟਰ ਸਾਹਿਬ ਨੇ ਕਰੋੜਾਂ ਰੁਪਏ ਦਾ ਬਜਟ ਦਿਤਾ ਹੈ ਔਰ ਪੰਜਾਬ ਨੂੰ ਇਹ ਖੁਸ਼ਹਾਲ ਵੀ ਬਣਾ-ਉਣਾ ਚਾਹੁੰਦੇ ਹਨ। ਕੀ ਇਹ ਪੈਸਾ ਖਰਚਣ ਤੋਂ ਪਹਿਲਾਂ ਹਰ ਮਹਿਕਮੇ ਦੇ ਚੋਰ ਅਫ਼ਸਰਾਂ ਦੀ ਵੀ ਕੋਈ ਲਿਸਟ ਬਣਾਉਣਗੇ ?

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ : ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਪੀ. ਸੀ ਐਸ. (Judicial) ਔਰ ਡੀ. ਐਸ. ਪੀ. ਦਾ ਗਰੇਡ ਬਰਾਬਰ ਕੀਤਾ ਹੈ, ਇਹ ਬੜੀ ਅੱਛੀ ਗੱਲ ਕੀਤੀ ਹੈ। ਮੈਂ ਫਾਇਨਾਂਸ ਮਨਿਸਟਰ ਸਾਹਿਬ ਜੀ ਤੋਂ ਤੁਹਾਡੇ ਰਾਹੀਂ ਇਹ ਜਾਨਣਾ ਚਾਹੁੰਦਾ ਹਾਂ ਕਿ ਸਬ ਡਿਵੀਜ਼ਨ ਲੈਵਲ ਤੇ ਡੀ. ਐਸ. ਪੀ. ਦੀ ਪੋਸਟ ਹੈ ਉਥੇ ਡੀ. ਐਸ. ਪੀ. ਲਈ ਨਾ ਕੋਈ ਦਫਤਰ ਹੈ ਅਤੇ ਨਾ ਉਨ੍ਹਾਂ ਦੀ ਰਿਹਾਇਸ਼ ਲਈ ਕੋਈ ਮਕਾਨ ਹੈ। ਸਬ ਡਿਵੀਜ਼ਨ ਵਿੱਚ ਬਾਕੀ ਦੇ ਜਿੰਨੇ ਭੀ ਅਫ਼ਸਰ ਹਨ, ਉਨ੍ਹਾਂ ਕੋਲ ਮਕਾਨ ਵੀ ਰਹਿਣ ਲਈ ਹਨ ਅਤੇ ਉਨ੍ਹਾਂ ਕੋਲ ਦਫਤਰ ਵੀ ਹਨ। ਕੀ ਮਨਿਸਟਰ ਸਾਹਿਬ ਇਸ ਪਾਸੇ ਵਲ ਵੀ ਆਪਣਾ ਧਿਆਨ ਦੇਣਗੇ ਕਿ ਡੀ. ਐਸ. ਪੀ. ਨੂੰ ਵੀ ਇਹ ਸਹੂਲਤਾਂ ਹੋਣ ?

ਵਿੱਤ ਮੰਤਰੀ: ਸਪੀਕਰ ਸਾਹਿਬ, ਧੰਨੋਵਾਲੀਆ ਜੀ ਨੇ ਜੋ ਕਿਹਾ ਹੈ ਉਸ ਦੇ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬੜਾ ਚੰਗਾ ਕੀਤਾ ਹੈ ਕਿ ਇਨ੍ਹਾਂ ਨੇ ਮਕਾਨਾਂ ਬਾਰੇ ਬੜੀ ਚਿੰਤਾ ਪ੍ਰਗਟ ਕੀਤੀ ਹੈ ਪਰ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇੰਮਪਲਾਈਜ਼ ਨੂੰ ਹਾਊਸਿੰਗ ਔਰ ਹਾਊਸ ਰੈਂਟ ਔਰ ਲੋਨ ਦੇਣ ਦੀ ਸਕੀਮ ਸਾਈਮਲਟੇਨੀਅਸਲੀ ਚਲ ਰਹੀ ਹੈ। ਇਸ ਨੂੰ ਅਸੀਂ ਹੋਰ ਐਕਸਪੀਡਾਈਟ ਕਰ ਦੇਵਾਂਗੇ।

ਸਪੀਕਰ ਸਾਹਿਬ, ਚੌਕੀਦਾਰਾਂ ਨੂੰ 10 ਰੁਪਏ ਮਹੀਨਾ ਦੇਣ ਦਾ ਇਥੇ ਸਵਾਲ ਆਇਆ ਹੈ। ਸਪੀਕਰ ਸਾਹਿਬ, ਅਸੀਂ ਲੋਅ ਪੇਡ ਇਮਪਲਾਈਜ਼ ਸੈਕਸ਼ਨ ਜੋ ਹੈ ਉਸ ਦੇ ਨਾਲ ਬਹੁਤ ਹਮਦਰਦੀ ਰਖਦੇ ਹਾਂ। ਇਥੇ ਮੈਂ ਇਹ ਦਸਣਾ ਠੀਕ ਸਮਝਦਾ ਹਾਂ ਕਿ ਪੰਜਾਬ ਸਰਕਾਰ ਨੇ ਹੀ ਇਸ ਗੱਲ ਦਾ ਕ੍ਰੈਡਿਟ ਲਿਆ ਹੈ ਕਿ ਉਸ ਮੁਲਾਜ਼ਮ ਦੀ ਤਨਖਾਹ ਪਹਿਲਾਂ 60 ਰੁਪਏ ਹੁੰਦੀ ਸੀ ਔਰ ਉਹ ਵੀ ਪਤਾ ਨਹੀਂ ਸਾਲ-ਸਾਲ ਛੇ-ਛੇ ਮਹੀਨੇ ਬਾਅਦ ਮਿਲਦੀ ਸੀ। ਅਸੀਂ ਹੀ ਉਸਦੇ ਪੈਸੇ 60 ਰੁਪਏ ਤੋਂ 100 ਮਹੀਨਾ ਕੀਤੇ ਸੀ। (ਥੰਪਿੰਗ) ਜੋ ਕੁਝ ਸਰਦਾਰ ਦਿਲਬਾਗ ਸਿੰਘ ਜੀ ਨੇ ਕਿਹਾ ਹੈ, ਉਸ ਦੇ ਉਤੇ ਅਸੀਂ ਬੜੇ ਇਹਤਰਾਮ ਨਾਲ ਵਿਚਾਰ ਕਰਾਂਗੇ ਔਰ ਸੋਚ ਕੇ ਉਨ੍ਹਾਂ ਦੀ ਕੋਈ ਹੋਰ ਮੱਦਦ ਕਰ ਸਕਦੇ ਹੋਏ ਤਾਂ ਜ਼ਰੂਰ ਕਰਾਂਗੇ।

ਬਾਰਡਰ ਅਲਾਊਂਸ ਦੇ ਬਾਰੇ ਇਥੇ, ਸਪੀਕਰ ਸਾਹਿਬ, ਜ਼ਿਕਰ ਕੀਤਾ ਗਿਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਥੇ 25 ਹਜ਼ਾਰ ਤੋਂ ਵੱਧ ਆਬਾਦੀ ਹੋਵੇ, ਜਿਥੇ ਏਰੀਆ 16 ਕਿਲੋਮੀਟਰ ਤੋਂ ਜ਼ਿਆਦਾ ਹੋਵੇ ਉਥੇ ਅਲਾਊਂਸ ਦਿੰਦੇ ਹਾਂ। ਜਦੋਂ 16 ਕਿਲੋਮੀਟਰ ਤੋਂ ਜ਼ਿਆਦਾ ਹੋ ਕੇ ਅੰਮ੍ਰਿਤਸਰ ਇਸ ਵਿੱਚ ਸ਼ਾਮਲ ਹੋ ਜਾਵੇਗਾ, ਉਸ ਨੂੰ ਵੀ ਇਹ ਅਲਾਊਂਸ ਦਿਤਾ ਜਾਵੇਗਾ।

ਥੀਨ ਡੈਮ ਦਾ ਵੀ ਇਥੇ ਜ਼ਿਕਰ ਕੀਤਾ ਗਿਆ ਹੈ। ਇਸ ਦੇ ਬਾਰੇ ਸੈਂਟਰਲ ਗੌਰਮਿੰਟ ਨੂੰ ਐਪਰੋਚ ਕੀਤਾ ਹੈ, ਹੋਰ ਬਾਹਰਲੀਆਂ ਵਿੱਤੀ ਏਜੰਸੀਆਂ ਨੂੰ ਵੀ ਐਪਰੋਚ ਕੀਤਾ ਹੈ ਤਾਂ ਕਿ 6-7

ਸੌ ਕਰੋੜ ਰੁਪਿਆ ਸਾਨੂੰ ਮਿਲ ਸਕੇ ਔਰ ਸਾਨੂੰ ਵਿਸ਼ਵਾਸ ਹੈ ਕਿ ਸਾਨੂੰ ਇਤਨੇ ਰੁਪਏ ਦੀ ਮੱਦਦ ਹੋ ਸਕੇਗੀ।

ਡੀ. ਐਸ. ਪੀ. ਔਰ ਪੀ. ਸੀ. ਐਸ. ਦੇ ਗਰੇਡ ਬਰਾਬਰ ਕਰਨ ਲਈ ਮੈਂਬਰਜ਼ ਨੇ ਖੁਸ਼ੀ ਜ਼ਾਹਿਰ ਕੀਤੀ ਹੈ। ਹੋਰ ਵੀ ਅਗਰ ਉਨ੍ਹਾਂ ਦਾ ਕੋਈ ਇਸ ਤਰ੍ਹਾਂ ਦਾ ਕੇਸ ਹੋਵੇਗਾ ਤਾਂ ਵਿਚਾਰ ਕਰਾਂਗੇ।

ਕੰਮਪਨਸੇਟਰੀ ਅਲਾਉਂਸ ਦਾ ਜ਼ਿਕਰ ਮੈਂ ਪਹਿਲਾਂ ਹੀ, ਸਪੀਕਰ ਸਾਹਿਬ, ਕਰ ਚੁਕਿਆ ਹਾਂ।

ਕੁਰੱਪਸ਼ਨ ਦੇ ਬਾਰੇ ਮਾਨਯੋਗ ਮੈਂਬਰ ਸਾਹਿਬ ਨੇ ਜ਼ਿਕਰ ਕੀਤਾ ਹੈ। ਇਸ ਦੇ ਬਾਰੇ, ਸਪੀਕਰ ਸਾਹਿਬ, ਮੈਂ ਕਹਿਣਾ ਚਾਹਾਂਗਾ ਕਿ ਤਾਲੀ ਦੋਨੋਂ ਹੱਥਾਂ ਨਾਲ ਵਜਦੀ ਹੈ। ਕੁਰੱਪਸ਼ਨ ਲੈਣ ਵਾਲੇ ਨੂੰ ਅਤੇ ਕੁਰੱਪਸ਼ਨ ਵਿੱਚ ਪੈਸੇ ਦੇਣ ਵਾਲੇ ਨੂੰ ਵੀ ਜਦੋਂ ਤਕ ਦੋਨਾਂ ਨੂੰ ਹੱਥ ਨਾ ਪਾਇਆ ਜਾਵੇ ਇਹ ਕੁਰੱਪਸ਼ਨ ਦੀ ਬਿਮਾਰੀ ਖਤਮ ਨਹੀਂ ਹੋ ਸਕਦੀ। ਲੇਕਿਨ ਸਪੀਕਰ ਸਾਹਿਬ, ਮੈਂ ਇਹ ਜ਼ਰੂਰ ਦੱਸਣਾ ਚਾਹੁੰਦਾ ਹਾਂ ਕਿ ਕੁਰੱਪਸ਼ਨ ਦੇ ਲਈ ਪੰਜਾਬ ਦੀ ਸਰਕਾਰ ਬੜੀ ਸੈਨਸੇਟਿਵ ਹੈ ਅਤੇ ਉਸ ਦੀ ਕੋਸ਼ਿਸ਼ ਹੈ ਕਿ ਵੱਧ ਤੋਂ ਵੱਧ ਕੁਰੱਪਸ਼ਨ ਦੂਰ ਕੀਤੀ ਜਾਵੇ। ਜਿੰਨੇ ਕੇਸਿਜ਼ ਵਿੱਚ ਇਸ ਸਰਕਾਰ ਦੇ ਵੇਲੇ ਯੋਗ ਕਾਰਵਾਈ ਹੋਈ ਹੈ ਕੇਸ ਪਕੜੇ ਤੇ ਉਨ੍ਹਾਂ ਦੇ ਖਿਲਾਫ ਇਤਨੇ ਕਦੇ ਇਸ ਤੋਂ ਪਹਿਲਾਂ ਨਹੀਂ ਹੋਏ ਅਤੇ ਕੁਰੱਪਸ਼ਨ ਦੂਰ ਕਰਨ ਵਿਚ ਜਿਤਨਾ ਇਸ ਸਰਕਾਰ ਨੇ ਆਪਣਾ ਧਿਆਨ ਦਿਤਾ ਹੈ ਇਸ ਤੋਂ ਵੱਧ ਧਿਆਨ ਅੱਜ ਤੋਂ ਪਹਿਲਾਂ ਕਿਸੇ ਸਰਕਾਰ ਨੇ ਨਹੀਂ ਦਿਤਾ। ਜਿਹੜੇ ਮੈਂਬਰ ਸਾਹਿਬਾਨ ਨੇ ਆਪਣੀ ਬਜਟ ਸਪੀਚ ਵਿਚ ਕੁਰੱਪਸ਼ਨ ਦਾ ਜ਼ਿਕਰ ਕੀਤਾ ਹੈ ਅਤੇ ਐਲੀਗੇਸ਼ਨਜ਼ ਲਗਾਏ ਹਨ, ਉਹ ਅਸੀਂ ਦੇਖਾਂਗੇ ਅਤੇ ਉਨ੍ਹਾਂ ਦੀ ਬਕਾਇਦਾ ਇਨਕੁਆਇਰੀ ਕਰਾਂਗੇ।

ਵਾਟਰ ਚਾਰਜਿਜ਼ ਔਰ ਸੀਵਰੇਜ ਚਾਰਜਿਜ਼ ਦੇ ਰੇਟਾਂ ਬਾਰੇ ਜ਼ਿਕਰ ਕੀਤਾ ਗਿਆ ਹੈ। ਇਸ ਤੇ ਵੀ ਸ਼ਹਿਰਾਂ ਵਿਚ ਵਸਣ ਵਾਲੇ ਗਰੀਬ ਲੋਕਾਂ ਨੂੰ ਰਿਆਇਤ ਦਿਤੀ ਗਈ ਹੈ ਤੇ ਹੋਰ ਰਿਆਇਤ ਦੇਣ ਤੇ ਵੀ ਵਿਚਾਰ ਕਰਾਂਗੇ।

ਰੀਹੈਬਲੀਟੇਸ਼ਨ ਦੇ ਬਾਰੇ ਜੋ ਜ਼ਿਕਰ ਆਇਆ ਹੈ ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਜ਼ਮੀਨਾਂ ਸ਼ਡਿਊਲਡ ਕਾਸਟਸ ਨੂੰ, ਹਰੀਜਨਾਂ ਨੂੰ ਰਿਜ਼ਰਵ ਪ੍ਰਾਈਸ ਤੇ ਦੇ ਰਹੇ ਹਾਂ। ਉਜਾੜਨ ਦੀ ਪਾਲਿਸੀ ਬਿਲਕੁਲ ਨਹੀਂ ਹੈ। ਜ਼ਿਹੜੀ ਜ਼ਮੀਨ ਖਾਲੀ ਹੈ ਉਸ ਨੂੰ ਵੇਚਣ ਲਈ ਉਨ੍ਹਾਂ ਨੂੰ ਪ੍ਰਾਇਰਿਟੀ ਦੇ ਰਹੇ ਹਾਂ।

Mr. Speaker : The House stands adjourned till 2.00 P.M. on Monday, the 21st March, 1983.

*2.05 P.M. *(The Sabha then adjourned* till 2.00 P.M. on Monday, the 21st March, 1983)*

12364/PVS—Govt. Press, Chd.

Published under the authority of the Punjab Vidhan Sabha and printed by the Controller, Printing and Stationery Department, U.T., Chandigarh.